1.

॥ਦੋਹਿਰਾ॥

ਸੁਣੋਂ ਸ਼ੁਕੀਨੋਂ, ਸ਼ੌਂਕ ਸੇ, ਪੈਣਾ ਨਹੀਂ ਫ਼ਸਾਦ ।
ਹਰ ਗੁਣ ਮੇਂ ਮਿਲਤਾ ਨਹੀਂ, ਸ਼ੈਰੀ ਜੈਸਾ ਸੁਆਦ ।

ਕਬਿੱਤ-੧

ਫੁੱਲ ਨਾ ਗੁਲਾਬ ਜੈਸਾ, ਹੌਂਸਲਾ ਸ਼ਰਾਬ ਜੈਸਾ,
ਚਾਨਣ ਮਤਾਬ ਜੈਸਾ, ਹੁੰਦਾ ਮਨ ਮੋਹਣਾ ਨ੍ਹੀਂ ।
ਸ਼ੈਹਰ ਨਾ ਭੰਬੋਰ ਜੈਸਾ, ਗਲਾ ਸੋਹਣਾ ਮੋਰ ਜੈਸਾ,
ਹਾਰ ਜਾਨੀ ਚੋਰ ਜੈਸਾ ਕਿਸੇ ਨੇ ਪਰੋਣਾ ਨ੍ਹੀਂ ।
ਹੁਨਰ ਬੰਗਾਲ ਜੈਸਾ, ਰੂਪ ਝੰਗ ਸਿਆਲ ਜੈਸਾ,
ਕੂੜਾ ਮਹੀਂਵਾਲ ਜੈਸਾ, ਜਣੇ-ਖਣੇ ਢੋਣਾ ਨ੍ਹੀਂ ।
ਸੂਰਮਾਂ ਨਾ ਸ਼ੇਰ ਜੇਹਾ, ਭੰਡਾਰੀ ਨਾ ਕੁਬੇਰ ਜੇਹਾ,
ਭਗਤ ਸਿਓਂ ਦਲੇਰ ਜੇਹਾ, ਦਲੇਰ ਪੈਦਾ ਹੋਣਾ ਨ੍ਹੀਂ ।

ਧੁੱਪ ਮੁਲਤਾਨ ਜਿੰਨੀ, ਆਕੜ ਸ਼ੈਤਾਨ ਜਿੰਨੀ,
ਸ਼ਾਹੀ ਸੁਲੇਮਾਨ ਜਿੰਨੀ, ਯੂਸਫ਼ ਜਿੰਨਾ ਸੋਹਣਾ ਨ੍ਹੀਂ ।
ਬਾਲੀ ਜਿੰਨਾ ਜਬਰ ਨ੍ਹੀਂ, ਲੰਕੇਸ਼ ਜਿੰਨਾ ਟੱਬਰ ਨ੍ਹੀਂ,
ਅਯੂਬ ਜਿੰਨਾ ਸਬਰ ਨ੍ਹੀਂ, ਯਕੂਬ ਜਿੰਨਾ ਰੋਣਾ ਨ੍ਹੀਂ ।
ਹੱਕ ਮਿੱਠਾ ਸਿੱਕ ਤੋਂ, ਬਿਮਾਰੀ ਬੁਰੀ ਦਿੱਕ ਤੋਂ,
ਬਣੀਂਦਾ ਹਰ ਇੱਕ ਤੋਂ, ਨਿਸ਼ਾਨਚੀ ਦਰੋਣਾ ਨ੍ਹੀਂ ।
ਸੂਰਮਾਂ ਨ੍ਹੀਂ ਸ਼ੇਰ ਜੇਹਾ, ਭੰਡਾਰੀ ਨ੍ਹੀਂ ਕੁਬੇਰ ਜੇਹਾ,
ਤੇ ਭਗਤ ਸਿਓਂ ਦਲੇਰ ਜੇਹਾ, ਦਲੇਰ ਪੈਦਾ ਹੋਣਾ ਨ੍ਹੀਂ ।

ਪਿਆਰ ਭਾਈ ਭੈਣ ਜੈਸਾ, ਵੈਦ ਨੀ ਸੁਖੈਨ ਜੈਸਾ,
ਸੰਦੇਸ਼ਣਾਂ ਦੀ ਨੈਣ ਜੈਸਾ, ਕਿਸੇ ਸੀਸ ਧੋਣਾ ਨ੍ਹੀਂ ।
ਚੰਗਾ ਦਿਨ ਈਦ ਜੈਸਾ, ਫੱਕਰ ਫ਼ਰੀਦ ਜੈਸਾ,
ਗੰਗੂ ਤੇ ਵਜੀਦ ਜੈਸਾ, ਮਾੜਾ ਬੀਜ ਬੋਣਾ ਨ੍ਹੀਂ ।
ਅਜੇ ਜੈਸਾ ਕਾਠ, ਰਾਜਾ ਗਿਆਨੀ ਨੀ ਵਰਾਟ ਜੈਸਾ,
ਮਾਲ ਦੁੱਲੇ ਰਾਠ ਜੈਸਾ, ਕਿਸੇ ਨੇ ਲਕੋਣਾ ਨ੍ਹੀਂ ।
ਸੂਰਮਾਂ ਨ੍ਹੀਂ ਸ਼ੇਰ ਜੇਹਾ, ਭੰਡਾਰੀ ਨ੍ਹੀਂ ਕੁਬੇਰ ਜੇਹਾ,

ਤੇ ਭਗਤ ਸਿਓਂ ਦਲੇਰ ਜੇਹਾ, ਦਲੇਰ ਪੈਦਾ ਹੋਣਾ ਨ੍ਹੀਂ ।

ਜੰਗ ਕੁਰਸ਼ੇਤਰ ਜੈਸਾ, ਨਾਗ ਨੀ ਜਮੇਤਰ ਜੈਸਾ,
ਰੇਸ਼ਮ ਚੀਨੇਂ ਬੇਹਤਰ ਜੈਸਾ, ਬਰਮਾਂ ਜੈਸਾ ਸਨਕੋਨਾਂ ਨ੍ਹੀਂ ।
ਤਿੱਖਾ ਬੋਲ ਬਿੰਡੇ ਜੈਸਾ, ਸੁਆਦ ਹੈ ਨੀ ਚਰਿੰਡੇ ਜੈਸਾ,
ਟੇਸ਼ਣ ਬਠਿੰਡੇ ਜੈਸਾ, ਮਿਲਦਾ ਖੜੋਨਾ ਨ੍ਹੀਂ ।
ਕਿਲ੍ਹਾ ਨਾ ਚਤੌੜ ਜੈਸਾ, ਕੈਲ ਨਾ ਭਦੌੜ ਜੈਸਾ,
ਡਾਕੂ ਜਿਓਣੇ ਮੌੜ ਜੈਸਾ, ਕਿਸੇ ਦੇਸ ਹੋਣਾ ਨ੍ਹੀਂ ।
ਸੂਰਮਾਂ ਨਾ ਸ਼ੇਰ ਜੇਹਾ, ਭੰਡਾਰੀ ਨਾ ਕੁਬੇਰ ਜੇਹਾ,
ਭਗਤ ਸਿਓਂ ਦਲੇਰ ਜੇਹਾ, ਦਲੇਰ ਪੈਦਾ ਹੋਣਾ ਨ੍ਹੀਂ ।

2. ਤਰੀਖ਼ੇ-ਹਿੰਦ

॥ਦੋਹਿਰਾ॥

ਸਿਰਜਨਹਾਰ ਕਹਾਰ ਤੋਂ, ਹਰ ਵੇਲੇ ਦਿਲ ਡਰੇ ।
ਢਾ ਕੇ, ਕਿਤੇ ਉਸਾਰਦਾ, ਜਿਉਂ ਚਿੱਤ ਕਰਦਾ ਕਰੇ ।

ਛੰਦ-੨

ਸੁਣੋਂ ਤਾਰੀਖ਼ ਪੁਰਾਣੀਆਂ ਗੱਲਾਂ, ਛਹਿਬਰ ਲਾ 'ਤੀ ਸੰਘਣਿਆਂ ਝੱਲਾਂ,
ਕੂੰਗਰੂ, ਹਾਥੀ, ਰਿਛਨੀ, ਗੈਂਡੇ, ਮਾਰਨ ਤੜ੍ਹਾਂ, ਨਬੇੜਨ ਪੈਂਡੇ,
ਨਾ ਸੀ ਅੰਤ ਦਰਿੰਦਿਆਂ ਦਾ ।
ਕੂਕਣ ਮੋਰ ਪਪੀਹੇ, ਪੈਂਦਾ ਸ਼ੋਰ ਪਰਿੰਦਿਆਂ ਦਾ ।

ਬੱਦਲੀ ਵਾਂਗੂੰ ਗੱਜਕੇ ਦੈਂਤਾਂ, ਜਿੰਨ 'ਜ੍ਹਿ ਫਿਰਨ ਲਗੌਂਦੇ ਬੈਂਤਾਂ,
ਇੱਕ ਇੱਕ ਗਜ਼ ਤੇ ਫਿਰਨ ਸਰਾਲਾਂ, ਤੇ ਸੰਸਾਰ ਲਗਾਉਂਦੇ ਛਾਲਾਂ,
ਮੇਘ ਹਮੇਸ਼ਾ ਵਰ੍ਹਦਾ ਹੈ ।
ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ ।

'ਸੁੰਭ ਨਿਸੁੰਭ' ਭਰਾ ਦੋ ਰਾਕਸ਼, ਖਾਂਦੇ ਗਿੱਦੜ, ਬਿੱਲੀਆਂ, ਫ਼ਾਕਸ,

ਮਦਰਾ ਰਖਦੇ ਦਿਨ ਰਾਤ ਝੋਈ, ਫਿਰਗੀ ਚਾਰ-ਚੁਫ਼ੇਰੇ ਧਰੋਈ,
ਨਹਿਰ ਚਲਾਤੀ ਪਾਪਾਂ ਦੀ ।
ਚਾਰ ਚੁਫੇਰੇ ਖਿੰਡ ਗਈ ਜ਼ਹਿਰ, ਜਰ੍ਹੀਲਿਆਂ ਸਾਂਪਾਂ ਦੀ ।

ਆ ਗਈ ਆਰੀਆ ਕੌਮ ਹਮਾਰੀ, ਕਾਲੀ ਸ਼ੀਂਹ ਤੇ ਕਰ ਅਸਵਾਰੀ,
ਲਾ ਤਿਰਸ਼ੂਲ ਉਡਾਈਆਂ ਧੌਣਾਂ, ਪਾਪੀ ਬੁਰਜ ਉਸਾਰਿਆ ਢੌਣਾਂ,
ਮਾਰ ਉਡਾ 'ਤਾ ਗਰਦਾ ਹੈ ।
ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ ।

ਰਾਜਾ ਰੌਣ ਸੁਨਹਿਰੀ ਲੰਕਾ, ਵਜਦਾ ਕੁੱਲ ਦੁਨੀਆਂ ਵਿੱਚ ਡੰਕਾ,
ਸੀਤਾ ਚਕ ਲਈ ਕਰ ਗਿਆ ਗ਼ਲਤੀ, ਰੱਬ ਨੇ ਕਾਲਸ ਮੂੰਹ ਪਰ ਮਲਤੀ,
ਕਰ 'ਤਾ ਨਾਸ ਹੰਕਾਰੀ ਦਾ ।
ਰਾਮ ਸਮੁੰਦਰ ਟੱਪ ਗਿਆ, ਦਰ ਪਰ ਖੜ੍ਹ ਲਲਕਾਰੀ ਦਾ ।

ਕੁੰਭ ਮੇਘ ਮਰੇ ਨਾ ਰਹੀ ਪੁਜੀਸ਼ਨ, ਮੁੜਦੇ ਤਖਤ ਬਹਾਲ
ਭਵੀਸ਼ਨ,
ਸੀਤਾ ਰਾਮ ਚੰਦਰ ਤੇ ਲੱਖਣ, ਆਉਣ ਅਯੁੱਧਿਆ ਛੱਡ ਕੇ ਦੱਖਣ,
ਲੈਣ ਸੰਭਾਲਾ ਘਰ ਦਾ ਹੈ ।
ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ
।

ਸੁਕਨੀ, ਕਰਨ, ਦੁਸਾਸ਼ਨ ਕੈਰੋਂ, ਕਢ 'ਤੇ ਪਾਂਚ ਚਚੇਰੇ ਸ਼ਹਿਰੋਂ,
ਬਹੁਤੀ ਕਰੇ ਦੁਸਾਸ਼ਨ ਆਕੜ, ਖਿੱਚ-ਖਿੱਚ ਬਾਹਾਂ ਲਾਹ 'ਤੀ
ਫਾਕੜ,
ਭੰਨਤੇ ਪੱਟ ਦੁਰਯੋਧਨ ਦੇ ।
ਰਾਣੀ ਪਾਸ ਬਿਠਾਈ ਪਾਂਡਵ ਬਿਗੜੇ ਓਦਣ ਦੇ ।

ਤੇਰਾਂ ਬਰਸ ਗੁਜ਼ਾਰੇ ਬਿਹਤਰ, ਤੇ ਜੰਗ ਕਰਦੇ ਆ ਕੁਰਛੇਤਰ,
ਹਾਥੀ ਮਾਰ 'ਸਮਾਨੀਂ ਚਾੜ੍ਹੇ, ਦੁਸ਼ਮਨ ਮਾਰ ਜਬਾੜੇ ਪਾੜੇ,
ਉਸਦਾ ਤਾਂ ਦਿਲ ਠਰਦਾ ਹੈ ।
ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ

।

ਕਰਿਆ ਆਣ ਪਠਾਣਾਂ ਹਮਲਾ, ਖੋਹ ਲਿਆ ਭਾਰਤ ਫੁੱਲ ਦਾ ਗਮਲਾ ।
ਦੁਸ਼ਮਨ ਸੱਦਦਾ ਜੈ ਚੰਦ ਚੌਰਾ, ਅੱਗੋਂ ਲੈਂਦਾ ਰੋਕ ਪਿਥੌਰਾ ।
ਵਧਕੇ ਸ਼ਹਿਰ ਥਨੇਸਰ ਜੀ ।
ਸਤੀ ਸੰਜੋਗਤ ਹੋ ਗਈ, ਨੱਕ ਦੀ ਲਾਹ ਕੇ ਵੇਸਰ ਜੀ ।

ਦੁਸ਼ਮਨ ਬਣ ਗਿਆ ਧੀ ਦਾ ਬਾਬਲ, ਖ਼ੁਸ਼ੀ ਮਨਾ ਕੇ ਵੜਦੇ ਕਾਬਲ ।
ਰਣ ਵਿੱਚ ਹਰ ਗਈ ਕਿਸਮਤ ਸੌਰੀ, ਹਰ ਗਿਆ ਪਿਰਥੀ, ਜਿੱਤ ਗਿਆ ਗ਼ੋਰੀ,
ਤਿੰਨ ਦਿਨ ਉੱਡਦਾ ਜ਼ਰਦਾ ਹੈ ।
ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ ।

ਜਿੰਦਾਂ ਰਾਣੀ ਪੁਸ਼ਪ ਗੁਲਾਬੀ, ਵਿਛੜਿਆ ਰਾਜਾ ਸ਼ੇਰ ਪੰਜਾਬੀ ।

ਅੱਧੀ ਰਾਤ ਨਦੀ ਵਿੱਚ ਤਰਦੀ, ਠੁਰ-ਠੁਰ ਕਰਦੀ, ਭਿਜ ਗਈ ਬਰਦੀ ।

'ਰਜਬ ਅਲੀ' ਪਾ ਗਿਆ ਬੰਧਨ ਨੂੰ ।

ਕੰਵਰ ਦਲੀਪ ਨਿਆਣਾਂ ਫੜ ਕੇ ਲੈ ਗਏ ਲੰਦਨ ਨੂੰ ।

ਫੇਰੂ ਸ਼ਹਿਰ ਵਿਖਾ ਕੇ ਸਾਕੇ, ਮੁੱਦਕੀ ਅੰਗਰੇਜ਼ਾਂ ਨੂੰ ਢਾਹ ਕੇ ।

ਲੜਕੇ ਖਪੀਆਂ ਬਾਰਾਂ ਮਿਸਲਾਂ, ਗੋਰੇ ਫਿਰਨ ਵਜੌਂਦੇ ਵਿਸਲਾਂ ।

ਰੱਤ ਨਾਲ ਛੱਪੜ ਭਰਦਾ ਹੈ ।

ਕਿਧਰੇ ਢਾਉਂਦਾ, ਕਿਤੇ ਉਸਾਰੇ, ਜਿਉਂ ਚਿੱਤ ਕਰਦਾ, ਕਰਦਾ ਹੈ ।

3. ਤਬਕ ਗ਼ੁਲਾਮੀ ਦੇ

॥ਢਾਈਆ ਛੰਦ॥-੩

ਪੰਜਾਂ ਦਰਿਆਵਾਂ ਦੇ ਰਹਿਣ ਵਾਲਿਉ, ਬਘਿਆੜੀਆਂ ਨੂੰ ਜਰਮਿਉਂ !

ਬਾਂਸਾਂ ਵਾਂਗੂੰ ਆਪ 'ਚ ਖਹਿਣ ਵਾਲਿਉ, ਸੁਣੋਂ ਜਵਾਨੋ ਭਰਮਿਉਂ !

ਕੀਤੇ ਕੰਮ ਵਰਿਆਮੀ ਦੇ । ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਕਹਿਣਾ ਸਿੱਖਾਂ ਹਿੰਦੂਆਂ, ਮੁਸਲਮਾਨਾਂ ਨੂੰ, ਸਪੁੱਤਰ ਇੱਕ ਮਾਂ ਦਿਉ ।
ਬੁਰਜ ਉਸਾਰੇ ਜਿਹੜੇ ਦੇ ਕੇ ਜਾਨਾਂ ਨੂੰ, ਗਿਰਨ ਹੇਠਾਂ ਬਾਂਹ ਦਿਉ ।
ਲੰਮੀ ਫ਼ਰਿਆਦ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

ਵੱਢ ਕੇ ਅੰਗੂਰ ਵਾੜ ਕਰੋ ਤੁੰਮਿਆਂ ਨੂੰ, ਉਦਾਲੇ ਕੋੜਿਆਂ ਪੇਡਾਂ ਦੇ ।
ਚੁੰਘ ਕੇ ਨਲੈਕੋ ਸ਼ੀਹਣੀਆਂ ਦੇ ਮੁੰਮਿਆਂ ਨੂੰ, ਚਰੋਂ ਕਿਉਂ ਨਾਲ ਭੇਡਾਂ ਦੇ ?
ਦੋਸ਼ ਬਦਨਾਮੀ ਦੇ ।ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਮੁੰਡਿਉ ਵੱਢ-ਖਾਣਿਉਂ, ਦਲੇਰੋ ਬਾਹਲਿਉ, ਪਿੰਡਾਂ ਦੇ ਵਿੱਚ ਦੜਕਿਉ ।

ਆਪਸ ਵਿੱਚ ਲੜ ਨਾ ਸਰੀਰ ਗਾਲਿਉ, ਸੁਣੋਂ ਬੁਰਿਆਰੋ ਲੜਕਿਉ ।
ਕਰੋਂ ਫ਼ਸਾਦ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

ਥੋਡਾ ਧਨ ਲੁਟਕੇ ਬਣਾਲੇ ਬੰਗਲੇ, ਵਲਾਇਤ ਵਾਲੇ ਗੋਰਿਆਂ ਨੇ ।
ਭਾਰਤ ਦੇ ਲੋਕ ਸਾਰੇ ਹੋ ਗਏ ਕੰਗਲੇ, ਸੁਕਾ 'ਤੇ ਚੰਮ ਝੋਰਿਆਂ ਨੇ ।
ਅਹੇ ਜ੍ਹੀ ਖਰੀ ਸਾਮੀ ਦੇ ।ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਸਾਨੂੰ ਬਾਜਰਾ, ਪਲਾ ਚਟਣ ਪਿਆਜਾਂ ਤੇ, ਕੀ ਤਕਦੀਰਾਂ ਖੋਟੀਆਂ ।
ਲੈਗੇ ਕਣਕ ਕਰਾਚੀਉਂ ਜਹਾਜ਼ਾਂ ਤੇ, ਬਣੇਂਦੇ ਡਬਲ ਰੋਟੀਆਂ ।
ਹੈ ਉਸਤਾਦ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

ਤਿੰਨੇਂ ਕੌਮਾਂ ਬਹਿ ਨਬੇੜ ਲੋ ਪੰਚੈਤ ਮੇਂ, ਜ਼ਿਦ ਬੁਰੀ ਹਮੇਸ਼ ਦੀ ।
ਜਿੰਨੇਂ ਕਾਰਖ਼ਾਨੇ ਚਲਦੇ ਵਲੈਤ ਮੇਂ, ਕਪਾਸ ਸਾਡੇ ਦੇਸ਼ ਦੀ ।

ਹੱਸਣ ਲਾਹਮੀ ਛਾਹਮੀ ਦੇ ।ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਫੁੱਟ ਨੇ ਬਣਾ 'ਤੇ ਪਾੜ ਵਾਂਗ ਫੁੱਟ ਦੇ, ਅਜੇ ਤਿਆਗੀ ਫੁੱਟ ਨਾ ।
ਬੇ-ਨਸੀਬੋ ਸ਼ੀਹਾਂ ਨੂੰ ਗਿੱਦੜ ਕੁੱਟਦੇ, ਜੁੱਟੋ ਭਰੀ ਗਈ ਘੁੱਟ ਨਾ ।
ਹੋਏ ਬਰਬਾਦ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

ਭਾਰਤ ਵਰਸ਼ ਇਤਫ਼ਾਕ ਤੇਗ਼ ਲਿਆ, ਘਰੋਂ ਦਬੱਲੋ ਵਾਂਢਿਆਂ ਨੂੰ ।
ਯੁੱਧ 'ਚ ਜਰਮਨੀ ਜਪਾਨ ਡੇਗ ਲਿਆ, ਉਡਾਤਾ ਪਰਚਾਂਡਿਆਂ ਨੂੰ ।
ਕਰੋ ਨਾ ਕੰਮ ਖ਼ਾਮੀ ਦੇ ।ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਕਰਕੇ ਅਟੈਕ ਸੂਰਮਿਆਂ ਪੰਜਾਬੀਆਂ, ਜੀ ਗੜ੍ਹ ਤਬਰੂਕ ਤੇ ।
ਇਟਲੀ ਦੇ ਮੂੰਹਾਂ ਤੋਂ ਉਡਾਈਆਂ ਆਬੀਆਂ, ਬੁੱਢੀ ਮੂੰਹੇਂ ਜ੍ਹੇ ਫੂਕ ਤੇ ।
ਰੱਖਣ ਯਾਦ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

ਬਣੋਂ ਮੱਝਾਂ ਚੁੰਘਣਿਓਂ ਸ਼ਗਿਰਦ 'ਗਾਮੇ' ਦੇ, ਮੱਲੋ ਖ਼ੁਰਾਕਾਂ ਖਾਣਿਉਂ ।
'ਬਾਬੂ' ਨਾਂ ਕਢਾ ਦਿਉ, ਦੁਨੀਆਂ ਉਲਾਮੇ ਦੇ, ਵੀਰਨੋ ਸਿਆਣਿਉਂ ।
ਪਿਤਾ ਤੇ ਮਾਮੇ ਮਾਮੀ ਦੇ ।ਲਾਹ ਦਿਉ ਗਲਾਂ 'ਚੋਂ ਤਬਕ ਗ਼ੁਲਾਮੀ ਦੇ ।

ਬੈਠਕਾਂ ਕੱਢਣਿਉਂ ਡੰਡਾਂ ਨੂੰ ਪੇਲਣਿਉਂ, ਹੈ ਸੌ ਬਰਸ ਗੁਜ਼ਰੇ ।
ਬੰਨ੍ਹਕੇ ਤੇ ਢਾਣੀਆਂ ਕਬੱਡੀ ਖੇਲ੍ਹਣਿਉਂ, ਕਦੇ ਵਖਾ ਦਿਉ ਮੁਜਰੇ ।
ਦੇਹਾਂ ਨੂੰ ਸਾਧ ਗੱਭਰੂਉ ।ਕਰਲੋ ਵਤਨ ਨੂੰ ਆਜ਼ਾਦ ਗੱਭਰੂਉ ।

4. ਮੇਰੀ ਪ੍ਰਨਾਮ

॥ਦੋਹਿਰਾ॥

ਸੂਰਾ ਸੋ ਪਹਿਚਾਨੀਏਂ, ਜੋ ਲਰੇ ਦੀਨ ਕੇ ਹੇਤ ।
ਪੁਰਜ਼ਾ-ਪੁਰਜ਼ਾ ਕੱਟ ਮਰੇ, ਕਬਹੂੰ ਨਾ ਛਾਡੇ ਖੇਤ ।

ਡਿਓਢਾ ਛੰਦ-੪

ਇਕ ਭਾਅ ਨਾ ਮੰਗੋ ਕਸਤੂਰੀ ਹਿੰਗ ਨੂੰ, ਸੋਰਨ ਮੁਲ੍ਹੰਮੇ ਨੂੰ ।
ਮੇਰੀ ਪ੍ਰਨਾਮ ਸੌ ਭਗਤ ਸਿੰਘ ਨੂੰ, ਸੌ ਸ਼ਾਬਾਸ਼ ਜੰਮੇ ਨੂੰ ।
ਐਸਾ ਨਾ ਕਿਸੇ ਤੋਂ ਪੂਤਲਾ ਖਰਾਦੀ ਦਾ, ਨਜ਼ਰ ਲੱਗੇ ਫ਼ੇਸ ਨੂੰ ।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ ।

ਇਕ ਸਦੀ ਰਾਜ ਕਰਦਿਆਂ ਨੂੰ ਲੰਘੀ ਸੀ, ਹੋ ਖ਼ਤਮ ਤੇਜ ਗਏ ।
ਹੱਥਾਂ ਦੀਆਂ ਪੈਹਣ ਲੱਗ ਗਏ ਫ਼ਰੰਗੀ ਸੀ, ਹੋ ਅੰਗਰੇਜ਼ ਤੇਜ ਗਏ ।
ਹੋ ਗਿਆ ਜੁਆਨ ਸੂਰਮਾਂ ਦਲੇਰ ਦਾਦੀ ਦਾ, ਉੱਘਾ ਕਰੂਗਾ ਰੇਸ ਨੂੰ ।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ ।

ਨਿਕਲ ਸਮੁੰਦਰੋਂ ਚਿੰਬੜ ਭੂਤ ਗਏ, ਭੂਤਨੇ ਵਲੈਤ ਦੇ ।
ਸੋਨੇ ਦੀ ਚਿੜੀ ਨੂੰ ਨਿਗਲ ਸਬੂਤ ਗਏ, ਜ਼ਾਲਮ ਨਹੈਤ ਦੇ ।
ਜਾਗਿਆ ਜਣਾਂ ਸਿੰਧ ਦਰਿਆ ਦੀ ਵਾਦੀ ਦਾ, ਪਾਦੂਗਾ ਕਲੇਸ਼ ਨੂੰ
।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਪੈਰਾਂ 'ਚ ਗ਼ੁਲਾਮੀ ਦੇ ਜ਼ੰਜੀਰ ਪਾ ਦਿੱਤੇ, ਖੁਲ੍ਹੇ ਰਹਿਣ ਸ਼ੇਰ ਨਾ ।
ਫ਼ੁੱਲੇ ਬਾਗ਼ ਸੀ ਅਜ਼ਾਦੀ ਦੇ ਜਲਾ ਦਿੱਤੇ, ਜੀ ਹਰੇ ਹੋਣ ਫੇਰ ਨਾ ।
ਬੁਰਾ ਹਾਲ ਕੀਤਾ ਦੇਸ਼ ਦੀ ਅਬਾਦੀ ਦਾ, ਕੱਢਣਾ ਮਲੇਸ਼ ਨੂੰ ।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਕਾਲਜ ਮੇਂ ਪੜ੍ਹਿਆ ਸੀ ਪਲ੍ਹੇਰ ਗੇਮਾਂ ਦਾ, ਬੜਾ ਮਸ਼ਹੂਰ ਸ਼ਹਿਰ
'ਚੈ ।
ਦਿਲੋਂ ਲਾ ਕੇ ਵੈਰੀ ਅੰਗਰੇਜ਼ ਮੇਮਾਂ ਦਾ, ਰਹੇ ਭਰਿਆ ਵਿਆ

ਜ਼ੈਹਰ 'ਚੈ ।
ਕਿਹੜਾ ਵਾਰ ਰੋਕੇ ਗੱਭਰੂ ਫ਼ਸਾਦੀ ਦਾ, ਚੜ੍ਹਿਆ ਵਟਾ ਕੇ ਭੇਸ ਨੂੰ
।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਜਿਹੜਾ ਸੀ ਲਾਹੌਰ ਸੁਪਰਡੰਟ ਪੁਲਸ ਦਾ, ਚੜ੍ਹਿਆ ਹੰਕਾਰੀ
ਘੋੜੇ ਤੇ ।
ਗੋਲੀ ਮਾਰ ਜੁਆਨ ਪਾਪੀ ਨੂੰ ਝੁਲਸਦਾ, ਚਿੜਿੰਗ ਗੋਰ ਮੋੜ੍ਹੇ ਤੇ ।
ਚੱਲ ਗਿਆ ਦੋਗਾੜਾ ਸਰਦਾਰ ਆਦੀ ਦਾ, ਜੀ ਫੂਕਤਾ ਮਲੇਸ਼ ਨੂੰ
।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਇਕ ਸਿਰਿਓਂ ਅੱਗ ਲੱਗ ਗਈ ਪੰਜਾਬ ਨੂੰ, ਰੱਜਤਾਂ ਤੇ ਜ਼ੋਰ ਪਏ ।
ਪਹੁੰਚ ਗਈ ਖ਼ਬਰ ਵਾਇਸਰਾਏ ਸਾਹਿਬ ਨੂੰ, ਛਾਉਣੀਆਂ 'ਚ
ਸ਼ੋਰ ਪਏ ।

ਕਿਸੇ ਵਜ੍ਹਾ ਹੋ ਜੇ ਖ਼ਾਤਮਾ ਉਮਾਸੀ ਦਾ, ਘਲਿਆ ਵਲੈਤ ਕੇਸ ਨੂੰ
।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਲਾਲ ਸਾਲੂ ਮਾਵਾਂ ਨੇ ਲਹੂ 'ਚ ਰੰਗਣੇ, ਸੀ ਮਰ੍ਹੈਲੀ ਖਾੜਿਆਂ ਦੇ ।
ਹੱਥਕੜੀ ਹੱਥਾਂ 'ਚ ਸੁਹੰਦੇ ਕੰਗਣੇ, ਭਗਤ ਦੱਤ ਲਾੜਿਆਂ ਦੇ ।
ਦੇਤਾ ਸੋਹਰੀ ਮੌਤ ਨੂੰ ਪੈਗ਼ਾਮ ਸ਼ਾਦੀ ਦਾ, ਹਟਣ ਵਿਆਹ ਕੇ ਏਸ
ਨੂੰ ।
ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ
।

ਗਿੱਦੜਾਂ ਕਰੋੜਾਂ ਨਾਲੋਂ ਅੱਛਾ ਹੋਵੇ ਜੀ, 'ਬਾਬੂ' ਇਕ ਸ਼ੀਂਹ
ਜਣਿਆਂ ।
ਠੰਡੀ ਛਾਂ ਪੱਤਾਂ 'ਚੋਂ ਅੰਮ੍ਰਿਤ ਚੋਵੇ ਜੀ, ਧਰਮ ਸ਼ਰੀਂਹ ਬਣਿਆਂ ।
ਫੁੱਲਾਂ ਨਾਲ ਭਰਿਆ ਛੱਤਣ ਸਮਾਧੀ ਦਾ, ਸਜਾ ਦਿੱਤਾ ਪਲੇਸ ਨੂੰ
।

ਸੀ ਭਗਤ ਸਿੰਘ ਆਸ਼ਕ ਅਜ਼ਾਦੀ ਦਾ, ਕਰਿਆ ਅਜ਼ਾਦ ਦੇਸ ਨੂੰ

।

5. ਕਰੇ ਲਾਲਾ ਜੀ ਸ਼ਹੀਦ

॥ਦੋਹਿਰਾ॥

ਬੁਰੀ ਨੀਤ ਅੰਗਰੇਜ਼ ਦੀ, ਪੈਂਦਾ ਗਲੇ ਜ਼ੰਜੀਰ ।
ਤਿੰਨ ਕੌਮਾਂ ਨੂੰ ਪਾੜ ਕੇ, ਕਰਤਾ ਲੀਰੋ-ਲੀਰ ।

ਤਰਜ਼-੫

ਗੋਰੇ ਲੁਟ ਕੇ ਖ਼ਜ਼ਾਨੇ ਲੈਗੇ ਹਿੰਦ ਦੇ,
ਅਸੀਂ ਜਿੱਤ 'ਤੇ ਜਰਮਣਾਂ ਤੋਂ ਜਿੰਦ ਦੇ,
ਸਹੇ ਜਾਂਦੇ ਨਾ ਜ਼ੁਲਮ ਬਿੰਦ-ਬਿੰਦ ਦੇ,
ਨੀਤ ਖੋਟੀ ਅੰਗਰੇਜ਼ ਦੀ, ਮੁਲਕ ਸਤ ਗਿਆ ।
ਏਥੇ ਆਇਆ ਪਾਪੀ ਜਦੋਂ ਦਾ ਨਿਚੋੜੀ ਰੱਤ ਗਿਆ ।
ਉੱਤੋਂ ਬਣੇ ਰਹਿੰਦੇ ਰਾਮ ਤੇ ਕ੍ਰਿਸ਼ਨ ਐ,

ਵਿੱਚੋਂ ਲੀਰਾਂ ਨਿਕਲਣ ਜਦੋਂ ਫਿੱਸਣ ਐ ।
ਆਇਆ ਇੰਗਲੈਂਡੋਂ ਸਾਈਮਨ ਕਮਿਸ਼ਨ ਐ,
ਚੜ੍ਹੀ ਪਾਪ ਦੀ ਅੰਧੇਰੀ ਅੰਗਰੇਜ਼ੀ ਦੌਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

ਬਾਜ਼ ਫੜ ਦੇ ਕਬੂਤਰਾਂ ਨੂੰ ਪੰਜੇ 'ਚੈ ।
ਸਾਨੂੰ ਕਸਦੇ ਕਨੂੰਨ ਦੇ ਸ਼ਕੰਜੇ 'ਚੈ ।
ਦਿੱਤੀ ਮਦਦ ਗ਼ਦਰ ਸਤਵੰਜੇ 'ਚੈ ।
ਅੱਜ ਵੰਡੀ ਦੇ ਇਨਾਮ ਕੀਤੀ ਨੇਕ-ਨਾਮੀ ਦੇ ।
ਪੈਣ ਲੱਗਗੇ ਜ਼ੰਜੀਰ ਗਲੇ 'ਚ ਗ਼ੁਲਾਮੀ ਦੇ ।
ਸਾਰੇ ਦੇਸ਼ ਦੀ ਦੌਲਤ ਸਮੇਟੀ ਐ,
ਆ ਗੇ ਨਵੇਂ ਅੰਗਰੇਜ਼ ਪੈਣ ਫੇਟੀ ਐ,
ਕੀਤਾ ਬਾਈਕਾਟ ਲਾਲਾ ਦੀ ਕਮੇਟੀ ਐ ।
ਵੱਜੇ ਹੋਠ ਉੱਤੇ ਕਈ ਪੱਥਰ ਬਲੈਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

ਜਦੋਂ ਕੱਢ ਲਿਆ ਜਲੂਸ ਸੀ ਪੰਜਾਬੀਆਂ ।
ਕਹਿਣ ਅੰਗਰੇਜ਼ ਕਰੋ ਨਾ ਖ਼ਰਾਬੀਆਂ ।
ਅਸੀਂ ਘੋਲ ਦਿਆਂਗੇ ਸਾਰੀਆਂ ਨਵਾਬੀਆਂ ।
ਲੱਗੇ ਬਾਣਾਸੁਰ ਵਾਂਗਰਾਂ ਵਖੌਣ ਬਲ ਨੂੰ ।
ਸੱਪੋ ਸਿੱਧੇ ਹੋ ਕੇ ਪੈਜੋ ਕਿ ਕਢੌਣਾ ਵਲ ਨੂੰ ?
ਲੱਗੇ ਤਪਣ ਫ਼ਰੰਗੀ ਵਾਂਗ ਫ਼ਾਲੇ ਦੇ,
ਹੀਰਾ ਘੇਰ ਲਿਆ ਸ਼ਿਕਾਰੀਆਂ ਨੇ ਟਾਲੇ ਦੇ,
ਪਾਰ ਹਿਕਣੇ ਚਟਾਕ ਲਾਹੇ ਕਾਲੇ ਦੇ,
ਸਾਂਡਰਸ ਤੇ ਸਕਾਟ ਡਾਂਗ ਮਾਰੀ ਮੌਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

ਸਾਂਡਰਸ ਤੇ ਸਕਾਟ ਦਿਆਂ ਆੜੀਆਂ,
ਟੰਗਾਂ ਬਾਹਾਂ ਸੀ ਡੰਗੋਰ ਨਾਲ ਪਾੜੀਆਂ,
ਸਾਰਾ ਕਰ 'ਤਾ ਸਰੀਰ ਪਾੜ ਫਾੜੀਆਂ ।
ਡਾਂਗਾਂ ਪੈਣ ਲਾਜਪਤ ਤੇ ਦੁਪਹਿਰ ਢਲੀ ਸੀ,
ਸਾਰੀ ਰੱਤੋ-ਰੱਤ ਕਰ 'ਤੀ ਅਨਾਰਕਲੀ ਸੀ ।

ਹਿੰਦੀ ਹੱਥ ਨਾ ਉਠੇਂਦੇ ਮਾਰ ਖਾਂਦੇ ਐ,
ਸਿਰੋਂ ਰੱਤ ਦੇ ਘਰਾਲੇ ਵਗੀ ਜਾਂਦੇ ਐ,
ਗੋਰੇ ਰੱਜੇ ਵੇ ਸ਼ਰਾਬ ਦੇ ਅੜਾਂਦੇ ਐ,
ਕਹਿੰਦੇ ਕੀ ਫ਼ਰਕ ਕਾਲੇ ਆਦਮੀ ਜਨੈਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

ਲਾਲਾ ਚੜ੍ਹ ਗਿਆ ਬਬਾਨ ਸੀਸ ਛੱਡ 'ਤੇ'
ਗਲੋਂ ਤੌਕ ਤਾਂ ਗ਼ੁਲਾਮੀ ਜ੍ਹੀ ਦੇ ਵੱਢ ਤੇ,
ਝੰਡੇ ਦੇਸ 'ਚ ਅਜ਼ਾਦੀ ਜ੍ਹੀ ਦੇ ਗੱਡ 'ਤੇ,
ਲੈਗੀ ਸੁਰਗਾਂ ਨੂੰ ਖਿੱਚ ਕੇ ਟਰੇਨ ਕਾਲ ਦੀ ।
ਨਿੱਤ ਲਾਜਪਤ ਭਾਰਤ ਵਰਸ਼ ਭਾਲਦੀ ।
ਰਾਜ਼ੀ ਉਹਦੇ ਉੱਤੇ ਹੋ ਗੀ ਹਿੰਦ ਮਾਤਾ ਸੀ,
ਸ਼ੋਰ ਪਾਰ ਜਾ ਸਮੁੰਦਰਾਂ ਤੋਂ ਪਾ 'ਤਾ ਸੀ,
ਜੀਹਨੇ ਸੁੱਤੇ ਪਏ ਪੰਜਾਬ ਨੂੰ ਜਗਾ 'ਤਾ ਸੀ,
ਸਿੱਟ੍ਹੀ ਸੀਖਣੀ ਘਸਾ ਕੇ ਫ਼ਰੰਗੀ ਛੈਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

ਮਸਾਂ ਪਾਪ ਦੀ ਹਵੇਲੀ ਬਣੀ ਢਾਈ ਦੀ,
ਮਰ-ਮਰ ਕੇ ਸੱਚੇ ਦੀ ਝਾਤ ਪਾਈ ਦੀ,
ਯਾਦ ਅਹੇ ਜ੍ਹੇ ਸ਼ਹੀਦਾਂ ਦੀ ਮਨਾਈ ਦੀ,
ਆਉ ਸਾਰੇ ਰਲ ਉਨ੍ਹਾਂ ਦੇ ਵਧਾਈਏ ਸ਼ਾਨਾਂ ਨੂੰ,
ਨਵਾਂ ਸਬਕ ਅਜ਼ਾਦੀ ਦਾ ਪੜ੍ਹਾਗੇ ਜੁਆਨਾਂ ਨੂੰ ।
ਮਾਵਾਂ ਸ਼ਰਮ ਧਰਮ ਨਾਲ ਲੱਦੀਆਂ,
ਦੁੱਲੇ ਵਾਂਗਰਾਂ ਛੁਡਾਗੇ ਬਾਂਦਾਂ ਬੱਧੀਆਂ,
ਲੈਣ ਵਾਪਸ ਫ਼ਰੰਗੀ ਕੋਲੋਂ ਗੱਦੀਆਂ,
ਕੁੱਟ-ਕੁੱਟ ਕੇ ਅਣਖ ਭਰੀ 'ਵੀ ਦਲੈਰ 'ਚੈ ।
ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

'ਬਾਬੂ' ਸੈ ਸਲਾਮ 'ਢੁੱਡੀ' ਜਗਰਾਵਾਂ ਨੂੰ,
ਯਾਦ ਰੱਖਾਗੇ ਹਮੇਸ਼ ਲੈਕ ਮਾਂਵਾਂ ਨੂੰ,
ਪੂਜਿਆ ਕਰਾਂਗੇ ਉੱਤਮ ਸੁੱਚੇ ਥਾਂਵਾਂ ਨੂੰ,
ਬੜਾ ਹਰ ਸਾਲ ਹੁੰਦਾ ਹੈ ਇਕੱਠ ਮੇਲੇ 'ਚੈ ।

ਤਾਂ ਕਿ ਹੋਰ ਵੀ ਜੰਮਣ ਸ਼ੇਰ ਬੇਲੇ 'ਚੈ ।

ਮੇਘ ਡਾਂਗਾਂ ਦਾ ਦਰਖ਼ਲਾਫ਼ੇ ਵੱਸਿਆ,

ਆਹਾ ਮੌਤ ਦਾ ਪੈਗ਼ਾਮ ਪੜ੍ਹ ਹੱਸਿਆ,

ਜੀਹਨੇ ਮਾਰਗ ਆਜ਼ਾਦੀ ਵਾਲਾ ਦੱਸਿਆ,

ਝੱਲ ਮਾਰੀ ਚੱਲੋ ਅਤਰ ਲਗਾ ਕੇ ਚੌਰ 'ਚੈ ।

ਕਰੇ ਲਾਲਾ ਜੀ ਸ਼ਹੀਦ ਲਵ ਦੇ ਲਾਹੌਰ 'ਚੈ ।

6. ਪੰਜ ਪਸਤੌਲਾਂ ਵਾਲੇ

॥ਦੋਹਿਰਾ॥

ਦਫ਼ਤਰ ਮੂਹਰੇ ਖੜ੍ਹ ਗਏ, ਭਰਕੇ ਤੇ ਪਸਤੌਲ ।

ਭਗਤ ਛੱਡੇ ਅੰਗਰੇਜ਼ ਤੇ, ਪੈਣ ਕਾਲਜੇ ਹੌਲ ।

ਤਰਜ਼-੬

ਟੋਲੀ ਆਣ ਸੜਕ ਤੇ ਅਟਕੀ, ਦਫ਼ਤਰ ਬੰਦ ਹੋ ਘੰਟੀ ਖੜਕੀ,

ਘੇਰਨ ਲਾਉਣ ਸ਼ਿਕਾਰੀ ਟਾਲਾ, ਆਵੇ ਮੂਨਾਂ ਦੇ ਵਿੱਚ ਕਾਲਾ,

ਚੱਕਿਆ ਗੜ੍ਹਾ ਉਤਾਹਾਂ ਨੂੰ,
ਹੋਈ ਖੜੀ ਸਾਂਡਰਸ ਕੋਲੇ, ਲੱਗਗੀ ਗਿਣਨੇ ਸਾਹਾਂ ਨੂੰ ।

ਸਜਦੇ ਸੂਟ ਜਿਉਂ ਚੜ੍ਹਨ ਬਰਾਤਾਂ, ਗੱਭਰੂ ਖੜ੍ਹਗੇ ਲਾ ਕਰ ਘਾਤਾਂ,
ਬਹੁਤੀ ਆਕੜ ਕਰੇ ਹੰਕਾਰੀ, ਟੰਗ ਨੂੰ ਵਲਕੇ ਹੁਬਕਲੀ ਮਾਰੀ,
ਚੜ੍ਹ ਗਿਆ ਸਾਈਕਲ ਚੰਗੀ ਤੇ ।
ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

ਛੱਡਤਾ ਭਗਤ ਜੁਆਨ ਨੇ ਭਰਕੇ, ਪਾਇਆ ਸ਼ੋਰ ਕਲਰਕਾਂ ਡਰਕੇ,
ਅੱਖੀਆਂ ਮੀਚਣ, ਸਾਈਕਲ ਭਿੜਗੇ, ਕਿਧਰੇ ਟੋਪ ਅੰਗਰੇਜ਼ੀ ਰਿੜ੍ਹਗੇ,
ਸੁੱਚੀਆਂ ਟਾਈਆਂ ਲਿਬੜਦੀਆਂ,
ਫਿੱਸੀਆਂ ਗੋਰੀਆਂ ਗੋਗੜਾਂ, ਗੋਰੇ ਅੱਧ-ਪੱਕ ਚਿੱਬੜ੍ਹ ਦੀਆਂ ।

ਸਾਰਾ ਜੁੱਸਾ ਥਰ-ਥਰ ਕੰਬ ਗਿਆ, ਫੱਟੜ ਰੋਝ ਬਥੇਰਾ ਰੰਭ

ਗਿਆ,
ਆਗੀ ਹੋਣੀ ਰੱਤ ਦੀ ਪਿਆਸੀ, ਭੱਜ ਗਿਆ ਕਿਧਰੇ ਨੰਗ ਚਪੜਾਸੀ,
ਪੇਚੇ ਪੈਣ ਪਤੰਗੀ ਤੇ ।
ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

ਆਗੀ ਰਾਜਗੁਰੂ ਦੀ ਵਾਰੀ, ਪਿਸਟਲ ਭਰ ਕੇ ਗੋਲੀ ਮਾਰੀ,
ਹੋ ਗਿਆ ਸ਼ਹਿਰ ਵਿਚਾਲੇ ਸਾਕਾ, ਇੱਕ ਬਟੇ ਦੋ ਕੋਹ ਸੁਣੇ ਧਮਾਕਾ,
ਰੁੱਗ ਮਾਸ ਕੱਢ ਲਿਆ ਗਰਦਨ ਦਾ ।
ਦਰਦ ਵੰਡਾਵਣ ਚੜ੍ਹ ਗਿਆ ਦਰਦੀ ਭਾਰਤ ਦਰਦਣ ਦਾ ।

ਦੋਵੇਂ ਮੌਰ ਵਿਚਾਲਿਉਂ ਪਾਟੇ, ਲੱਗਗੇ ਰੱਤ ਦੇ ਪੈਣ ਧਲਾਟੇ,
ਪੈ ਗਿਆ ਗਲ 'ਚ ਟੋਪ ਦਾ ਫ਼ੀਤਾ, ਪੀੜਾਂ ਲੱਗੀਆਂ ਹਾਇ ਹਾਇ ਕੀਤਾ,
ਚੀਰ ਬਣਾਤੇ ਸੰਘੀ ਤੇ ।

ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

ਫਿਰ ਸੁਖਦੇਵ ਚਲਾਤੀ ਗੋਲੀ, ਰਾਹੀ ਪਾਉਂਦੇ ਕਾਵਾਂ-ਰੌਲੀ,
ਸੌਹਰੀ ਟੀਂ-ਟੀਂ ਕਰਦੀ ਜਾਂਦੀ, ਰਾਜ਼ੀ ਕਿਚਲੂ, ਝੁਰਦਾ ਗਾਂਧੀ,
ਰੰਗਣਾਂ ਚੜ੍ਹੀ ਜਵਾਹਰ ਨੂੰ ।
'ਐਂ ਅੰਗਰੇਜ਼ ਦਵੱਲ ਦਿਓ ਹਿੰਦੁਸਤਾਨੋਂ ਬਾਹਰ ਨੂੰ' ।

ਹੋ ਗਿਆ ਖੜਕਾ ਭੱਜਗੇ ਤੁੰਬੇ, ਗਿਰਦੇ ਫਿਰਦੇ ਰੱਤ ਦੇ ਬੁੰਬੇ,
ਸੀ ਲਾਲ ਮਖ਼ਮਲ ਵਰਗੀ ਦੇਹੀ, ਵੱਜ ਕੇ ਤੇਜ਼ ਬਰੂਦਾਂ ਫੇਹੀ,
ਜੈਸੇ ਕਰਦ ਨਰੰਗੀ ਤੇ ।
ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

ਚੰਦਰ ਸ਼ੇਖਰ ਰੌਂਦ ਚਲਾਇਆ, ਮਾਂ ਦੇ ਲਾਲ ਜਬਿਸਕੂ ਢਾਇਆ,
ਕਾਰਤੂਸ ਕੱਢਤਾ ਮੋਟੇ ਪੱਟ 'ਚੋਂ, ਗਿਰਦਾ ਸੁਰਖ਼ ਲਹੂ ਜਿਆ ਫੱਟ 'ਚੋਂ,
ਜਿਵੇਂ ਦੋਨਾਲੇ ਮੋਘੇ ਜੀ ।
ਬਗਲੇ ਹਿੰਦ 'ਚੋਂ ਲਾਉਣ ਉਡਾਰੀ ਚੁਗਣ ਵਲਾਇਤੋਂ ਚੋਗੇ ਜੀ ।

ਜਿਹੜੇ ਬੁੱਲ ਸਨ ਪਾਨੇਂ ਪਤਲੇ, ਪਾੜਿਆ ਮਾਸ ਖੰਡਾਤੇ ਗਤਲੇ,
ਹੋਗੇ ਲੰਦਨ ਦੇ ਅੱਜ ਢੈਲੇ, ਚੜ੍ਹੂਗੇ ਦੋ ਦੋ ਉਂਗਲਾਂ ਮੈਲੇ,
ਉਸ ਦੀ ਹਿੱਕ ਜ੍ਹੀ ਨੰਗੀ ਤੇ ।
ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

ਚਲਾਤੀ ਜੈ ਗੁਪਾਲ ਨੇ ਮਗਰੋਂ, ਡੂੰਘਾ ਟੋਆ ਬਣਾਤਾ ਗੱਗਰੋਂ,
ਲੱਗ ਗਿਆ ਸੀਸ ਜ਼ਿਮੀਂ ਤੇ ਲੋਟਣ, ਪੱਕੀਆਂ ਸੜਕਾਂ ਫਿੱਸ ਗਿਆ ਟੋਟਣ,
ਗੇੜਾ ਬੰਨ੍ਹ ਲਿਆ ਬਾਂਹਵਾਂ ਨੇ ।
ਤੇ ਜੱਟ ਮਿਰਜ਼ੇ ਵਾਂਗੂੰ ਝੁਰਮਟ ਪਾ ਲਿਆ ਕਾਂਵਾਂ ਨੇ ।

ਪਿੱਟਕੇ ਦਸ ਪੰਦਰਾਂ ਸਾਲ ਧਾਂਦਲ, 'ਬਾਬੂ' ਗੋਰੇ ਟੱਪਗੇ 'ਚਾਂਦਲ',
ਸਾਜ਼ੋਂ ਬਿਨਾਂ ਕਵੀਸ਼ਰ ਗੱਜਦੇ, ਕਿਸੇ ਜਾ ਤੂੰਬੇ ਟਣ-ਟਣ ਵੱਜਦੇ,
ਕਈ ਸੁਰ ਲੈਣ ਸਰੰਗੀ ਤੇ ।
ਪੰਜ ਪਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ ਤੇ ।

7. ਭੇਜੇ ਤਾਰ ਵੈਸਰਾ ਜੀ

॥ਦੋਹਿਰਾ॥

ਮਾਰਿਆ ਜਦੋਂ ਲਾਹੌਰ ਮੇਂ, ਗੋਲੀ ਸੇ ਅੰਗਰੇਜ਼ ।
ਤਾਰ ਜ਼ਰੂਰੀ ਵੈਸਰਾ, ਦੇ ਲੰਡਨ ਨੂੰ ਭੇਜ ।

ਬਹੱਤਰ ਕਲਾ ਛੰਦ-੭

ਸੁੰਨ ਸਾਨ ਛੌਣੀਆਂ ਜੀ,
ਰੌਣਕਾਂ ਘੱਟੀਆਂ, ਹੋਣ ਬੰਦ ਹੱਟੀਆਂ,
ਹੋਣ ਨਾ ਮੈਚ ਐ, ਕਰਨ ਨਾ ਕੈਚ ਐ,
ਬਾਲ ਜੇ ਰੁਲਦੇ, ਬੈਟ ਪਏ ਖੂੰਜੇ ।
ਹੋਣ ਸੂਟ ਇਸਤਰੀ ਨਾ,
ਰੇਸ਼ਮੀ ਟਾਈ, ਕਦੇ ਨਾ ਲਾਈ,
ਲੈ ਹੈਂਡ-ਕਰ-ਚੀਫ਼ ਨਹੀਂ ਮੁੱਖ ਪੂੰਝੇ ।
ਪੈ ਗਿਆ ਸ਼ੋਰ ਬੰਗਲਿਆਂ ਮੇਂ,

ਅੜੇ ਅੰਗਰੇਜ਼, ਲੈਣ ਨਾ ਮੇਜ਼,
ਹਾੜ ਵਿੱਚ ਅੰਦਰੇ, ਗੇਟ ਨੂੰ ਜੰਦਰੇ,
ਸੜਕ ਤੇ ਪਹਿਰੇ, ਕਹਿਣ 'ਦੜ ਵੱਟ ਲੋ' ।
ਭੇਜੇ ਤਾਰ ਵੈਸਰਾ ਜੀ,
ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,
ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

ਹੱਥ ਲਾਏ ਮੈਲੀਆਂ ਜੀ,
ਹੋਣ ਜੋ ਮੇਮਾਂ, ਛੋਡਗੀਆਂ ਗੇਮਾਂ,
ਕੇਸ ਜ੍ਹਿ ਭੂਰੇ, ਮੱਥੇ ਦੇ ਮੂਹਰੇ,
ਉਡਦੀਆਂ ਬੂਦਾਂ ਉਲਝ ਗਏ ਗੇਸੂ ।
ਮੈਲ ਲੁਕਿੰਗ-ਗਲਾਸਾਂ ਤੇ,
ਚੰਬੇ ਦੀਆਂ ਕਲੀਆਂ, ਅਤਰ ਦੀਆਂ ਪਲੀਆਂ,
ਲੈਣ ਨਾ ਖ਼ੁਸ਼ਬੂ, ਖਿੜੇ ਫੁੱਲ ਕੇਸੂ ।
ਬੰਦ ਸ਼ੀਸ਼ੀ ਵਿਸਕੀਆਂ ਦੀ,
ਕਿਸਮਤਾਂ ਮੰਦੀਆਂ, ਨਾਚ-ਘਰ ਬੰਦੀਆਂ,

ਜਾਣ ਨਾ ਮੈਸ, ਜਗਣ ਨਾ ਗੈਸ,
ਏਵੇਂ ਰੋ ਧੋ ਕੇ, ਚਾਰ ਦਿਨ ਕੱਟ ਲੋ ।
ਭੇਜੇ ਤਾਰ ਵੈਸਰਾ ਜੀ,
ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,
ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

ਗਈਆਂ ਪਾਟ ਜੁਰਾਬਾਂ ਜੀ,
ਬੂਟ ਦੇ ਤਸਮੇਂ, ਬੰਨ੍ਹਣ ਦਿਨ ਦਸਮੇਂ,
ਖ਼ਬਰ ਨਾ ਬੁਲ੍ਹ ਦੀ, ਲਿਪਸਟਿਕ ਰੁਲਦੀ,
ਕਰਨ ਨਾ ਸੈਰ, ਵਖਤ ਨੂੰ ਫੜੀਆਂ ।
ਚੈਨ ਟੁੱਟਗੇ ਸੁਨਹਿਰੀ ਜ੍ਹੇ,
ਸ਼ਹਿਰ ਨਾ ਜਾਂਦੇ, ਹੋਰ ਨਾ ਲਿਆਂਦੇ,
ਦੇਣ ਨਾ ਚਾਬੀ, ਖੜ੍ਹਗੀਆਂ ਘੜੀਆਂ ।
ਹੈ ਨਾ ਲੱਜ਼ਤ ਕਬਾਬਾਂ ਮੇਂ,
ਗਈਆਂ ਲੱਗ ਮਿੱਟੀਆਂ, ਪਲੇਟਾਂ ਚਿੱਟੀਆਂ,
ਕੱਚੇ ਜ੍ਹੇ ਕੇਕ, ਲੱਗੇ ਨਾ ਸੇਕ,

ਬਿਸਕੁਟਾਂ ਰੁੱਖੀਆਂ, ਮੱਖਣ ਨਾ ਚੱਟ ਲੋ ।
ਭੇਜੇ ਤਾਰ ਵੈਸਰਾ ਜੀ,
ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,
ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

ਹੱਕ ਮੰਗਣ ਬਰਾਬਰ ਦੇ,
ਭਾਰਤੀ ਫ਼ੌਜੀ, ਜਾਣ ਨਿੱਤ ਖੌਹਜੀ,
ਗੋਰੇ ਜਿੰਨੀਂ ਤਨਖ਼ਾਹ, ਲੜਨ ਪਏ ਅੰਨ ਖਾਹ,
ਪਾਂਵਦੇ ਭੜਥੂ, ਉਡੌਂਦੇ ਪੱਚਰੇ ।
ਮਾਰਿਆ ਇਟਲੀ ਜਰਮਨੀ ਨੂੰ,
ਮਿਸਰ ਦੀ ਧਰਤੀ, ਲਹੂ ਨਾਲ ਭਰਤੀ,
ਰੁੜ੍ਹਦੀਆਂ ਸਿਰੀਆਂ, ਰੁੜ੍ਹਨ ਜਿਉਂ ਕਚਰੇ ।
ਗਏ ਬਦਲ ਜ਼ਮਾਨੇ ਜੀ,
ਸਮਾਂ ਹੋਰ ਆਇਆ, ਵਿਗੜ ਗਈ ਰਿਆਇਆ,
ਨਵੇਂ ਛੋਹਰ ਪੜ੍ਹਗੇ, ਦਫ਼ਤਰੀਂ ਵੜ੍ਹਗੇ,
ਨਰਮੀਆਂ ਵਰਤੋ, ਮਾਮਲਾ ਘੱਟ ਲੋ ।

ਭੇਜੇ ਤਾਰ ਵੈਸਰਾ ਜੀ,
ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,
ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

ਅੱਗੇ ਹੱਥ ਨਾ ਉਠੇਂਦੇ ਸੀ,
ਵਰਜਦਾ ਗਾਂਧੀ, ਪੇਸ਼ ਨਾ ਜਾਂਦੀ,
ਸਤਿਆ ਗ੍ਰਹਿ ਕਰਦੇ, ਬਹਾਦਰ ਪਰ ਦੇ,
ਫੇਰਗੇ ਅੱਖੀਆਂ, ਲੈਣ ਨਾ ਛਿੱਕਲੇ ।
ਰਹਿੰਦੇ ਤਿਆਰ ਫ਼ਸਾਦਾਂ ਨੂੰ,
ਨਹੀਂ ਗੱਲ ਮੰਨਦੇ, ਆਰਡਰ ਭੰਨਦੇ,
ਤੋੜਕੇ ਪਿੰਜਰੇ, ਬਾਹਰ ਸ਼ੀਂਹ ਨਿਕਲੇ ।
ਬਾਗ਼ੀ ਕਰਨ ਬਗ਼ਾਵਤ ਜੀ,
ਰਲਣ ਤਿੰਨ ਕੌਮਾਂ, ਪਿਆ ਫੁੱਟ ਸੋਮਾਂ,
ਭਗਤ ਸਿੰਘ ਜੁਆਨ, ਕਰੂ ਨੁਕਸਾਨ,
ਅਰਜ਼ ਕਰੇ ਕਿੰਗ ਨੂੰ, ਪਿਛਾਂਹ ਨੂੰ ਹੱਟ ਲੋ ।
ਭੇਜੇ ਤਾਰ ਵੈਸਰਾ ਜੀ,

ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,
ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

ਵਾਂਗ ਭਲੇ ਮਾਣਸਾਂ ਦੇ,
ਛੋਡਦੇ ਇੰਡੀਆ, ਫ਼ਰੰਗੀ ਹਿੰਡੀਆ,
ਨਹੀਂ ਦਾਅ ਚੱਲਦੇ, ਅੱਗੇ ਭੀਮ ਮੱਲ ਦੇ,
ਡੇਗਤੇ ਹਾਥੀ, ਮਾਰ ਕੇ ਮੋਢੇ ।
ਓਸੇ ਖਾਨਦਾਨ 'ਚੋਂ ਜੀ,
ਜਾਣਦੇ ਮਰਨ, ਕਰੇ ਜੋ ਪਰਨ,
ਹਟਣਗੇ ਬੰਨ੍ਹ ਕੇ, ਬਿਸਤਰੇ ਥੋਡੇ ।
ਬੱਸ ਹੋਗੀ ਆਪਣੀ ਜੀ,
ਅੱਗੇ ਕੀ ਵੇਂਹਦਿਉ, ਅਜ਼ਾਦੀ ਦੇ ਦਿਉ,
ਕਰੋ ਕੁਝ ਸ਼ਰਮ, ਤਾਰਦੂ ਧਰਮ,
'ਬਾਬੂ' ਹੱਥ ਜੋੜ, ਸੱਚੇ ਨੂੰ ਰਟ ਲੋ ।
ਭੇਜੇ ਤਾਰ ਵੈਸਰਾ ਜੀ,

ਨਵੇਂ ਉਠੇ ਛੋਹਰੇ, ਮਾਰ 'ਤੇ ਗੋਰੇ,

ਹੁਕਮ ਨਾ ਮੰਨਦੇ, ਛੈਣੀਆਂ ਪੱਟ ਲੋ ।

8. ਗਾਨਾ ਬੰਨ੍ਹ ਲੈ ਮੌਤ ਦਾ ਵੇ

॥ਦੋਹਿਰਾ॥

ਗੱਲ ਸੁਣ ਲੈ ਪੁੱਤ ਲਾਡਲਿਆ, ਕਰੇ ਮਾਤ ਪਰਚਾਰ ।

ਚੜ੍ਹੀਂ ਅਜ਼ਾਦੀ ਵਿਅੈਹਣ ਨੂੰ, ਜਿੰਦ ਕੱਢ ਧਰ ਲੈ ਬਾਹਰ ।

ਦੋ ਤਾਰਾ ਛੰਦ-੮

ਸਾਕੀ ਜਾਮ ਪਿਲਾਦੇ ਤੂੰ, ਮੇਰੇ ਮੂੰਹ ਚੜ੍ਹਕੇ ਸਰੁਸਤੀ ਬੋਲੇ ।

ਚਿੱਤ ਨਜ਼ਮ ਬਣਾਵਣ ਤੇ, ਰਚਦਿਆਂ ਮਿਸਰੇ ਪਿੰਗਲ ਨਾਲ ਤੋਲੇ ।

ਨਸ਼ਾ ਚੜ੍ਹ ਜੇ ਅੰਮ੍ਰਿਤ ਦਾ, ਐਹੋ ਜੀ ਘੁੱਟ ਅੰਮ੍ਰਿਤ ਦੀ ਪਿਓਣੀ ।

ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੈਹਣੀ ।

ਗੁਰੂ ਫ਼ਤਿਹ ਬਖ਼ਸ਼ ਦੂਗਾ, ਦੇਖ ਲੈ ਲਾਲ ਮੋਰਚਾ ਲਾ ਕੇ ।
ਭਲਵਾਨ ਬਣਾ ਤਾ ਮੈਂ, ਪਾਲਤਾ ਪੁੱਤਰ ਖੁਰਾਕਾਂ ਖੁਆਕੇ ।
ਦੁਧ ਹਾਜ਼ਰ ਚਿੜੀਆਂ ਦਾ, ਘਰੇ ਪੁੱਤ ਮਿਸਰੀ ਬਹੁਤ ਘੱਟ ਘਿਓ ਨੀ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਐਹਣੀ ।

ਕਹੇ ਜਿਸ ਤਰ੍ਹਾਂ ਗਾਂਧੀ ਜੀ, ਬਹੁਤ ਦੇਰ ਲੱਗ ਜੂ ਚਰਖੜਾ ਕਤਿਓ ।
ਮਿਲੇ ਜਲਦ ਹਕੂਮਤ ਜੀ, ਆਪ ਦੇ ਤੰਦੀਆਂ ਗਲਾਂ ਵਿੱਚ ਘੱਤਿਓ ।
ਪੋਲੇ ਪੈਰੀਂ ਲਾਡਲਿਆ ਵੇ, ਗਹਿਰਿਆ ਜਾਣਾ ਫ਼ਰੰਗੀ ਦਿਓ ਨੀ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਐਹਣੀ ।

ਤੈਨੂੰ ਕਰਨਾ ਪੈਜੂਗਾ, ਤੇਗ਼ ਦੀ ਤੇਜ਼ ਧਾਰ ਪਰ ਨਾਚ ਐ ।
ਗੁਰੂ ਤੇਗ਼ ਬਹਾਦਰ ਦੇ, ਵਾਂਗਰਾਂ ਸਿੱਖ ਲੈ ਮਰਨ ਦੀ ਜਾਚ ਐ ।
ਚੜ੍ਹ ਵਿਐਹਣ ਮੰਗੇਤਰ ਨੂੰ, ਹੋਣੀਂ ਦੇ ਰੱਥ ਤੇ ਚੜ੍ਹਾਕੇ ਲਿਐਣੀ ।

ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

ਦਿੱਤੀ ਮਦਦ ਗ਼ਦਰ ਮੇਂ ਸੀ, ਸਿੰਘਾਂ ਨਾਲ ਕੀ ਲਿਹਾਜ਼ਾਂ ਰਖੀਆਂ ?
ਮੰਗਿਆ ਰਾਜ ਕੰਵਰ ਨੇ ਜਾਂ, ਤੋਤਿਆਂ ਵਾਂਗ ਫੇਰ ਗਏ ਅੱਖੀਆਂ ।
ਪਸਤੌਲ ਚਲਾਏ ਤੋਂ ਬਿਨਾ ਨਾ, ਧੌਣ ਆਕੜੀ ਨਿਉਣੀਂ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

ਨਹੀਂ ਠੱਲ੍ਹਦਾ ਸੁਖਾਲਾ ਵੇ, ਜ਼ੁਲਮ ਦਾ ਦਰਿਆ ਚੜ੍ਹਿਆ ਪਿਆ ਵਗਦਾ ।
ਨੇਕੀ ਖੱਟ ਲੈ ਦੇਸ ਦੀ ਤੂੰ, ਮੱਥੇ 'ਚੋਂ ਧਾਰ ਲਹੂ ਦੀ ਚਿਓਣੀ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

ਪਿਆਰ ਪਾ ਲਿਆ ਮੌਤ ਨਾਲ ਜੇ, ਤੈਨੂੰ ਡਰ ਲੱਗਦਾ ਮੌਤ ਤੋਂ ਕਾਹਦਾ ।
ਲੋਡ ਕਰ ਲੈ ਰਫ਼ਲ ਨੂੰ ਤੂੰ, ਫੇਰ ਕੀ ਪੁੱਛਣਾ ਕਮਲਿਆ ਪਾਂਧਾ ।
ਘਟਾਂ ਤਿਆਰ ਵਰਸਣੇ ਨੂੰ, ਮੁਲਕ ਪਰ ਬੱਦਲੀ ਮੇਘ ਦੀ ਖਿਓਣੀ

।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

ਮਾਂ ਦੀ ਉਮਰ ਗੁਜ਼ਰਗੀ ਵੇ, ਜਿਹੜੇ ਪੁੱਤ ਗੱਜਦੇ, ਬੱਦਲ ਨਾ ਵਰ੍ਹਦੇ ।
ਫ਼ੈਦਾ ਝਗੜੇ ਝਗੜਿਆਂ ਕੀ, ਆਹਾ ਗੱਲ ਇੱਕ ਦਿਨ ਇਕ ਦਾ ਕਰਦੇ ।
ਦਿਲ ਰਿਹਾ ਧੜਕਦਾ ਜੇ, ਜਾਵਣੀ ਵੈਰ ਵਿਆਜੀ(ਵਿਹਾਜੀ) ਇਓਂ ਨੀ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

ਮੇਰੇ ਭਗਤ ਬਹਾਦਰ ਨੂੰ, ਹੋਣੀ ਕਿਓਂ ਝਿੜਕੇ, ਮੌਤ ਕਿਓਂ ਘੂਰੇ ।
ਮਾਂ ਭਰੀ ਸ਼ਰਮ ਦੀ ਵੇ, ਸੂਰਮਾਂ ਬਾਪ ਦੋਵੇਂ ਪੱਖ ਪੂਰੇ ।
'ਬਾਬੂ' ਮਾਰ ਸਾਂਡਰਸ ਨੂੰ, ਤੇਰੇ ਮਾਂ ਪਿਓ ਦੀ ਖ਼ੁਸ਼ੀ ਨਾ ਮਿਓਣੀ ।
ਗਾਨਾ ਬੰਨ੍ਹ ਲੈ ਮੌਤ ਦਾ ਵੇ, ਮੁਸ਼ਕਲ ਬਹੂ-ਅਜ਼ਾਦੀ ਵਿਅੌਹਣੀ ।

9. ਉੱਘੇ ਕਰਤਾ(ਕਰਦੇ) ਮਾਪਿਆਂ ਨੂੰ

॥ਦੋਹਿਰਾ॥

ਪਕੜ ਲਿਆ ਸਰਦਾਰ ਨੂੰ, ਜੁੜਨ ਸ਼ਹਿਰ ਦੇ ਦੰਦ ।
ਅਮਰੋ ਜਾਂਦੀ ਵਿਲਕਦੀ, ਸ਼ੀਂਹ ਪਿੰਜਰੇ ਵਿਚ ਬੰਦ ।

ਤਰਜ਼ ਦੋਹਿਰਾ-੯

ਫੜ ਦੂਰ ਲਹੌਰੋਂ ਜੀ, ਲਿਆਕੇ ਪੈਣ ਜੇਲ੍ਹ ਵਿੱਚ ਪਾਪੀ ।
ਪਹੁੰਚ ਹਵਾਲਾਤ ਮੇਂ ਜੀ, ਫੇਰ ਹੱਥ ਕੰਡ ਤੇ, ਭੈਣ ਦੇਵੇ ਥਾਪੀ ।
ਹੋਈ ਕਮਲੀ ਵਿਲਕਦੀ ਜੀ, ਅਮਰ ਕੌਰ ਮਿਲਦੀ ਜੱਫੜੀਆਂ ਪਾ
ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਤੇਰੀ ਉਮਰ ਛੁਟੇਰੀ ਵੇ, ਅੰਮਾਂ ਦੀਆਂ ਕੱਚੀਆਂ ਮੱਖਣੀਆਂ ਖਾਂਦਾ
।
ਕੰਮ ਕਰਕੇ ਵਿਖਾ ਦਿੱਤਾ ਤੂੰ, ਜਿਹੜਾ ਹਰ ਇਕ ਤੋਂ ਕਰਿਆ ਨਾ

ਜਾਂਦਾ ।

ਜੱਸ ਖੱਟ ਲਿਆ ਦੇਸਾਂ ਤੇ ਵੇ, ਸਿਓਨਿਆਂ ਮਾਤ-ਲੋਕ ਵਿੱਚ ਆ ਕੇ
।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਪੰਜ ਚਿਤਰੇ ਪੰਜਾਬੀ ਵੇ, ਵਕਤ ਪਰ ਪਹੁੰਚ ਸੜਕ ਤੇ ਟਕਲੇ ।
ਸਾਹਿਬ ਬਣੇਂ ਕਲਰਕਾਂ ਦੇ, ਫਾਟਕੋਂ ਦਫ਼ਤਰ ਬੰਦ ਕਰ ਨਿਕਲੇ ।
ਜਿੰਦ ਧਰਕੇ ਹਥੇਲੀ ਤੇ, ਪਰ੍ਹੇ ਮਾਰੀ ਗਲ 'ਚੋਂ ਗ਼ੁਲਾਮੀ ਲਾਹ ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਲੰਘੇ ਬਾਘ ਸ਼ਿਕਾਰੀ ਜੀ, ਜਦੋਂ ਹੀਰਾ ਹਰਨ ਮਾਰ ਵਿੱਚ ਆਇਆ
।
ਲਿਬ ਲਿਬੀ ਦਬਾਕੇ ਤੇ, ਸ਼ਿਸ਼ਤ ਬੰਨ੍ਹ ਤੂੰ ਪਸਤੌਲ ਚਲਾਇਆ ।
ਡੇਗ ਮੋਟਰ-ਸਾਈਕਲ ਤੋਂ, ਦਿੱਤਾ ਤੂੰ ਪਾੜ ਬਘਿਆੜਾ ਢਾ ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਕਪਤਾਨ ਹੰਕਾਰੇ ਨੇ, ਲਾਜਪਤ ਫੇਹਤਾ ਮਾਰ ਕੇ ਡਾਂਗਾਂ ।

ਵੈਰ ਸੱਜਰਾ ਲੈ ਲਿਆ ਤੂੰ, ਮਾਰ ਪਸਤੌਲ, ਕਢਾਈਆਂ ਚਾਂਗਾਂ ।
ਛੱਡ ਲਿਟਦੇ ਸਾਂਡਰਸ ਨੂੰ, ਸਾਥ ਦੇ ਭੱਜਗੇ, ਸ਼ੋਰ ਮਚਾ ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਦੂਰੋਂ ਮਾਰ ਬਬੂਕੇ ਵੇ, ਵੀਰ ਹੱਸ-ਹੱਸ ਕੇ ਚੜ੍ਹ ਗਿਓਂ(ਜਿਓ) ਸੂਲੀ ।
ਚੱਲ ਗਏ ਸਿਕੰਦਰ ਜਿਹੇ, ਆਪਾਂ ਦੱਸ, ਕਿਹੜੇ ਬਾਗ਼ ਦੀ ਮੂਲੀ ।
ਪਹੁੰਚ ਸੁਰਗ ਲੋਕ ਮੇਂ ਜੀ, ਵਹਾਂ ਖ਼ਤ ਲਿਖਣਾ ਜਵਾਬੀ ਜਾ ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

ਜਿੱਥੇ ਖਾੜੇ ਲੱਗਦੇ ਸੀ, 'ਬਾਬੂ' ਨਾ ਭੁੱਲਣ ਰਤਨ ਦੀਆਂ ਦੈੜਾਂ ।
ਲੋਕ ਸ਼ਹਿਰ ਬਠਿੰਡੇ ਦੇ, ਹੋਣਗੇ ਲੱਭਦੇ, ਬੱਕੀ ਦੀਆਂ ਪੈੜਾਂ ।
ਜੰਘੀਰਾਣੇਂ ਤਿਹੁਣੇਂ ਦੇ, ਬਾਜਕੋਂ, ਡੁੰਬਿਓਂ, ਚੁੱਘੇ, ਚੱਕ ਰਾਅ ਕੇ ।
ਉੱਘੇ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ ।

10. ਪਾ ਲਿਆ ਪਿੰਜਰੇ 'ਚ ਸ਼ੇਰ

॥ਦੋਹਿਰਾ॥

ਫੜਕੇ ਸ਼ਹਿਰ ਫ਼ੀਰੋਜ਼ ਦੇ, ਕਰਤਾ ਜੁਆਨ ਸ਼ਹੀਦ ।
ਜਾਨ ਵਾਰਕੇ ਮੁਲਕ ਤੋਂ, ਲੈਂਦਾ ਮੌਤ ਖਰੀਦ ।

ਮਨੋਹਰ ਭਵਾਨੀ ਛੰਦ-੧੦

ਕਿਹੜਾ ਜਾਵੇ ਜੁਆਨ ਵੇਹਰ, ਕਿਤੋਂ ਫੜ ਲਿਆ ਦਲੇਰ,
ਪਾ ਲਿਆ ਪਿੰਜਰੇ 'ਚ ਸ਼ੇਰ, ਜਾ ਜਸੂਸ ਘੱਲਿਓ ।
ਅਹੀ ਰੈਣ ਵਾਂਗਰਾਂ ਜ਼ਿਮੀ ਦੇ ਥੱਲਿਓ ।
ਦਿੱਤਾ ਕਪਤਾਨ ਮਾਰ, ਥਾਣੇ ਚੜ੍ਹੇ ਪੰਜ ਚਾਰ,
ਜੋਰਾਵਰ ਸਰਕਾਰ, ਨੇ ਬਣਾਤਾ ਕੇਸ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਮੁੰਡੇ ਰੋਹਬ ਨਾ ਝੱਲਣ, ਮਾਂਵਾਂ ਮਗਰੇ ਘੱਲਣ,
ਸਾਰੇ ਦੇਸ਼ ਦੇ ਚੱਲਣ, ਲੱਗੇ ਲੋਕ ਐਸ ਰਾਹ ।
ਲਾਟ ਛੱਡ ਹੋਜੇ ਜੇ ਨਰਾਜ਼ ਵੈਸਰਾਅ ।

ਬਾਜ਼ ਤੋੜਤੀ ਕੁੜੱਕੀ, ਹੋਵੇ ਜਾਨ ਦੇ ਤਰੱਕੀ,
ਜਾਣ ਬੁੱਝ ਧੱਕੋ-ਧੱਕੀ, ਪਾ ਲਿਆ ਕਲੇਸ਼ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਚੜ੍ਹੀ ਜ਼ੁਲਮਾਂ ਦੀ ਕਾਂਗ, ਜੱਗਦੇ(ਵ) ਪਮਾਰ ਵਾਂਗ,
ਚੱਕ ਲੈਂਦਾ ਭਾਰੀ ਸਾਂਗ, ਵੈਰ ਨੂੰ ਵਿਹਾਜ ਦਾ ।
ਤੋੜਿਆ ਛੀਵੇਂ ਗੁਰੂ ਮੋਰਚਾ ਮਰ੍ਹਾਜ ਦਾ ।
ਬੜੀ ਤਸਵੀਰ ਸੋਹਣੀ, ਫੁੱਟ ਚੁਗ ਲੂਗੀ ਚੋਣੀਂ,
ਅੱਜ ਆਗੀ ਲੈਣ ਹੋਣੀਂ, ਜੀ ਦਲੇਰ ਏਸ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਬੰਦੇ ਦੇਸ਼ ਦੇ ਸਲੱਗ, ਗੋਰੇ ਲੈਹਣ ਲੱਗੇ ਪੱਗ,
ਏਥੇ ਆ ਕੇ ਖਾਣ ਲੱਗ, ਗੇ ਕੁਰਲ ਮੱਛੀਆਂ ।
ਇਨ੍ਹਾਂ ਲਿਆ ਬਘਿਆੜਾਂ ਨੂੰ ਸਮਝ ਵੱਛੀਆਂ ।
ਬਾਜ਼ੀ ਲੱਗੀ ਸਿਰ ਧੜ, ਜਾਣਗੇ ਜਹਾਜ਼ ਚੜ੍ਹ,
ਜੇੜ੍ਹਾ ਸੂਤ ਆਜੇ ਫੜ, ਮਾਰ ਦਿਓ ਕਲੇਸ਼ ਨੂੰ ।

ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਪਵੇ ਰੂਪ ਡੁੱਲ੍ਹ-ਡੁੱਲ੍ਹ, ਲੋਕ ਵਰਸੌਂਣ ਫੁੱਲ,
ਪਿਓ ਨੂੰ ਮਿਲਣਾ ਨਾ ਮੁੱਲ, ਦੁੱਖ ਮਾਂ ਤੇ ਭੈਣ ਨੂੰ ।
ਆ ਗਿਆ ਅੱਜ ਸੁਰਗੋਂ ਬਬਾਨ ਲੈਣ ਨੂੰ ।
ਮੂੰਹ ਤੇ ਨੂਰ ਰਿਹਾ ਬਰਸ, ਦੇ ਗਿਆ ਕੌਮ ਨੂੰ ਦਰਸ,
ਕੀਤਾ ਭਾਰਤ-ਵਰਸ਼, ਦੇ ਆਜ਼ਾਦ ਦੇਸ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਸੀ ਭਗਤ ਸਿੰਘ ਸੂਰਾ, ਕੰਮ ਛੱਡੇ ਨਾ ਅਧੂਰਾ,
ਕਰ ਲੈਂਦਾ ਜੁਆਨ ਪੂਰਾ, ਆਪ ਦੇ ਮਿਸ਼ਨ ਨੂੰ ।
ਐਹੋ ਜ੍ਹੇ ਜਵਾਬ ਦੇ ਗਿਆ ਸ਼ਿਸ਼ਨ ਨੂੰ ।
ਉਮਰ aੁੱਨੀ ਬੀਸ ਸਾਲ, ਮੱਥਾ ਲਾਲਾ ਜੈਸਾ ਲਾਲ,
ਹੋਗੇ ਦੇਖਕੇ ਨਿਹਾਲ, ਚੰਦ ਜੈਸੇ ਫ਼ੇਸ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਸੁਣ ਨੇੜੇ ਹੋ ਮਹੈਣਾਂ, ਇਹਨਾਂ ਐਂ ਨਾ ਪਿਛੋਂ ਲੈਹਣਾਂ,
ਡੇਗੋ ਰੇਲਾਂ, ਤੋੜੋ ਲੈਣਾਂ, ਨਾ ਰੁਕਾਏ ਰੁਕ ਜੋ ।
ਮਿਲੇ ਅੰਗਰੇਜ਼ ਮਾਰ ਕੇ ਤੇ ਲੁਕ ਜੋ ।
ਰਾਣਾਂ ਸਾਂਗਾ ਦੀ ਜੇ ਬਿੰਦ, ਜੇ ਬਚੌਣਾ ਤੁਸੀਂ ਹਿੰਦ,
ਵਾਰ ਦੇਸ ਉਤੋਂ ਜਿੰਦ, ਦੇ ਗਿਆ ਸੰਦੇਸ਼ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

ਕੱਢ ਹਵਾਲਾਤੋਂ ਬਾਹਰ, ਖੜ੍ਹੀ ਮੋਟਰ ਤਿਆਰ,
ਵਿੱਚ ਕਰਕੇ ਸਵਾਰ ਜੀ, ਦਰਿਆ ਤੇ ਧੁਰ ਲਿਆ ।
ਘਾਇਲ ਕੀਤਾ ਜੁਆਨ ਨੂੰ ਫ਼ੀਰੋਜ਼ਪੁਰ ਲਿਆ ।
ਮੜ੍ਹੀ ਬਣੀ ਜਿੱਥੇ ਦਾਗ, ਹੁੰਦਾ ਹਰ ਸਾਲ ਰਾਗ,
'ਰੱਜਬਅਲੀ ਖ਼ਾਨ', ਭਾਗ, ਲੱਗ ਗੇ ਪਲੇਸ ਨੂੰ ।
ਮੁੱਦਤਾਂ ਦੀ ਸੁੱਤੀ ਪਈ ਜਗਾਤਾ ਰੇਸ ਨੂੰ ।

11. ਲੱਖ ਕੁਰਬਾਨੀ ਦੇ ਕਰ

ਸੋਲਾਂ ਅੱਖਰਾ ਛੰਦ-੧੧

ਅੱਧ ਸਦੀ ਹੈ ਗੁਜ਼ਰੀ, ਕਰਦੇ ਰਾਜ ਫ਼ਰੰਗੀ ਨੂੰ ।
ਮੁਸ਼ਕਲ ਜੀਵਨ ਹੋ ਗਿਆ, ਬੜੀ ਪੁਚਾਵਨ ਤੰਗੀ ਨੂੰ ।
'ਕਾਲਾ ਲੋਕ' ਪੁਕਾਰਨ, ਦਿਲ ਸੇ ਕਰਨ ਹਕਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਰਾਜ ਖ਼ਜ਼ਾਨਾ ਖੋਹ ਲਿਆ, ਕਰਤੇ ਇੰਡੀਅਨ ਖੋਖਲੇ ।
ਸਭ ਤੋਂ ਪਹਿਲਾਂ ਨਿੱਤਰੇ, ਤਿਲਕ, ਬ੍ਰਾਹਮਣ ਗੋਖਲੇ ।
ਬੜੀ ਹਕੂਮਤ ਜ਼ੁਲਮੀ, ਖੜ੍ਹਕੇ ਪੜ੍ਹਨ ਇਬਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਜੌਹਰ ਸ਼ੌਕਤ ਗਰਜਣ, ਉੱਪਰ ਖੜ੍ਹੇ ਸਟੇਜਾਂ ਦੇ ।
ਸੁਣਕੇ ਕੰਬਣੀ ਚੜ੍ਹਜੇ, ਧੜਕਣ ਦਿਲ ਅੰਗਰੇਜ਼ਾਂ ਦੇ ।
ਸੀਨਿਆਂ ਵਿਚ ਅੱਗ ਲਾਤੀ, ਚਾੜ੍ਹਨ ਜੋਸ਼ ਹਰਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਗਾਂਧੀ ਨੇ ਹੱਦ ਕਰਤੀ, ਸੀ ਦੁੱਧ ਪੀ ਕੇ ਬੱਕਰੀ ਦਾ ।
ਜਾਨ ਤਲੀ ਧਰਕੇ, ਤੱਕੜੇ ਦੇ ਨਾਲ ਟੱਕਰੀ ਦਾ ।
ਮੈਂ ਸਵਰਾਜ ਦਵਾਦੂੰ, ਲੱਗ ਗਿਆ ਦੇਣ ਬੁਸ਼ਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਅਬੁਲ ਕਲਾਮ ਤੇ ਨਿਉਛਾਵਰ, ਅੰਮ੍ਰਿਤਸਰ ਦਾ ਕਿਚਲੂ ਜੀ ।
ਬਰਖ਼ਿਲਾਫ਼ ਜੋ ਬੋਲੇ, ਜੀਭ ਹਕੂਮਤ ਖਿੱਚਲੂ ਜੀ ।
ਕਰਨ ਫ਼ਰੰਗੀ ਆਣ, ਇਕਬਾਲ ਜਿਨਾਂਹ ਦੀ ਜ਼ਿਆਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਚੰਦਰ ਸੁਭਾਸ਼ ਪਟੇਲ ਐ, ਸੋਹਣੇ ਹਿੰਦ ਦੇ ਲਾੜੇ ਜੀ ।
ਝੰਗਿਆੜਨ ਤੜ੍ਹ ਮਾਰਨ, ਪਿੰਜਰਿਆਂ ਦੇ ਵਿੱਚ ਤਾੜੇ ਜੀ ।
ਦਸ ਵਾਰੀ ਕੱਟਕੇ ਜਿਹਲਾਂ, ਨਹਿਰੂ ਕਰੇ ਸਦਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਵਤਨ ਪਿਆਰੇ ਕਾਰਨ, ਮਰੇ ਬਹਾਦਰ ਕੂਕੇ ਜੀ ।

ਪਕੜ ਹਕੂਮਤ ਜ਼ੁਲਮੀ, ਤੋਪਾਂ ਦੇ ਨਾਲ ਫੂਕੇ ਜੀ ।
ਤੂੰਬਾ-ਤੂੰਬਾ ਉੱਡਗੇ, ਬੰਨ੍ਹ ਕੇ ਖੜ੍ਹੇ ਕਤਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਰਲੇ ਸ਼ਹੀਦੀ ਟੋਲੇ ਦੇ ਵਿੱਚ, ਗ਼ਦਰੀ ਬਾਬੇ ਜੀ ।
ਊਧਮ ਸਿੰਘ ਤੇ ਸੇਵਾ, ਸਿੰਘ ਕਰਤਾਰ ਸਰਾਭੇ ਜੀ ।
ਭਾਰਤ ਦੇ ਅਣਖੀਲੇ, ਇੱਕ ਦਿਨ ਖੋਹਣ ਵਜ਼ਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਪੁੱਤਰ ਬਹਾਦਰ ਬਣਦੇ, ਦੁੱਧ ਚੁੰਘ ਅਣਖੀ ਮਾਂਵਾਂ ਦਾ ।
ਡਾਂਗਾਂ ਦੇ ਨਾਲ ਭੰਨਤਾ, ਲਾਜਪਤ ਰਾ ਜਗਰਾਵਾਂ ਦਾ ।
ਫੜਕੇ ਸ਼ੇਰ ਪੰਜਾਬੀ, ਪਲ ਵਿੱਚ ਕਰਤਾ ਗ਼ਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਜਲ੍ਹਿਆਂ ਵਾਲੇ ਬਾਗ਼ 'ਚ, ਜਲਸਾ ਤਿਹਾਂ ਕਲਾਸਾਂ ਦਾ ।
ਡਾਇਰ ਉਡਵਾਇਰ ਹੁਕਮ ਦੇ, ਫ਼ਰਸ਼ ਵਿਛਾਤਾ ਲਾਸ਼ਾਂ ਦਾ ।

ਤੋਪ ਚਲਾਕੇ ਢਾਉਂਦੇ, ਉੱਸਰੀ ਧਰਮ ਇਮਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਹੋਣ ਸ਼ਹੀਦ ਅਕਾਲੀ, ਮਗਰ ਸੁਨਹਿਰੀ ਮੈਣਾਂ ਦੇ ।
ਇੰਜਣਾਂ ਹੇਠ ਸਿਰ ਰੱਖਤੇ, ਉੱਪਰ ਲੇਟ ਗਏ ਲੈਣਾਂ ਦੇ ।
ਦਾਣਿਆਂ ਵਾਂਗੂੰ ਭੁੰਨਤੇ, ਜੈਤੋ ਛੇੜ ਸ਼ਰਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਭਗਤ ਸਿੰਘ ਤੇ ਦੱਤ ਨੂੰ, ਸਾਰਾ ਦੇਸ਼ ਸਲਾਹੇ ਜੀ ।
ਪਹਿਲੀ ਰਾਤ ਲਾਹੌਰ, ਜ਼ਾਲਮਾਂ ਦੇਤੇ ਫਾਹੇ ਜੀ ।
ਸੀਸ ਵਤਨ ਤੋਂ ਵਾਰੇ, ਰੱਬ ਨਾਲ ਕਰਨ ਤਜਾਰਤ ਨੂੰ ।
ਲੱਖ ਕੁਰਬਾਨੀ ਦੇ ਕਰ, ਮਿਲੀ ਆਜ਼ਾਦੀ ਭਾਰਤ ਨੂੰ ।

ਦੋਹਿਰਾ

ਘੁੱਟ-ਘੁੱਟ ਪੀਲੋ ਦੋਸਤੋ, ਵਗੇ ਇਲਮ ਦੀ ਨਹਿਰ ।
ਵਾਰ ਦੁੱਲੇ ਰਜਪੂਤ ਦੀ, ਗੌਣ ਖੜੋਤੇ ਸ਼ਾਇਰ ।

ਦੋ ਭਾਗ ਛੰਦ-੧

ਜਦੋਂ ਅਕਬਰ ਸੀ ਦਿੱਲੀ ਦੀ ਗੱਦੀ ਤੇ,
ਉਨੀਂ ਦਿਨੀਂ ਪੈ ਗਿਆ ਵਖਤ ਲੱਧੀ ਤੇ ।

ਅਗੜੀ ਫ਼ਰੀਦ ਮਾਮਲਾ ਨਾ ਤਾਰਤਾ,
ਸਦਕੇ ਲਹੌਰ ਬਾਦਸ਼ਾਹ ਨੇ ਮਾਰਤਾ ।

ਲੈ ਗਿਆ ਸੀਸ ਬਾਦਸ਼ਾਹ ਦਿੱਲੀ ਨੂੰ ਕੱਟ ਕੇ,
ਭਰੀ ਖੱਲ ਫੂਸ ਦੀ ਲਹੌਰ ਲੱਟਕੇ ।

ਜਦੋਂ ਸੀਸ ਮਾਰ ਤਲਵਾਰ ਡੂੰਗ ਦਾ,
ਮੇਹਰੂ ਸੀ ਪਠੀਰ ਦੁੱਲਾ ਦੁੱਧ ਚੁੰਘਦਾ ।

ਜਿਹੜੀ ਅਕਬਰ ਬਾਦਸ਼ਾਹ ਦੀ ਰਾਣੀ ਸੀ,
ਸ਼ੇਖੂ ਉਦੀ ਗੋਦ 'ਚ ਦੁੱਲੇ ਦਾ ਹਾਣੀ ਸੀ ।

ਲੋੜ ਪੈ ਗਈ ਧੌਲਰੀਂ ਚੁੰਘੌਣ ਵਾਲੀ ਦੀ,

ਚੰਗੇ ਖਾਨਦਾਨ ਦੀ ਜ਼ਨਾਨੀ ਭਾਲੀ ਦੀ ।

ਕਿਸੇ ਦੱਸ ਪਾਤੀ ਬਾਦਸ਼ਾਹ ਸਿਆਣੇ ਨੂੰ,
ਅੱਪੜੇ ਨਾ ਕੋਈ ਪਿੰਡੀ ਦੇ ਘਰਾਣੇ ਨੂੰ ।

ਸਿਰੋਂ ਨੰਗੀ ਔਰਤ ਫਰੀਦ ਖਾਨ ਦੀ,
ਗਿੱਦੜਾਂ ਤੋਂ ਚਿਤਰੇ ਬਣੈਨ ਜਾਣਦੀ ।

ਮੁਢਲੇ ਦਲੇਰ ਭੱਟੀਆਂ ਦੇ ਤੱਲਕੇ,
ਸੱਦ ਲੀ ਲਹੌਰ ਅਸਵਾਰ ਘੱਲ ਕੇ ।

ਕੱਢ ਕੇ ਤੇ ਵੱਟ ਪਿਛਲੇ ਕਰੋਧ ਦੇ,
ਲੈ ਲਿਆ ਸਹਿਜ਼ਾਦਾ ਸ਼ੇਖੂ ਵਿੱਚ ਗੋਦ ਦੇ ।

ਦਿਨਾਂ ਵਿੱਚ ਦੁੱਧ ਦੀ ਨਹਿਰ ਵੱਗ ਪੀ,
ਸੱਜਾ 'ਮੁੰਮਾ' ਸੇਖੂ ਨੂੰ ਚੁੰਘੌਣ ਲੱਗ ਪੀ ।

ਦਿਨਾ ਵਿੱਚ ਭੁੱਲ ਗੀ ਪਰਾਣੇ ਗ਼ਮ ਜੇ,

ਸੇਖੂ ਸ਼ਾਹ ਨੂੰ ਦੁੱਲੇ ਦੇ ਉੱਤੋਂ ਦੀ ਸਮਝੇ ।

ਖੱਬੀ ਚੂਚੀ, ਮਾਤਾ ਦੀ ਦੁੱਲੇ ਨੇ ਚੁੰਘਲੀ,
ਖਿੱਚੀ ਫਿਰੇ ਪੁੱਤ ਨੂੰ ਲਗਾਕੇ ਉਂਗਲੀ ।

'ਰਜਬਲੀ' ਵੇਖ ਰੂਹ ਪਿਤਾ ਦੀ ਭੜਕੇ,
ਆਇਆ ਇੱਕ ਲੱਧੀ ਨੂੰ ਖੁਆਬ ਤੜਕੇ ।

ਦੋਹਿਰਾ

ਸੁਪਨੇ ਦੇ ਵਿੱਚ ਰਾਤ ਨੂੰ, ਗਈ ਜਨਾਨੀ ਦਹਿਲ ।
ਦਿੱਤੀ ਝਿੜਕ ਫ਼ਰੀਦ ਨੇ, ਹੋਗੀ ਪਿਟ-ਪਿਟ ਘਾਇਲ ।

ਡੂਢਾ ਛੰਦ-੨

ਲੱਧੀ ਤਾਈਂ ਆਏ ਸੁਪਨੇ ਡਰਾਮਣੇ, ਸੁੱਤੀ ਲਹੌਰ ਦੇ ਕਿਲੇ ।
ਆਕੇ ਰੂਹ ਫ਼ਰੀਦ ਦੀ ਖੜੋਗੀ ਸਾਹਮਣੇ, ਪਤੀ ਨਰਾਜ਼ ਹੋ ਮਿਲੇ ।
ਉਧਲਾਂ ਪਿੰਡੀ ਨੂੰ ਛੱਡਕੇ ਤੇ ਭੱਜੀਆਂ, ਤੁਰੀ ਅਡਾਕੇ ਖਿੜਕੀ ।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਬੈਠ ਜਾ ਹਰਾਮ ਖੋਰੇ ਜਾਕੇ ਚਕਲੇ, ਮੈਂ ਨਿਜ ਨੂੰ ਵਿਆਹੀ ਸੀ ।
ਭਟੀਆਂ ਦੇ ਆਈ ਕਿਉਂ ਚੰਡਾਲ ਸ਼ਕਲੇ, ਤੇ ਜ਼ਾਤ ਦੀ ਜਲਾਹੀ ਸੀ
।
ਵੈਰੀ ਦਾ ਹਰਾਮ ਮਾਲ ਖਾਕੇ ਰੱਜੀਆਂ, ਫੱਟਾਂ ਤੇ ਲੂਣ ਛਿੜਕੀ ।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਫਿਰਦੀ ਬਜ਼ਾਰ 'ਚ ਖੜੇਂਦੀ ਸੰਢੀਏ, ਨੀ ਚੱਕਕੇ ਸਪੋਲੀਆ ।
ਖੱਬਾ ਮੁੰਮਾ ਸੇਖੂ ਨੂੰ ਚੁੰਘੇਂਦੀ ਲੰਡੀਏ, ਪਿਆਕੇ ਫੀਮ ਘੋਲੀਆਂ ।
ਸੇਖੂ ਸ਼ਾਹ ਨੂੰ ਚੂਚੀਆਂ ਚੁੰਘਾਵੇਂ ਸੱਜੀਆਂ, ਹੰਦੀ ਕਿਸੇ ਦੀ ਤਿੜਕੀ
।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਖਲੜ ਫ਼ਰੀਦ ਦਾ ਭਰਿਆ ਵਿਆ ਫੂਸਦਾ, ਅੱਖਾਂ ਦੇ ਮੂਹਰੇ
ਲਟਕੇ ।
ਸੱਜਾ 'ਮੁੰਮਾ' ਵੈਰੀ ਦਾ ਪੁੱਤਰ ਚੂਸਦਾ, ਲੜਿਕਾ ਮੇਰਾ ਭਟਕੇ ।
ਨੈਂ 'ਚ ਬੇੜੀ ਡੋਬ ਦਿੰਦੀਆਂ ਕੁਚੱਜੀਆਂ, ਕਰੀ ਦੀ ਰਿੜ-ਰਿੜ ਕੀ

।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਉਚੇ ਖਾਨਦਾਨ ਨੂੰ ਲਗਾਲੀ ਲੀਕ ਨੀ, ਅਖੀਂ ਡੁੱਬੀ ਦੇ ਕਜਲੇ,
ਤੈਨੂੰ ਦੁੱਧ ਵੈਰੀ ਨੂੰ ਚੁੰਘੌਣਾ ਠੀਕ ਨੀ, ਲਹੌਰ ਆਕੇ ਖਜਲੇ ।
ਗਮਾਂ ਦੀਆਂ ਢੇਰੀਆਂ ਦਿਲਾਂ ਤੇ ਬੱਛੀਆਂ, ਦੰਦੀ ਵੱਡੀ ਵੀ ਭਿੜਕੀ
।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਧੱਕੇ ਖਾਂਦੀ ਫਿਰਦੀ ਪਿੰਡੀ ਦੀ ਰਾਣੀਏ, ਸੰਭਾਲ ਜਾਕੇ ਝੁਗੇ ਨੂੰ,
ਕੱਖੋਂ ਹੌਲਾ ਕਰਤਾ ਗਰਕ ਜਾਣੀਏ, 'ਬਾਬੂ' ਫ਼ਰੀਦ ਉਘੇ ਨੂੰ ।
ਕਰ ਪੁੱਤ ਗੱਭਰੂ ਚੁੰਘਾਕੇ ਮੱਝੀਆਂ, ਫਿਰੇਂ ਕਿੱਧਰ ਧਿੜਕੀ ।
ਸੁਪਨੇ 'ਚ ਬੋਲੀਆਂ ਲੱਧੀ ਨੂੰ ਵੱਜੀਆਂ, ਮਰੇ ਪਤੀ ਨੇ ਝਿੜਕੀ ।

ਦੋਹਿਰਾ

ਬੋਲੀ ਮਾਰੀ ਕੰਥ ਨੇ, ਮੁੜ ਮੁੜ ਸ਼ਰਮਾਂ ਐਣ,
ਸੱਜਾ 'ਮੁੰਮਾ', ਪੁੱਤਰ ਨੂੰ ਲੱਗਗੀ ਫੇਰ ਚੁੰਘਾਉਣ ।

ਦੋ ਭਾਂਤ ਛੰਦ-੩

ਜਦੋਂ ਰੂਹ ਝਿੜਕਗੀ ਕੰਥ ਕੱਬੇ ਦੀ,
ਕੈਰ ਨੂੰ ਫੜਾਤੀ ਬੂਬੀ 'ਮੁੰਮੇ' ਖੱਬੇ ਦੀ ।

ਸੇਖੂ ਲੱਗਾ ਸਾਲ 'ਚ ਬਹਿਣ ਢਿੱਲਾ ਜਿਆ,
ਦੁੱਲਾ ਫਿਰੇ ਰੁੜ੍ਹਦਾ ਘੁੱਕਰ ਬਿੱਲਾ ਜਿਆ ।

ਦੂਜੇ ਸਾਲ ਬੋਲ ਬੋਲਦੇ ਲੜਿੱਕ ਦੇ,
ਪੈਣ ਉੱਤੇ ਚਾਂਬੜਾਂ ਲੱਧੀ ਦੀ ਹਿੱਕ ਦੇ ।

ਸੇਖੂ ਖੜ੍ਹ ਸਕਦਾ ਬਗੈਰ ਬਾਹੀ ਨਾ,
ਦੁੱਲਾ ਭੱਜਿਆ ਦੇਂਵਦਾ ਕਿਸੇ ਨੂੰ ਡਾਹੀ ਨਾ ।

ਚੜ੍ਹੀ ਤੀਜੇ ਸਾਲ ਦੀ ਘੜੀ ਸੁਲੱਖਣੀ,
ਲੱਗ ਜਾਂਦੇ ਛਕਣ ਮਹੀਂ ਦੀ ਮੱਖਣੀ ।

ਖਾਕੇ ਤੇ ਛਟਾਂਕ ਸੇਖੂ ਮੂੰਹ ਨੂੰ ਫੇਰ ਦੇ,

ਦੁੱਲਾ ਤਾਂ ਲਗਾਵੇ ਗਾਛੇ ਸੇਰ-ਸੇਰ ਦੇ ।

ਚੌਥੇ ਸਾਲ ਰੁੱਸਗੇ ਸਜਾਈਆਂ ਬੁੱਲ੍ਹੀਆਂ,
ਲਿਆਤੇ ਮਾਂ ਨੇ ਡੰਡੇ ਤੇ ਰੰਗੀਨ ਗੁੱਲੀਆਂ ।

ਖਿੱਚ-ਖਿੱਚ ਮਾਰੀਆਂ ਦੁੱਲੇ ਨੇ ਬੱਘਾਂ ਜੀ,
ਸੇਖੂ ਸ਼ਾਹ ਦੇ ਮੁੱਖ 'ਚੋਂ ਡਿੱਗਣ ਝੱਗਾਂ ਜੀ ।

ਲਿਆਤੀ ਸਾਲ ਪੰਜਵੇਂ ਮੜ੍ਹਾ ਕੇ ਗੇਂਦ ਜੀ,
ਦਿਨਾਂ 'ਚ ਖੁਰਾਕ ਖੁਆ ਚੜ੍ਹਾਤੀ ਪੇਂਦ ਜੀ ।

ਦੋਵੇਂ ਸ਼ੇਰ ਇੱਕ-ਦੂਸਰੇ ਤੋਂ ਕਾਹਲੇ ਜੀ,
ਸੇਖੂ ਸਿਰ ਕਰਤੇ ਦੁੱਲੇ ਨੇ ਪਾਲੇ ਜੀ ।

ਛੀਵੇਂ ਸਾਲ ਲੱਗੇ ਖੇਡਣ ਕਬੱਡੀਆਂ,
ਦੱਗ-ਦੱਗ ਵੱਜਣ ਜਿਮੀ ਤੇ ਅੱਡੀਆਂ ।

ਸੱਜਾ 'ਮੁੰਮਾ' ਲੱਧੀ ਨੇ ਚੁੰਘਾਕੇ ਪਾਲਿਆ,

ਮਾਰਿਆ ਸੇਖੂ ਚੱਕ ਕੇ ਦੁੱਲੇ ਢਾਹਲਿਆ ।

ਸੱਤਵੇਂ ਬਰਸ ਮੇਂ ਗੁਲੇਲਾਂ ਚੱਕੀਆਂ,
ਖੇਡ ਦੇ ਸ਼ਿਕਾਰ ਸੀ ਅਡੌਂਦੇ ਫੱਕੀਆਂ ।

'ਬਾਬੂ' ਹੱਥ ਸੇਖੂ ਦੇ ਕੰਬਣ ਉਕ ਜੇ,
ਵਾਲ ਵੱਧਾ ਦੁੱਲੇ ਦਾ ਨਿਸ਼ਾਨਾ ਠੁੱਕ ਜੇ ।

ਦੋਹਿਰਾ

ਅਕਬਰ ਆਣ ਲਹੌਰ ਮੇਂ, ਲਾਲਿਆ ਸੀ ਦਰਬਾਰ ।
ਕੁਸ਼ਤੀ ਕਰਦੇ ਬਾਲਕੇ, ਖਾੜੇ ਦੇ ਵਿਚਕਾਰ ।

ਮੁਕੰਦ ਛੰਦ-੪

ਬਾਦਸ਼ਾਹ ਨੇ ਲਾ ਲਿਆ ਦਰਬਾਰ ਆਣ ਜੀ,
ਲਿਆ ਦੋਹਾਂ ਜਣਿਆਂ ਦਾ ਇਮਤਿਹਾਨ ਜੀ ।
ਸੇਖੂ ਢਿਲਾ ਦੁੱਲਾ ਖਾ ਖੁਰਾਕ ਕਾਹਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

'ਕੌਰ', ਨਾਲ ਪੁੱਤ ਲੱਧੀ ਦਾ ਘੁਲਾਲਿਆ,
ਪੰਜਾਂ ਮਿੰਟਾਂ 'ਚ ਸੀ, ਦੁੱਲੇ ਢਾਹਲਿਆ ।
ਧਰਤੀ ਤੇ ਵੱਜਿਆ ਮੌਰਾਂ ਦਾ ਵਿਚਾਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

ਇੱਕੋ ਹੀ ਉਮਰ ਦੋਵੇਂ ਇੱਕ ਮੇਲ ਦੇ,
ਫੇਰ ਦੋਵੇਂ ਬਾਲਕ ਕਬੱਡੀ ਖੇਲ ਦੇ ।
ਸੇਖੂ ਸਿਰ ਕਰਤਾ ਦੁੱਲੇ ਨੇ ਪਾਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

ਕਹੇ ਤੋਂ ਗੁਲੇਲੇ ਤੇ ਗੁਲੇਲਾਂ ਚੁਕੀਆਂ,
ਚੋਟਾਂ ਲੈਂਦਾ ਪੰਦਰਾਂ ਸਹਿਜ਼ਾਦੇ ਉਕੀਆਂ ।
ਜਾਂਵਦਾ ਨਿਸ਼ਾਨਾ ਨਾ ਦੁੱਲੇ ਦਾ ਆਹਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

ਮਗਰੋਂ ਭਜਾਤੇ ਦੋਵੇਂ ਵਿੱਚ ਰੇਸ ਦੇ,

ਸੇਖੂ ਡਿੱਗਿਆ ਗੋਡੇ ਜੇ ਛਿੱਲੇ ਗਏ ਏਸ ਦੇ ।
ਦੁੱਲਾ ਅੱਗੇ ਲੰਘ ਗਿਆ ਗਰਮ ਫਾਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

ਸੱਜਾ 'ਮੁੰਮਾ' ਦੁੱਲੇ ਨੂੰ ਚੁੰਘਾਕੇ ਫੁਲੀ ਤੂੰ,
ਗੱਲ ਨਾ ਫ਼ਰੀਦ ਦੀ ਦਿਲਾਂ ਤੋਂ ਭੁਲੀ ਤੂੰ ।
'ਰੱਜਬਲੀ' ਕਰਜੂ ਪਿੰਡੀ ਨੂੰ ਟਾਲਾ ਹੈ,
ਸੱਜੇ, ਖੱਬੇ ਮੂੰਮੇ ਦਾ ਫਰਕ ਬਾਹਲਾ ਹੈ ।

ਦੋਹਿਰਾ

ਮੰਨ ਨਮੋਸ਼ੀ ਉਸ ਨੇ, ਨਾ ਕੁਛ ਪਾਇਆ ਮੂੰਹ ।
ਲੱਧੀ ਉੱਠ ਸਵੇਰ ਨੂੰ, ਕਰੇ ਲਹੌਰੋਂ ਕੂਚ ।

ਦੋ ਭਾਗ ਛੰਦ-੫

ਵਾਰ ਦੁੱਲੇ ਰਾਠ ਦੀ, ਸੁਣਾਵਾਂ ਹੋਰਨਾ,
ਸੂਰਮੇ ਦੇ ਗੌਣ ਚ ਮਚੌਣਾ ਸ਼ੋਰ ਨਾ ।

ਕੀਹਨੂੰ ਦੱਸੇ ਦਿਲ ਦੀ ਭੜਾਸ ਕੱਡ ਕੇ,
ਪਿੰਡੀ ਵਿੱਚ ਪੌਂਹਚ ਗੀ ਲਹੌਰ ਛੱਡ ਕੇ ।

ਘਰੇ ਆਕੇ ਪੜ੍ਹਨ ਬਹਾ ਤਾ ਦੁੱਲੇ ਨੂੰ,
ਐਵੇਂ ਕਾਹਨੂੰ ਇਲਤੀ ਬਣੈਨਾ ਖੁਲੇ ਨੂੰ ।

ਦੁੱਲਾ ਪੁਛੇ ਕਰ ਕਾਜ਼ੀ ਨੂੰ ਸਲਾਮ ਜੀ,
ਕਿਵੇਂ ਛੇਤੀ ਨਿਕਲੇ ਬੰਦੇ ਦਾ ਨਾਮ ਜੀ ।

ਭਲਿਆਈ ਵਿੱਚ ਲੱਗ ਜਾਂਦਾ ਝੱਟ ਲੈ,
ਛੇਤੀ ਉਘਾ ਹੋਣਾ ਬਦਨਾਮੀ ਖੱਟ ਲੈ ।

ਹਾਰ-ਹਿੰਗ ਕਰੇ ਨਾ ਲੱਧੀ ਦਾ ਸ਼ੇਰ ਜੀ,
ਗੋਡਿਆਂ ਥੱਲੇ ਲੈ ਲਿਆ ਮੁਲਾਣਾ ਫੇਰ ਜੀ ।

ਜੇਹੜੇ 'ਰੂਲ' ਨਾਲ ਮੁੰਡਿਆਂ ਨੂੰ ਕੁਟਣ ਜੀ,
ਉਹੀ ਲੱਗ ਜਾਂਦੇ ਕਾਜ਼ੀ ਤੇ ਛੁਟਣ ਜੀ ।

ਕਾਜ਼ੀ ਦੀ ਹਜਾਮਤ ਕਰਾਈ ਸੱਜਰੀ,
ਟੋਟਣ 'ਚ ਮਾਰਦਾ ਘੁਕਾ ਕੇ ਬੱਜਰੀ ।

ਤੇ ਘਸੁੰਨ ਨਾਲਦਿਆਂ ਮੁੰਡਿਆਂ ਨੇ ਟੇਕ ਤੇ,
ਮਾਰ-ਮਾਰ ਮੁਲਾਂ ਦੇ ਜੁਬਾੜੇ ਸੇਕ ਤੇ ।

ਵਿਹੜੇ 'ਚ ਘੜੀਸ ਮੂੰਹ ਮਿੱਟੀ ਸੇ ਭਰਤਾ,
ਗੱਲ ਕਾਹਦੀ ਕਾਜ਼ੀ ਮਰਨਾਊ ਕਰਤਾ ।

ਮੁੰਡਿਆਂ 'ਚ ਖੇਡ ਦਾ ਬਣਾ ਕੇ ਢਾਣੀ ਨੂੰ,
ਰਾਜ਼ੀ ਸੂਰਮਿਆਂ ਦੀ ਸੁਣ ਕੇ ਕਹਾਣੀ ਨੂੰ ।

ਜਿਵੇਂ ਨਿੱਕਾ ਹੁੰਦਾ ਖੇਡ ਦਾ ਦਹੂਦ ਸੀ,
ਹਰ ਵੇਲੇ ਪਾਈ ਰੱਖਦਾ ਖਰੂਦ ਸੀ ।

ਕੋਈ ਮੂਹਰੇ ਕਰੇ ਨਾ ਮੜਕ ਹਿੰਡੀ ਦੇ,
ਰੱਖਦਾ ਮਚਾਈ ਛੋਰ ਵਿੱਚ ਪਿੰਡੀ ਦੇ ।

ਖੂਹ ਦੇ ਉੱਤੇ ਬੈਠ ਕੇ ਜਮਾਵੇ ਤੜੀਆਂ,
ਮਾਰਕੇ ਗੁਲੇਲੇ ਭੰਨ ਦੇਵੇ ਘੜੀਆਂ ।

ਤੌੜਿਆਂ 'ਚੋਂ ਜਾਣ ਪੈਂਦੀਆਂ ਤਤੀਰੀਆਂ,
ਪਾਣੀ ਨਾਲ ਭਿੱਜ ਜਾਂਦੀਆਂ ਗੁੱਤੀਰੀਆਂ ।

'ਰਜਬਲੀ' ਜਾਂਦੀਆਂ ਲੱਧੀ ਦੇ ਬੂਹੇ ਤੇ,
ਚੱਲ ਤੈਨੂੰ ਠੀਕਰੇ ਵਿਖਾਈਏ ਖੂਹੇ ਤੇ ।

ਦੋਹਿਰਾ

ਜੈਲਦਾਰਨੀ ਕੋਲ ਜਾ, ਬੁੜੀਆਂ ਰੀ-ਰੀ ਕਰਨ,
ਤੌੜੇ ਤੋੜੇ ਕੁਲ ਦੇ, ਕਿਸ ਵਿਧ ਪਾਣੀ ਭਰਨ ।

ਸ਼ੋਕ ਛੰਦ-੬

ਦੁੱਲੇ ਨਾਲ ਛੋਹਰ ਰਲਗੇ ਦੁੱਲੇ ਦੇ ਧੜਿਆਂ ਦੇ ।
ਠਾ-ਠਾ ਕਰ ਚੱਲਣ ਗੁਲੇਲੇ ਖੂਹੇ ਪਰ ਖੜਿਆਂ ਦੇ ।
ਸਾਰ-ਪਾਰ ਮੋਰੇ ਕਰਤੇ ਵਿੱਚ ਦੀ ਕੁੱਲ ਘੜਿਆਂ ਦੇ ।

ਪਿੰਡ ਦੀਆਂ ਨਾਰਾਂ ਆ ਕੇ ਲੱਧੀ ਨਾਲ ਝਗੜਦੀਆਂ ।
ਪੈਰਾਂ ਤੇ ਡਿੱਗੀਆਂ ਮੱਥੇ ਧਰਤੀ ਤੇ ਰਗੜਦੀਆਂ ।

ਪਾੜਤੇ ਕਾਇਦੇ ਸਾਰੇ ਮਸਜਿਦ ਦਿਆਂ ਪਾੜ੍ਹਿਆਂ ਨੇ ।
ਛਾਪਿਆਂ ਤੇ ਟੰਗਤੀ ਜਿੰਦੜੀ ਕੁਲ ਦਿਆਂ ਉਜਾੜਿਆਂ ਨੇ ।
ਤਕੜਿਆਂ ਦੇ ਆਸਰੇ ਤੇ ਕੱਟਣੇ ਦਿਨ ਮਾੜਿਆਂ ਨੇ ।
ਸਾਡਾ ਨਿਵਾਰ ਸੰਸਾ ਕੁਲ ਦੇ ਕੰਮ ਸਾਰਨੀ ਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਲੋਕੀ ਕੰਨ ਪਰਨੇ ਸੁਤੀ ਬਾਕੀ ਦਿਆਂ ਗਾਵਾਂ ਦੀ ।
ਇਲਤੀ ਪੁੱਤ ਝਿੜਕੇ ਘੂਰੇ ਮੰਨ ਦੇ ਗੱਲ ਮਾਵਾਂ ਦੀ ।
ਪਰਸੋਂ ਦੀ ਭਾਦੀ ਬਣ ਗੀ ਚਿੜੀਆਂ ਤੇ ਕਾਮਾਂ ਦੀ ।
ਫਿਰਦੀ ਮੁਡ੍ਹੀਰ ਚਾਮ੍ਹਲੀ ਝਾੜੀ ਲੁੰਗ ਕਿੱਕਰਾਂ ਦੀ ।
ਖੂਹੇ ਆਵੀ ਲੱਗਗੀ ਟੁਟਿਆਂ ਵਿਆਂ ਠਿਕਰਾਂ ਦੀ ।

ਮਾਰੇ ਗੁਲੇਲੇ ਗਜਵੀ ਦੁੱਲੇ ਦਾ ਲਸ਼ਕਰ ਜੀ ।

ਤੂੰ ਵੀ ਗੱਲ ਟਾਲ ਦਿੰਦੀ ਲੱਧੀਏ ਹੱਸ ਕਰ ਜੀ ।
ਇਥੇ ਕੀ ਟਿੰਡੀਆਂ ਲੈਣੀਆਂ ਰਜਤਾਂ ਨੇ ਵੱਸ ਕਰ ਜੀ ।
ਹੱਥ ਨੂੰ ਹੱਥ ਵੱਢ-ਵੱਢ ਖਾਂਦਾ ਤਾਰੀ ਦੇ ਤਾਰਨੀਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਕੁਛੜ ਬਹਿ ਝਾਟਾ ਮੁੰਨ ਦੇ ਕਰਦੇ ਵਰਾਣ ਜੀ ।
ਉੱਠਕੇ ਤੇ ਵਾੜ ਲੱਗਗੀ ਖੇਤ ਨੂੰ ਖਾਣ ਜੀ ।
ਤਕੜੇ ਦਾ ਹਾਸਾ ਹੋ ਗਿਆ ਮਾੜੇ ਦਾ ਵਾਹਣ ਜੀ ।
ਕੱਲ ਦੇ ਧਰਿਆਏ ਮਰਦੇ ਬੱਚੇ ਚਚਲਿਉਂਦੇ ਐ ।
ਉਹ ਵੀ ਵਿੱਚ ਜਗਦੇ ਬੰਦੇ ਜਿਹੜੇ ਪੌਓ ਲੈਂਦੇ ਐ ।

ਤੇਰਾ ਪੁੱਤ ਚਾਮਲਿਆ ਵਿਆ ਟੁਪਕੇ ਟੁੱਕ ਫੜਦਾ ਨੀ ।
ਕਾਜੀ ਦੇ ਰੂਲ 'ਮੁਨਾਏ' ਟੋਟਣ ਵਿੱਚ ਜੜਦਾ ਨੀ ।
ਕਰੜੇ ਹੱਥ ਲੱਗਿਆਂ ਬਾਝੋਂ ਛੋਹਰ ਨਾ ਪੜਦਾ ਨੀ ।
ਮਾਰ ਕੇ ਮਿੱਠੇ ਪੋਚੇ ਤਪਿਆਂ ਨੂੰ ਠਾਰਨੀਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਖਿੱਚ ਕੇ ਗੁਲੇਲੇ ਮਾਰੇ ਚਾੜ੍ਹ ਕੇ ਚਿੱਲਾ ਨੀ ।
ਏਹਦੇ ਦਰਜੋਧਨ ਵਾਂਗੂੰ ਧੌਣ ਵਿੱਚ ਕਿੱਲਾ ਨੀ ।
ਮਿਲ ਗਿਆ ਕੋਈ ਭੀਮ ਬਹਾਦਰ ਕਰਦੂਗਾ ਢਿੱਲਾ ਨੀ ।
ਉਹਨੇ ਤਾਂ ਇੱਕ ਨਾ ਝੱਲਣੀ ਮਿਲ ਗਿਆ ਬਰਾਬਰ ਦਾ ।
ਵਰਜ ਅਨੇਖੇ ਪੁੱਤ ਨੂੰ ਸਾਰਾ ਪਿੰਡ ਆਬਰ ਦਾ ।

ਨਿਕਲੇ ਨਾ ਪੋਲੇ ਪੈਰੀਂ ਵਿਗੜਿਆ ਵਿਆ ਭੂਤ ਨੀ ।
ਰੰਬੇ ਤੇ ਮੁੰਡੇ ਆਉਂਦੇ ਚੰਡੇ ਵੇ ਸੂਤ ਨੀ ।
ਵੇਖ ਕੇ ਬੁੜ੍ਹੀਆਂ ਆਖਣ ਆਗਿਆ ਜਮਦੂਤ ਨੀ ।
ਚਾਹੜਿਆ ਝਮਲਾਕੇ ਸਿਰ 'ਤੇ ਪਿੰਡ ਨੂੰ ਧਰਕਾਰਨੀਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਅੱਖਾਂ ਨਾਲ ਵੇਖ ਜਾਕੇ ਖੂਹੇ ਦੀ ਤੀਕਰ ਨੀ ।
ਭੰਨ ਕੇ ਕੁੱਲ ਤੰਤੇ ਕਰਤੇ ਚੀਕਰ(ਕੀਚਰ) ਪਰ ਚੀਕਰਨੀ ।
ਪੈਰਾਂ ਵਿੱਚ ਵੱਜਦੇ ਫਿਰਦੇ ਭੱਜੇ ਵੇ ਠੀਕਰ ਨੀ ।

ਭਾਂਡੇ ਕੁੱਲ ਬੋੜੇ ਕਰਤੇ ਲਹਿਗੇ ਕਰੀਂਡਲ ਜੇ ।
ਪੰਦਰਾਂ ਵੀਹ ਪਿੰਡ 'ਚੋਂ ਲੜਕੇ ਰਲਗੇ ਸੰਗ ਸੀਂਡਲ ਜੇ ।

ਹੋਊ ਵੱਧ ਚਾਰ ਰੱਤੀਆਂ ਦੁੱਲਾ ਫ਼ਰੀਦ ਤੋਂ ।
ਗੁਰੂ ਤੋਂ ਰਹਿ ਗਿਆ ਕੁਛ ਨਾ ਰਹਿਨਾ ਮਰੀਦ ਤੋਂ ।
ਕੋਹਿਆ ਜਾਊ ਬਕਰਾ ਪਹਿਲਾਂ ਤੇਰਾ ਬਕਰੀਦ ਤੋਂ ।
(ਫੇਰ)ਪੀੜ੍ਹੀ ਹੇਠ ਸੋਟਾ ਪੁੱਤਦੇ ਜਿੰਦ ਹਧਾਰਨੀਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਨਾਰਾਂ ਦੇ ਭੰਨ ਤੇ ਭਾਂਡੇ ਭਰੇ ਸਾਗਰ ਦੇ ।
ਘਰੋਂ ਕੱਡ ਇੱਕ-ਇੱਕ ਕੁੱਲ ਨੂੰ ਤਾਂਬੇ ਦੀ ਗਾਗਰ ਦੇ ।
ਰੰਡੀਆਂ ਦੇ ਪੁੱਤਰ ਲੱਧੀਏ ਘੋੜੇ ਸੁਦਾਗਰ ਦੇ ।
ਵੀਹਾਂ ਵਿੱਚ ਕੁਦਦੇ ਫਿਰਦੇ ਕਰਦੇ ਨਿਤ ਇਲਤਾਂ ਨੀ ।
ਫੋੜਿਆਂ ਵਾਂਗੂੰ ਅੰਭਗੇ ਭੈਣੇ ਬੁੜੀਆਂ ਦੇ ਕਿਲਤਾਂ ਨੀ ।

ਵੇਖੀ ਨੀ ਵੀਰਬਾਨੀ ਤੇਰੇ ਜੈਸੀ ਖਚਰੀ ਨੀ ।

ਸੇਖੂ ਨੂੰ ਦੁੱਧ ਦੇ ਖੱਬੀਓਂ ਅਕਬਰ ਤੋਂ ਬਚਰੀ ਨੀ ।
ਪਾੜਨੀ ਕਾਲ ਛੁਰੀ ਨੇ, 'ਬਾਬੂ', ਜਿਉਂ ਕਚਰੀ ਨੀ ।
ਚੋਰੇ ਚਤਰਾਈ ਕਰਨੀ ਵਚਨਾ ਤੋਂ ਹਾਰਨੀਏ ।
ਉਜੜ ਜੂ ਨਗਰੀ ਤੇਰੀ ਪਿੰਡ ਦੀ ਸਰਦਾਰਨੀਏ ।

ਦੋਹਿਰਾ

ਲੱਧੀ ਮਾਤਾ ਆਖਦੀ, ਜਾਂ ਘਬਰਾਈ ਜਾਨ ।
ਕੱਲ੍ਹ ਨੂੰ ਲੈਜਿਉ ਗਾਗਰਾਂ ਮੁੰਡੇ ਬੁਰੇ ਸ਼ਤਾਨ ।

ਮਨੋਹਰ ਭਵਾਨੀ ਛੰਦ-੧

ਆਈਆਂ ਕੁਲ ਨਾਰਾਂ ਰਲ, ਮਾਤਾ ਲੱਧੀ ਪੈਗੀ ਗਲ,
ਗਈਆਂ ਵੇਖ ਕੇ ਤੇ ਬਲ । ਨੀ ਭਰਾਵਾਂ ਪਿਟੀਆਂ ।
ਗਾਲਾਂ ਦੇ ਕੇ ਲੱਧੀ ਨੇ ਝਿੜਕ ਸਿਟੀਆਂ ।
ਲੱਧੀ ਬੋਲੀ ਹੋ ਕੇ ਕੌੜੀ, ਕਿਉਂ ਮਚਾਈ ਬੌੜ੍ਹੀ-ਬੌੜ੍ਹੀ,
ਦੋ-ਦੋ ਪੈਸੇ ਆਵੇ ਤੌੜੀ । ਨੀ ਰਖੋਗਾਂ ਜੇਰੇ ਨੂੰ,
ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਕੀਹਦੀ ਭਿਜਗੀ ਪੋਛਾਕ, ਫਿਰੋਂ ਬਣੀਆ ਚਲਾਕ,
ਥੋਡੇ ਤੇਰਾਂ ਤੇਰਾਂ ਜੁਆਕ । ਛੇੜ ਛਿੜੇ ਬੱਗਦਾ,
ਮੇਰਾ ਦੁੱਲਾ ਖੇਡ ਦਾ ਚੰਗਾ ਨਾ ਲੱਗਦਾ ।
ਸਭ ਬਹਿਜੋ ਘਰ ਟਿੱਕ, ਕਿਉਂ ਤਪਾਈ ਮੇਰੀ ਹਿੱਕ,
ਕੁੱਲ ਲੈਜੋ ਇੱਕ-ਇੱਕ । ਗਾਗਰ ਸਵੇਰੇ ਨੂੰ,
ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਆਕੇ ਛੇੜੇ ਜੰਗ ਨਾਮੇ, ਨੀ ਨਚੋੜ ਲੋ ਪਜਾਮੇ,
ਨਿਤ ਦੇਣੇ ਨਾ ਉਲਾਮੇ । ਮੇਰੇ ਨਾਥ ਪੁੱਤਦੇ,
ਸਾਰੇ ਵਾਲ ਪੱਟ ਕੇ ਵਗਾਦੂੰ ਗੁੱਤ ਦੇ ।
ਨਾ ਪੜ੍ਹੌਂਦਾ ਕਾਜ਼ੀ-ਪਾਜੀ, ਸਿੱਖ ਦਾ ਧੰਨਸ਼ ਬਾਜ਼ੀ,
ਹੋਵਾਂ ਵੇਖ ਵੇਖ ਰਾਜ਼ੀ । ਮੈਂ ਬੱਚੇ ਦੇ ਚੇਹਰੇ ਨੂੰ,
ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਲੈ ਕੇ ਹੱਥ 'ਚ ਗੁਲੇਲਾਂ, ਖੇਲਣ ਨਿਆਣੇ ਖੇਲਾਂ,

ਪਹਿਲਾਂ ਛੇੜਣ ਬਹੇਲਾਂ । ਪੁੱਜ ਕੇ ਖਚਰੀਆਂ ।
ਐਨਾ ਥੋੜਾ ਮਾਰ ਖਾਣ ਤੋਂ ਬਚ ਗੀਆਂ ।
ਨਾ ਵਿਖੌਣਾ ਮੈਨੂੰ ਰੋਕੇ, ਰੱਖ ਲੂੰ ਗੁਲੇਲ ਖੋਹਕੇ,
ਮੈਂ ਹਟਾਦੂੰ ਗੁੱਸੇ ਹੋਕੇ । ਪੁੱਤਰ ਬਘੇਰੇ ਨੂੰ,
ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਜਣਾ-ਖਣਾ ਲੈਂਦਾ ਘੇਰ, ਮਾਰਦੇ ਗਿੱਦੜ ਲੇਰ,
ਸ਼ੇਰ ਥਾਂ ਤੇ ਜਾਂਦੇ ਵੇਰ੍ਹ । ਇਤਿਹਾਸ ਲਿੱਖਦੇ,
ਪਿਉ ਦੇ ਪੁੱਤ ਜੰਗ ਦੇ ਨਿਛਾਨੇ ਸਿੱਖਦੇ ।
ਸੂਰਵੀਰ ਲੈਂਦੇ ਵੈਰ, ਨਾ ਹਟੈਣ ਪਿੱਛੇ ਪੈਰ,
ਛੱਡ ਕੇ ਮੈਦਾਨ ਕੈਰ । ਭੱਜ ਜਾਂਦੇ ਡੇਰੇ ਨੂੰ,
ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਦੇਕੇ ਨਾਰਾਂ ਨੂੰ ਵਿਗੋਚੇ, ਤੇ ਲਗਾਵੇ ਪੁੱਤ ਚੋਚੇ,
ਮਾਂ ਨੇ ਮਾਰ ਮਿੱਠੇ ਪੋਚੇ । ਮੋੜੀਆਂ ਜ਼ਨਾਨੀਆਂ ।
ਉਹੋ ਕੱਬੇ ਬਾਪ ਵਾਲੀਆਂ ਨਿਛਾਨੀਆਂ ।

ਕਰੇ 'ਬਾਬੂ' ਜੀ ਗਰੇਣਾ, ਤੇ ਜਹਾਨ ਦੇਵੇ ਮੇਹਣਾ,

ਇਹਨੇ ਨਾ ਕੱਟਣ ਦੇਣਾ । ਵੱਤ(ਵਖਤ) ਉਖੇਰੇ ਨੂੰ,

ਝਿੜਕਿਉ ਨਾ ਮੇਰੇ ਅਲਕ ਵਛੇਰੇ ਨੂੰ ।

ਦੋਹਿਰਾ

ਗਾਗਰ ਭੰਨਤੀ ਸ਼ੇਰ ਨੇ, ਕਰੇ ਮੋਘਰੇ ਚਾਰ ।

ਰੋ-ਰੋ ਹਰਖੀ ਡੂਮਣੀ, ਰਹੀ ਤਹਾਨੇ ਮਾਰ ।

ਤਰਕਾਂ ਮਾਰੇ ਡੂੰਮਣੀ, ਜੰਮ ਕਿਉਂ ਪਿਆ ਕਮੂਤ ।

ਕੈਦ ਬਗੈਰਾਂ ਛੋਕਰਾ, ਇਹ ਨਾ ਐਣਾ ਸੂਤ ।

ਸ਼ਬਦ ਤਰਜ਼-੮

੧

ਮਾਰੇ ਤਰਕਾਂ ਮਰਾਸਣ ਖੜਕੇ, ਕਿਧਰੋਂ ਕਮੂਤ ਜੰਮਿਆਂ ॥

ਸਾਥੋਂ ਲਵੇਂ ਦਰਸੀਸਾਂ ਝ(ਤ)ੜਕੇ, ਪਿਉ ਦੇ ਵਾਂਗ ਜਾਵੇਂ ਡੰਮਿਆਂ ।

ਲਾਸ਼ ਨਾਲ ਰੱਸਿਆਂ ਦੇ ਜੁੜੀ, ਕਿਲੇ ਮੂਹਰੇ ਖਾਵੇ ਝਟਕੇ ।

ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

੨

ਹਾਲਾ ਦੇਣ ਦਾ ਨਾਮ ਨਾ ਲੈਂਦੇ, ਬਾਦਸ਼ਾਹ ਬਣਾਈਆਂ ਫਾਕੜਾਂ ।
ਰੱਸੀ ਬਲ ਜੇ ਵੀਚ ਵੱਟ ਰਹਿੰਦੇ, ਸੁਕੀਆਂ ਵਖੇਂਦੇ ਆਕੜਾਂ ।
ਖਾਲੀ ਛੱਡ ਗਿਆ ਫ਼ਰੀਦ ਭੰਗੂੜੀ, ਦਿੱਲੀ ਨੂੰ ਸੀਸ ਲੈਗੇ ਕੱਟ ਕੇ
।
ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

੩

ਸਿਆਣੇ ਆਖਦੇ ਰੜੇ ਨੰਗ ਆਕੀ, ਤੇਰੀ ਸਾਵੀਂ ਗੱਲ ਨਿੱਕਿਆ ।
ਬਾਪ ਮਾਰਤਾ ਛੱਡਿਆ ਕੀ ਬਾਕੀ, ਉਦੇ ਨਾਲ ਜਾਕੇ ਮਿੱਕਿਆ ।
ਮਾਤਾ ਲੱਗਗੀ ਚੁੰਘਾਵੀ ਬੂੜੀ, ਰੱਬ ਨੇ ਬਗਾਤੇ ਪੱਟਕੇ ।
ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

੪

ਲਿਖੇ ਭਾਵੀ ਦੇ ਲੇਖ ਮਸਤਕ ਤੇ, ਵਾਂਗ ਦਰਜੋਧਨ ਦੇ ।
ਜਿਹੜੇ ਸੂਰਮੇ ਮਰਨ ਬੀਬਾ ਹੱਕ ਤੇ, ਵਰਜ ਰਹੇ ਓਦਨ ਦੇ ।
ਲੱਧੀ ਮੁਗਲਾਂ ਬਣਾ ਲੀ ਚੂੜ੍ਹੀ, ਆਪ ਵਿੱਚ ਮਾਰੇ ਫੱਟਕੇ ।
ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

੫

ਉਸਤਾਦ ਦੇ ਲਫੇੜੇ ਮਾਰੇ, ਸਾਹਮਣੇ ਜਮਾਤੀਆਂ ਦੇ ।
ਕਲ ਕਰੇ ਕੀ ਬੇਸ਼ਰਮਾਂ ਕਾਰੇ, ਨਾਲ ਦੀਆਂ ਚੁਆਤੀਆਂ ਦੇ ।
ਖੂਹ ਤੇ ਲੱਗੀ ਠੀਕਰਿਆਂ ਦੀ ਰੂੜੀ, ਔਰਤਾਂ ਦੇ ਭੰਨੇ ਮਟਕੇ ।
ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

੬

ਅਲੀ ਰਾਅ ਨੇ ਫੜਾਤੇ ਦੋਵੇਂ, ਕਰਕੇ ਲਹੌਰ ਚੁਗਲੀ ।

ਨਾਲ ਚੜ੍ਹਗੇ ਰਸਾਲੇ ਮੁਗਲੀ, ਵਜਦੇ ਨਗਾਰੇ ਮੁਗਲੀ ।
'ਬਾਬੂ' ਜਵਾਂ ਨਾ ਕਹਾਣੀ ਕੂੜੀ, ਮਾਂ ਤੋਂ ਪਤਾ ਲੈ-ਲੈ ਹੱਟਕੇ ।
ਪਿਊ ਦੇ ਭਰੀ ਵੀ ਖਲੜ ਵਿੱਚ ਤੂੜੀ, ਪਾਜੀਆ ਲਹੌਰ ਲਟਕੇ ।

ਦੋਹਿਰਾ

ਗੱਲਾਂ ਲੱਗੀਆਂ ਕੌੜੀਆਂ, ਆਵੇ ਸ਼ਰਮ ਨਹੈਤ ।
ਮਾਤਾ ਕੋਲੇ ਆਣ ਕੇ, ਦੱਸਦਾ ਕੁਲ ਹਕੈਤ ।

ਔੜਾ ਛੰਦ-੯

ਸ਼ਰਮ ਨਾਲ ਜਾਂਦਾ ਗੈਂਦਾ, ਆਗਿਆ ਘਰ ਡਿਗਦਾ ਢਹਿੰਦਾ ।
ਮੇਹਣਿਆਂ ਨੇ ਅੰਦਰ ਫੂਕਿਆ, ਲੱਧੀ ਦੇ ਕੋਲੇ ਕੂਕਿਆ ।
ਮੈਂ ਨਾ ਮਾਤਾ ਝੂਠ ਬੋਲਦਾ, ਤੇ ਕੁਲ ਲਾਡ ਵਡਿਆਈਆਂ ਭੁਲੀਆਂ ।
ਸੁਣੀ ਜਾਂ ਗੱਲ, ਦੋਵੇਂ ਅੱਖੀਆਂ ਭਟੱਕ ਦੇਣੇ ਖੁਲੀਆਂ, ਸੁਣੀ ਜਾਂ ਗੱਲ ।

ਖੂਹ ਤੇ ਗੁਲੇਲੀਂ ਖੇਲੇ, ਗਾਗਰ ਵਿੱਚ ਵੱਜੇ ਗੁਲੇਲੇ ।
ਨੰਦੀ ਮਰਾਸਣ ਜੇਹੜੀ, ਉਹ ਨੇ ਗੱਲ ਪਿਛਲੀ ਛੇੜੀ ।
ਡੂਮਣੀ ਨੇ ਤਾਹਨੇ ਮਾਰਕੇ ਤੇ ਤਿੱਖੀ-ਕਰਦ ਕਾਲਜੇ ਵਾਹੀ ।
ਬੰਦਿਆਂ ਦੇ ਵਿੱਚ, ਮੇਰੀ ਛੋਤ ਮਰਾਸਣ ਲਾਹੀ, ਬੰਦਿਆਂ ਦੇ ਵਿੱਚ ।

ਦੱਸਦੀ ਬਦਮਾਸ਼ ਮੁਕਾਲੇ, ਅਕਬਰ ਦੇ ਦੱਬ ਲੇ ਹਾਲੇ ।
ਸਾਂਭੇ ਰੱਬ ਬਾਪ ਦਾਦੇ, ਤੇਰੇ ਵੀ ਉਹੀ ਅਰਾਦੇ ।
ਡੁਸਕ ਲਗਾਉਂਦੀ ਧੰਦੜੇ ਤੇ, ਮੈਨੂੰ ਗ੍ਹਾਲਾਂ ਡੂਮਣੀ ਕੱਢੀਆਂ।
ਮਰਨ ਜੋਗਾ, ਆਖੇ ਫਾਹਾ ਲਵੇ ਚੱਕ ਅੱਡੀਆਂ, ਮਰਨ ਜੋਗਾ ।

ਸੁਣ ਕੇ ਤੇ ਤੌਰ ਕਕਾਰਾ, ਓਥੇ ਪਿੰਡ ਜੁੜ ਗਿਆ ਸਾਰਾ ।
ਵੱਡਿਆਂ ਦੇ ਮਾਰੇ ਮੇਹਣੇ, ਕਹਿੰਦੀ ਟੁੱਟ ਪੈਣਾ ਨੇਹਣੇ ।
ਚੱਲ ਕੇ ਤੇ ਪੁੱਛ ਲੈ ਕਿਤੋਂ, ਮਾਂ ਮੇਰੀ ਝਾੜ ਵੀ ਦੇਣ ਉਗਾਹੀ ।
ਬੰਦਿਆਂ ਦੇ ਵਿੱਚ, ਮੇਰੀ ਛੋਤ ਮਰਾਸਣ ਲਾਹੀ, ਬੰਦਿਆਂ ਦੇ ਵਿੱਚ ।

ਸਿੱਖਣ ਗਏ ਲੈਣ ਨਿਸ਼ਾਨੇ, ਪੁਣ ਤੇ ਮੇਰੇ ਦਾਦੇ-ਨਾਨੇ ।
ਛੋਹਰ ਕੁੱਲ ਜਾਂਦੇ ਟੱਪੀ, ਚੰਗੂੰ ਖੁੰਬ ਮੇਰੀ ਠੱਪੀ ।
ਸ਼ਾਹ ਨੇ ਤੇਰਾ ਬਾਪ ਮਾਰਤਾ ਵੇ, ਭਰੀ ਖਲੜੀ ਫੂਸ ਨਾਲ ਲਟਕੇ
।
ਕਿਲੇ ਦੇ ਅੱਗੇ, ਮਾਂ ਤੋਂ ਪੁੱਛ ਲੈ ਬੇਸ਼ਰਮਾ ਹਟਕੇ, ਕਿਲੇ ਦੇ ਅੱਗੇ ।

ਫਿਰਦਾ ਨੱਕ ਵੱਢਿਆ ਜਿਊਂਦਾ, ਬਾਬਲ ਦਾ ਵੈਰ ਵਿਆਉਂਦਾ ।
ਚਿੜੀਆਂ ਤੇ ਧਰ ਲਿਆ ਦੱਥਾ, ਅਕਬਰ ਨਾਲ ਲਾਲੈ ਮੱਥਾ ।
ਉਸਦਾ ਕਰੀਂ ਮੁਕਾਬਲਾ ਵੇ, ਜੀਹਨੇ ਗੱਡ ਲੀ ਲਹੌਰ ਵਿੱਚ ਫਾਹੀ
।
ਬੰਦਿਆਂ ਦੇ ਵਿੱਚ, ਮੇਰੀ ਛੋਤ ਮਰਾਸਣ ਲਾਹੀ, ਬੰਦਿਆਂ ਦੇ ਵਿੱਚ
।

ਮੈਨੂੰ 'ਮਾਂ' ਨੰਦੀ ਆਹਦੀ, ਥੋਡੀ ਰਜਪੂਤੀ ਕਾਹਦੀ ।
'ਤੇਰੀ' ਮਾਂ ਆਕੜ ਵਾਲੀ, ਮੁਗਲਾਂ ਨੇ ਗੋਲੀ ਲਾਲੀ ।
ਜ਼ੋਰਵਰ ਲੈਗੇ ਧੱਕ ਕੇ ਜੀ, ਜਾਕੇ ਕਰ ਲਿਆ ਮੁਕਾਮ ਲਹੌਰ ਐ ।

ਕਿਲੇ ਦੇ ਵਿੱਚ, ਰਹੀ ਰਾਜੇ ਦਾ ਚੰਘੇਂਦੀ ਕੈਰ ਐ, ਕਿਲੇ ਦੇ ਵਿੱਚ ।

ਲਾਹਣਤ ਧਿਰਕਾਰ ਨਕੰਮਿਆਂ, ਭੱਟੀਆਂ ਦੇ ਨਿਜ ਨੂੰ ਜੰਮਿਆਂ ।
ਡੁਬਕੇ ਮਰ ਨਿਘਰ ਜਾਣਿਆਂ, ਮੁਗਲਾਂ ਦਾ ਜੂਠਾ ਖਾਣਿਆਂ ।
ਪਿੰਡ ਜੈਲਦਾਰਨੀ ਬਣੀ ਜੀ, ਕਰੇ ਰਾਣੀ ਦੀ ਟਹਿਲ ਜੁਲਾਹੀ ।
ਬੰਦਿਆਂ ਦੇ ਵਿੱਚ, ਮੇਰੀ ਛੋਤ ਮਰਾਸਣ ਲਾਹੀ, ਬੰਦਿਆਂ ਦੇ ਵਿੱਚ ।

'ਬਾਬੂ' ਜੀ ਖੋਲ ਹਕੈਤਾਂ, ਕਰਦਾ ਸ਼ਰੀਕ ਸ਼ਕੈਤਾਂ ।
ਅਲੀ ਰਾਅ ਵੈਰੀ ਹੱਡਦਾ, ਹੱਥਾਂ ਤੇ ਦੰਦੀਆਂ ਵੱਢਦਾ ।
ਉਹਦੇ ਨਾਲ ਜਾ ਕੇ ਟੱਕਰਾਂ ਜੇ, ਕਿਤੇ ਰੱਬ ਨੇ ਕਰਾ ਤੇ ਮੇਲੇ ।
ਜੰਗਲ ਵਿੱਚ, ਪਾਰ ਕੱਢਦੂੰ ਪਿੰਡੇ 'ਚੋਂ ਸੇਲੇ, ਜੰਗਲ ਵਿੱਚ ।

ਹੋਇਆ ਜੇ ਪਿਉ ਦੀ ਬਿੰਦ ਮੈਂ, ਨਹੀਂ ਲਕੋਣੀ ਜਿੰਦ ਮੈਂ ।
ਚੁੰਘਿਆ ਜੇ ਮਾਂ ਦਾ ਦੁੱਧ ਜੀ, ਅਕਬਰ ਨਾਲ ਕਰਲੂੰ ਯੁੱਧ ਜੀ ।
ਗਿਣ-ਗਿਣ ਲੈਲੂੰ ਬਦਲੇ ਮੈਂ, ਜਾਊਂ ਦਿੱਲੀ ਨੂੰ ਮਚੈਣ ਤਬਾਹੀ ।

ਬੰਦਿਆਂ ਦੇ ਵਿੱਚ, ਮੇਰੀ ਛੋਤ ਮਰਾਸਣ ਲਾਹੀ, ਬੰਦਿਆਂ ਦੇ ਵਿੱਚ

।

ਦੋਹਿਰਾ

ਲੱਧੀ ਮਾਤਾ ਆਖਦੀ, ਸੋਲਾਂ ਆਨੇ ਠੀਕ ।

ਬਦਲਾ ਲੈਲਾ ਬਾਪ ਦਾ, ਲੱਗੇ ਕੁਲਾਂ ਨੂੰ ਲੀਕ।

ਦੋ ਭਾਗ ਛੰਦ-੧੦

ਲੱਧੀ ਕਹਿੰਦੀ ਬੱਚਿਆ ਤਮਾਮ ਸੱਚੀਆਂ ।

ਵੈਰ ਲੈਲਾ ਛਾਤੀਆਂ ਠਰਨ ਮੱਚੀਆਂ ।

ਲੋਹੇ ਜੈਸੀ ਪੱਕੀ ਗੱਲ ਝੂਠ ਨਾ ਜਰਾ,

ਤੇਰੇ ਦਾਦੇ ਲਾਲ ਖਾਂ, ਜਲਾਲ ਦੋ ਭਰਾ ।

ਰੋਣ ਡੈਹਿਗੀ ਨੀਰ ਨਾ ਅੱਖਾਂ ਦਾ ਥੰਮਿਆਂ,

ਤੇਰਾ ਬਾਪ ਸੀ ਜਲਾਲ ਖਾਂ ਦੇ ਜੰਮਿਆਂ ।

ਲਾਲ ਖਾਂ ਦੇ ਘਰੇ ਪੁੱਤ ਹੋਇਆ ਰਾਅ-ਅਲੀ,
ਅਲੀ ਰਾਅ ਫ਼ਰੀਦ ਦੋਵੇਂ ਇੱਕੋ ਜੇ ਬਲੀ ।

ਲੁਟ-ਲੁਟ ਕੇ ਸੁਨਿਆਰ ਤੇ ਕਰਾੜ ਵੀ,
ਨਿਤ ਧਾੜ ਮਾਰਕੇ ਲਿਆਉਂਦੇ ਧਾੜਵੀ ।

ਤੇ ਸ਼ਰੀਕ ਇੱਕ-ਦੂਸਰੇ ਦੀ ਸਹਿਣ ਨਾ,
ਇੱਕ ਮਿਆਨ ਦੋ-ਦੋ ਤਲਵਾਰਾਂ ਪੈਣ ਨਾ ।

ਕਿਸੇ ਗੱਲੋਂ ਜੂਤ ਦੋਹਾਂ ਦਾ ਖੜਕਿਆ,
'ਪਤੀ' ਅਲੀ ਰਾਅ ਨੂੰ ਕੁੱਟ ਕੇ ਦੜਕਿਆ ।

ਛੱਡ ਜਾਏ ਨਗਰੀ ਹਰਖ ਮੰਨਿਆਂ,
ਉਹਨੇ ਜਾਕੇ ਗੜ ਸੀ 'ਗੰਧਾਲੀ' ਬੰਨਿਆ ।

ਅਲੀ ਰਾਅ ਨੇ ਰੱਖੀ ਗੱਲ ਵਿੱਚ ਦਿਲ ਦੇ ।
ਬਾਦਸ਼ਾਹ ਨੂੰ ਘੋੜੇ ਲੈ ਲਹੌਰ ਮਿਲਦੇ ।

ਇੱਕ ਗੱਲ ਪੁੱਤ ਭੁੱਲ ਗੀ ਵਿਚਾਲਿਉਂ,
ਤੇਰੇ ਪਿਉ ਨੇ ਦੇਤਾ ਸੀ ਜੁਆਬ ਹਾਲਿਉਂ ।

ਜਾਕੇ ਕੋਕੇ ਜੜ੍ਹਤੇ ਸ਼ਕਾਇਤ ਕਰਤੀ,
ਮਾਮਲਾ ਫ਼ਰੀਦ ਘਰੇ ਜਾਵੇ ਵਰਤੀ ।

ਇੱਕ ਦਿਨ ਸੁੱਤੇ ਨਾਲ ਸੀ ਅਰਾਮ ਦੇ,
ਲੱਥੇ ਆਕੇ ਕਟਕ ਉਦਾਲੇ ਗਾਮ ਦੇ ।

ਹੋਗੇ ਸੀ ਨਿਸਾਰੂ ਬੀ ਬਦੀ ਦੇ ਬੋਏ ਵੇ ।
ਬਾਪ ਪੁੱਤ ਫੜ ਲੇ ਸ਼ਰਾਬੀ ਹੋਏ ਵੇ ।

ਗੱਲ ਕੀ ਕਸੂਤੀਆਂ ਕੁਬੇਲੇ ਛੇੜੀਆਂ,
ਲੈਗੇ ਸੀ ਲਹੌਰ ਵਿੱਚ ਲਾਕੇ ਬੇੜੀਆਂ ।

ਵਿੱਚ ਫੂਸ ਭਰਤਾ ਲੁਹਾਕੇ ਚਮੜੀ,
ਸੇਖੂ ਦੀ 'ਚੁੰਘਾਵੀ' ਲਾ ਲੀ ਤੇਰੀ ਅੰਮੜੀ ।

ਏਹੋ ਦਾਰੂ ਮੇਰੇ ਵੇ ਗ਼ਮਾਂ ਦੇ ਤਾਪ ਦਾ,
ਵੈਰ ਲੈ-ਲੈ ਬੱਚਿਆ ਫ਼ਰੀਦ ਬਾਪ ਦਾ ।

ਸਿਰੀ ਵੱਢ ਲੈਣੀ ਆਲੀ ਰਾਅ ਖਰਾਬ ਦੀ,
ਇੱਕ ਮੱਟੀ ਰਵੇ ਚੜ੍ਹੀ ਵੀ ਸ਼ਰਾਬ ਦੀ ।

ਗਿੱਠ-ਗਿੱਠ ਡੱਕਰੇ ਬਣਾ ਕੇ ਛੋਟੇ ਵੇ,
ਡਾਢ੍ਹੀ ਟੰਗਾਂ-ਬਾਹਾਂ ਦੇ ਬਣਾ ਕੇ ਟੋਟੇ ਵੇ ।

ਗੋਂਦ ਸਿਟ ਉਸਦੀ ਸਿਰੀ ਦੀ ਮੜਕੇ,
ਪਿੰਡ ਵਿਚ ਖੇੜਦੇ ਫਿਰਨ ਲੜਕੇ ।

'ਰਜਬਲੀ' ਅਗੋਂ ਦੀ ਨਿਗ੍ਹਾਦੇ ਲਾਲ ਜੇ,
ਫੇਰ ਠੰਡ ਪੈਜੇ ਮਾਂ ਬੁੱਢੀ ਦੇ ਕਾਲਜੇ ।

ਦੋਹਿਰਾ

ਲੱਧੀ ਮਾਂ ਨੇ ਪੁੱਤ ਨੂੰ, ਕਰੇ ਕਰਾਰੇ ਕੌਲ ।
ਆਗਿਆ ਜੋਸ਼ ਸਰੀਰ ਨੂੰ, ਜਿਵੇਂ ਉਬਲਦੇ ਚੌਲ ।

ਦੋ ਭਾਗ ਛੰਦ-੧੧

ਹਾਰ ਗੁੰਦੇ ਫੁੱਲ ਬੇ-ਸ਼ੁਮਾਰ ਚੁਣਕੇ,
ਸੂਰਮਿਆਂ ਦੇ ਰੰਗਟੇ ਖੜਨ ਸੁਣਕੇ ।

ਲੱਧੀ ਜਦੋਂ ਖੋਲ ਤੇ ਪਰਾਣੇ ਪੜਦੇ,
ਸੁਣ ਰੋਜ਼ੇ ਜਾਂਦੇ ਸੀ ਦੁੱਲੇ ਨੂੰ ਚੜਦੇ ।

ਚੁੰਗਿਆ ਅਣਖ ਵਾਲੀ ਮਾਂ ਦੇ ਦੂਧ ਨੂੰ,
ਜੋਸ਼ ਆਗਿਆ ਭੱਟੀ ਰਾਜੇ ਦੇ ਬਜੂਦ ਨੂੰ ।

ਖਾ ਸ਼ਰਮ ਹੋ ਗਿਆ ਤਿਆਰ ਪੈਰ ਤੇ,
ਚੜ ਜਾਂਦਾ ਗੱਭਰੂ ਪਿਉ ਦੇ ਵੈਰ ਤੇ ।

'ਬਾਰ' ਵਿੱਚ ਅਲੀ ਰਾਅ ਸ਼ਿਕਾਰ ਖੇਡ ਦੇ,

ਦੁਸ਼ਮਣ ਘੇਰ ਲਿਆ ਭੱਟੀ ਨੇ ਟੇਡ ਦੇ ।

ਮਾਰੇ ਲਲਕਾਰੇ ਜਦੋਂ ਨੇੜੇ ਆਣ ਕੇ,
ਅਲੀ ਰਾਅ ਖੜੋ ਗਿਆ ਦੁੱਲੇ ਨੂੰ ਸਿਆਣ ਕੇ ।

ਜਿਸ ਵੇਲੇ ਅੱਖ ਸੂਰਮਿਆਂ ਦੀ ਲੜੀ ਐ,
ਹੋਗੀ ਝੰਡ ਧੌਣ ਤੇ ਦੋਹਾਂ ਦੇ ਖੜੀ ਐ ।

ਭੱਟੀਆਂ ਦੀ ਜਿੰਦ ਇੱਕੋ ਖਾਨਦਾਨ 'ਚੋਂ,
ਸੂਰਮਿਆਂ ਨੂੰ ਮੇਹਣਾ ਭੱਜਣਾ ਮੈਦਾਨ 'ਚੋਂ ।

ਲੱਗੇ ਤਲਵਾਰਾਂ ਦੇ ਜਰਾਕੇ ਪੈਣ ਜੀ,
ਟਕਰੇ ਇੱਕੋ ਜੇ ਨਾ ਸਖਾਲੇ ਢੈਣ ਜੀ ।

ਦੋਹੇਂ ਜਦੋਂ ਰੱਤ 'ਚ ਨਹਾਕੇ ਲਿਬੜੇ,
ਗੱਲ ਇੱਕ ਜਣੇ ਦੇ ਮਰੇ ਤੋਂ ਨਿਬੜੇ ।

ਅਲੀ ਰਾਅ ਨੂੰ ਮਾਰ ਲਿਆ ਅਖੀਰੀ ਪਤੇ ਐ,

ਦਿਨ ਢਲੇ ਮਿਲ ਗੀ ਦੁੱਲੇ ਨੂੰ ਫਤਹੇ ਐ ।

ਘੋੜੇ ਉੱਤੇ ਲੋਥ ਲੱਦ ਲੀ ਸ਼ਰੀਕ ਦੀ,
ਲੱਧੀ ਖੜੀ ਉਤੇ ਬੂਹੇ ਦੇ ਉਡੀਕ ਦੀ ।

ਵੇਖ ਕਹਿੰਦੀ ਸ਼ਵਾਸ਼ੇ ਜਣੇਦਿਆਂ ਪੁੱਤਰਾ,
ਵੱਡ ਕੇ ਸ਼ਰੀਕ ਦਾ ਬਣਾਤਾ ਕੁਤਰਾ ।

ਹਟੇ ਨਾ ਹਟਾਇਆ ਐਤਨਾ ਕਠੇਠ ਸੀ,
ਟੰਗਾਂ-ਬਾਹਾਂ ਡਾਹਤੀਆਂ ਭੱਠੀ ਦੇ ਹੇਠ ਸੀ ।

ਗੋਂਦ ਕੱਚਾ ਸੂਤ ਲੈ ਸਿਰੀ ਤੇ ਮੜ ਲੀ,
ਫੇਰ ਖੂੰਡੀ ਭੱਟੀ ਨੇ ਹੱਥਾਂ 'ਚ ਫੜ ਲੀ ।

ਪੂਰੇ ਸੱਠ-ਸੱਤਰ ਜਵਾਨ ਹੋਣੇ ਐ,
ਵੀਹਾਂ ਵਿੱਚ ਵੱਜਦੇ ਖਿਦੋ ਨੂੰ ਟੋਣੇ ਐ ।

ਤਿੰਨ ਪਹਿਰ ਖੇਡ-ਖੇਡ ਕੇ ਗੁਜ਼ਾਰਤੇ,

ਪੈਣ ਖੂੰਡੇ ਗੰਦ ਤੇ ਦੁੱਲੇ ਦੇ ਵਾਰ ਤੇ ।

ਮਾਰ-ਮਾਰ ਖੋਪੜੀ ਉਡਾਤੀ ਅੱਧੀ ਐ,

'ਰਜਬਲੀ' ਵੰਡਦੀ ਪਤਾਸੇ ਲੱਧੀ ਐ ।

ਦੋਹਿਰਾ

ਡਾਕੇ ਮਾਰੇ ਸੂਰਮਾਂ, ਲੁਟ ਲਿਆ ਦੇਸ਼ ਤਮਾਮ ।

ਸਾਰੇ ਹੋ ਮਸ਼ਹੂਰ ਗਿਆ, ਜੁਆਨ ਦੁੱਲੇ ਦਾ ਨਾਮ ।

ਬੇਗਮ ਦਾ ਸਿਰ ਕੁਤਰਵਾ, ਲੁਟ ਲਿਆ ਕੁਲ ਅਸਬਾਬ ।

ਸ਼ਾਹ ਨੂੰ ਖਬਰਾਂ ਲੱਗਦੀਆਂ, ਹੋ ਗਿਆ ਭੁਜ ਕਬਾਬ ।

ਗੱਡੀ ਛੰਦ-੧੨

ਅਕਬਰ ਦੇ ਸਕਾਇਤਾਂ ਹੋਈਆਂ, ਲੱਧੀ 'ਮਾਂ' ਰਾਠ ਦੀਆਂ ।

ਮੈਦਾ ਖੱਤਰੀ ਕਚਹਿਰੀ ਕੂਕੇ, ਦੱਬਲੀ ਬਜਾਜੀ ਲੱਖ ਦੀ ।

ਲੁਟਿਆ ਘੋੜਿਆਂ ਦਾ ਸੁਦਾਗਰ ਜੇਹੜਾ, ਸਿਟਤੀ ਲਿਖਾ ਕੇ ਅਰਜ਼ੀ ।

ਰਾਣੀ ਕੂੰਜ ਕਰਲੈਂਦੀ ਆਈ, ਮੰਦਰਾਂ 'ਚ ਨ੍ਹੇਰ ਪੈ ਗਿਆ ।
ਉਹਦੇ ਲੱਗੀ ਵੀ ਮੱਥੇ ਤੇ ਸਿਆਹੀ, ਚੰਦ ਜੈਸੇ ਮੁਖੜੇ ਤੇ ।
ਨੈਣ ਸੁਜਗੇ ਮਮੋਲਿਆਂ ਵਰਗੇ, ਰਹਿਣ ਇੰਜਾਂ ਵਰਸ ਦੀਆਂ ।
ਸਿਰ ਝਿਰੜਿਆ ਮਤੀਰੇ ਵਰਗਾ, ਪਟੀਆਂ ਵਿਰਾਨ ਹੋਗੀਆਂ ।
ਆਗੀ ਮੁੜਕੇ ਸੁਹਾਗਣ ਰਾਣੀ, ਵੇਸਰ ਲੁਹਾਕੇ ਨੱਕ ਦੀ ।
ਅਕਬਰ ਨੂੰ ਤਰਾਨੇ(ਤਾਹਨੇ) ਮਾਰੇ, ਬੇਗਮ ਮਜਾਜਣ ਨੇ ।
ਤੈਨੂੰ ਛੱਡ ਕੇ ਜਲਾਹਾ ਕਰਲੂੰ, ਵਸਾਂ ਨਾ ਬੇਸ਼ਰਮਾਂ ਦੇ ।
ਸੁਣ ਭੱਖ ਗਿਆ ਅੰਗਿਆਰੇ ਵਾਂਗੂੰ, ਅੱਖੀਓਂ ਚੰਗਿਆੜੇ ਝੜਦੇ ।
ਸੇਕ ਮਾਰਦਾ ਨਿਕਲ ਦੀਆਂ ਲਾਟਾਂ, ਬਾਦਸ਼ਾਹ ਕਚੂਚ ਹੋ ਗਿਆ ।
ਜੇ ਮੈਂ ਰਾਠ ਨਾ ਸਿਟਾਤਾ ਪਿੰਜਰੇ, ਅਕਬਰ ਕੈਣ ਕਹੂ ।
ਬਾਂਦਾਂ ਬੰਨ ਨਾ ਭਰਾਈਆਂ ਜੇਲਾਂ, 'ਫੁਲਰਾਂ' ਰਕਾਨ ਸਣੇ ।
ਦੁੱਲੇ ਭੱਟੀ ਦੇ ਜਨਾਨੇ ਸਾਰੇ, ਟਕੇ-ਟਕੇ ਵੇਚ ਦਿਆਂ ।
'ਰਜਬਲੀ ਖਾਂ' ਡਰਾ ਲੂ ਕੇਹੜਾ, ਸੂਰਮਿਆਂ ਚਗੱਤਿਆਂ ਨੂੰ ।

ਪਹਿਲਾਂ ਛੇੜਦੇ-ਛੇੜਦੇ, ਭਰਿੰਡਾਂ ਦਿਆਂ ਛੱਤਿਆਂ ਨੂੰ ।ਪਹਿਲਾਂ ਛੇੜਦੇ ।

ਦੋਹਿਰਾ

ਅਕਬਰ ਅਗੜੀ ਬਾਦਸ਼ਾਹ, ਲਾਕੇ ਤੇ ਦਰਬਾਰ ।
ਵੀਚ ਕਚਹਿਰੀ ਧਰ ਦੀਏ, ਪਾਨ ਬੀੜ ਤਲਵਾਰ ।

ਸ਼ਬਦ ਤਰਜ-੧੩

ਬੀੜਾ ਪਾਨ ਦਾ ਕਿਸੇ ਨਾ ਚੱਕਿਆ, ਪੂਰੇ ਦਿਨ ਤਿੰਨ ਗੁਜਰੇ ।
ਬੈਠਾ ਉਛਲੇ ਤਖਤ ਤੇ ਅੱਕਿਆ, ਬਾਦਸ਼ਾਹ ਨੂੰ ਭੁੱਲੇ ਮੁਜਰੇ ।
ਲਾਇਕ ਬੇਗਮ ਰੁੱਸੀ ਨਾ ਅੰਨ ਖਾਂਦੀ, ਇੱਜ਼ਤਾਂ ਉਤਾਰ ਸੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਸਿਰ ਮੁੰਨ ਕੇ ਨਿਸ਼ਾਨੀ ਪਾਤੀ, ਉਦ੍ਹੀ ਤਕਦੀਰ ਹਰਗੀ ।

ਕੈਂਚੀ ਫੜ ਕੇ ਜੜ੍ਹਾਂ ਤੋਂ ਲਾਤੀ, ਗੁੱਤ ਕਾਲੇ ਨਾਗ ਵਰਗੀ ।
ਮਾਰੇ ਸ਼ਰਮ ਲਕੋਕੇ ਲਿਆਂਦੀ, ਸਾਲ 'ਚ ਵਧਣ ਪੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਮਲੀ ਕਾਲਸ ਤਵੇ ਦੀ ਮੂੰਹ ਤੇ, ਛੱਪੜ ਵਿੱਚ ਗੋਤੇ ਦੇ ।
ਬਾਹਰ ਛੱਡ ਗਿਆ ਪਿੰਡੀ ਦੀ ਜੂਹ ਤੇ, ਝੜਾਕੇ ਉੱਤੇ ਖੋਤੇ ਦੇ ।
ਸਾਰਾ ਖੋ ਲਿਆ ਸਿਉਨਾ ਚਾਂਦੀ, ਖਚਰ ਤੋਂ ਲਾਈਆਂ ਛੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਖੋਰ ਪਿਛਲੇ ਸਮੇਂ ਦਾ ਕੱਢਿਆ, ਜੇਵਰ ਉਤਾਰੇ ਚੋਰ ਨੇ ।
ਜੜੋਂ ਘਰੜ-ਘਰੜ ਨੱਕ ਵੱਢਿਆ, ਲੱਧੀ ਦੇ ਹੰਕਾਰੇ ਛੋਰ੍ਹ ਨੇ ।
ਦੇਵੇ 'ਬਾਰ' 'ਚੋਂ ਲੰਘਣ ਨਾ ਰਾਂਦੀ, ਦਾਰੂ ਦੀਆਂ ਚਾੜ੍ਹੇ ਮੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਪਟਰਾਣੀ ਨੂੰ ਮਾਰਦਾ ਤਾਹਨੇ, ਤੈਨੂੰ ਤਾਂ ਵਖਾਤੇ ਨਾਨਕੇ ।
ਵਾਕੀ 'ਹੱਜ' ਕਰ ਜਾਣ ਜਨਾਨੇ, ਮੇਰੀ ਪਿੰਡੀ ਵਿੱਚ ਆਣਕੇ ।
ਕੂੰਜ ਵਾਂਗਰਾਂ ਖੜੀ ਕੁਰਲਾਂਦੀ, ਖਾਂਵਦਾ ਹਰਾਮ ਖੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਅੱਖੀ ਜਾਕੇ ਮੈਂ ਹਕੀਕਤ ਵੇਖੀ, ਨਾਲ ਲੈ ਗਿਆ ਬੀਰਬਲ ਨੂੰ ।
ਉਹਦੀ ਰੇਤ 'ਚ ਰਲਾਦਿਉ ਸ਼ੇਖੀ, ਉਲਟੀ ਲਹਾਦਿਉ ਖੱਲ ਨੂੰ ।
'ਬਾਬੂ' 'ਫੁਲਰਾਂ' ਬਣਾ ਲਾਂ ਬਾਂਦੀ, ਉਸ ਤੋਂ ਭਰਾ ਲਾਂ ਚੱਟੀਆਂ ।
ਮੇਰੀ ਲੁੱਟ ਲੀ ਮੱਕੇ ਨੂੰ ਰਾਂਣੀ ਜਾਂਦੀ, ਬਾਰ ਦਿਆਂ ਹੰਕਾਰਿਆਂ ਭੱਟੀਆਂ ।

ਦੋਹਿਰਾ

ਬੀੜਾ ਚੱਕਿਆ ਕਿਸੇ ਨਾ, ਤੇ ਕੁਮਲਾਗੇ ਪਾਨ ।
ਦੁੱਲੇ ਸ਼ੇਰ ਦਲੇਰ ਤੇ, ਨਾ ਕੋਈ ਚੜਦਾ ਜੁਆਨ ।

ਡੂਡਾ ਛੰਦ-੧੪

ਅਕਬਰ ਜਲਾਲ ਦੀਨ ਹੋ ਤੜਿੰਗ ਗਿਆ, ਲਗਾਲਿਆ ਦਰਬਾਰ ਹੈ ।
ਚੱਕੋ ਕੋਈ ਸੂਰਮਾ ਵਧੇਰਾ ਰਿੰਗ ਗਿਆ, ਪਏ ਪਾਨ ਤੇ ਕਟਾਰ ਹੈ ।
ਮਾਰੇ ਮੁੱਕੀ ਮੇਜ਼ ਦੀ ਨਰਮ ਫੱਟੀ ਤੇ, ਬੜੀ ਮਹਿੰਮ ਜੰਗੀ ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ ।

ਪਹਿਲਾਂ ਕਹਿਣ ਲੱਗਾ ਕਾਬਲੀ ਪਠਾਣਾਂ ਨੂੰ, ਓਏ ਖਾ ਕਬਾਬ ਡੱਕਣਿਓ ।
ਚੜੋ ਰਾਜਪੂਤ ਤੇ ਚਲਾਦਿਉ ਬਾਣਾਂ ਨੂੰ, ਗੜੇ ਉਤਾਂਹ ਨੂੰ ਚੱਕਣਿਓ ।
ਪਛਤਾਵੇ ਬਾਦਸ਼ਾਹ ਇੱਜ਼ਤ ਪੱਟੀ ਤੇ, ਖੁਆ ਕਦਰ ਚੰਗੀ ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ ।

ਸੁਣੋ ਕਸ਼ਮੀਰੀਓ ਜੰਮੂ ਦੇ ਡੋਗਰਿਓ, ਮੁੰਡਿਓ ਪਹਾੜਾਂ ਵਰਗਿਓ
।
ਪਹਿਲਵਾਨੇ ਦਿਉਆਂ ਸੇ ਲੜਨ ਜੋਗਰਿਓ, ਕਿਮੇ ਭੱਟੀ ਸੇ
ਡਰਗਿਓ ।
ਦੁੱਲੇ ਲੱਕ ਬੰਨ ਲਿਆ ਹਰਾਮ ਖੱਟੀ ਤੇ, ਮਲੀ ਕਈਆਂ ਦੀ ਸੰਘੀ
ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ
।

ਸੂਰਜ ਵੰਸ ਛਤਰੀ ਨੈ ਐਲ੍ਹੇ ਦਿਉ, ਸ਼ੇਰਾਂ ਸੇ ਕਰਦੇ ਕੁਸਤੀਆਂ ।
ਵੇਲ੍ਹੇ ਘਰ ਖਾਂਦੇ ਮੁਗਲਾਂ ਦਾ ਪਹਿਲੇ ਦਿਉ, ਉਠੇ ਵਿਖਾਦਿਉ
ਚੁਸਤੀਆਂ ।
ਨੀਵੀਂ ਪਾਕੇ ਬਹਿਗੇ ਜਿਉਂ ਕਰਾੜ ਹੱਟੀ ਤੇ, ਵਖਾਦਿਓ ਧੌਣ
ਟੰਗੀ ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ
।

ਜਾਕੇ ਜੜ੍ਹਾਂ ਪੱਟਣ ਮਰਦ ਦੱਖਣੀ, ਕੰਡੇ ਖੰਡੌਣ ਕਿਕਰੀਆਂ ।
ਮੇਰੀ ਲਾਜ ਸੂਰਮਿਓ ਸਭਾ ਰੱਖਣੀ, ਕਿਉਂ ਆਗੀਆਂ ਸਿੱਕਰੀਆਂ ।
ਰਾਜ਼ੀ ਰਹਿੰਦਾ ਰੱਤ ਮਾੜਿਆਂ ਦੀ ਚੱਟੀ ਤੇ, ਸਭੀ ਜ਼ਮੀਨ ਰੰਗੀ ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ ।

'ਮੈਦੇ' ਹੋਰੀਂ ਕੁਟ ਕੇ ਘਰਾਂ ਨੂੰ ਮੋੜੇ ਸੀ, ਤਮਾਮ ਮਾਲ ਪਚਗਿਆ ।
ਅਲੀ ਰਾਅ ਸੁਦਾਗਰ ਖੁਹਾ ਗਿਆ ਘੋੜੇ ਸੀ, ਬੜਾ ਗਦਰ ਮੱਚ ਗਿਆ ।
ਰਾਣੀ ਨਾ ਗੁੰਦੇਂਦੀ ਸਿਰ ਗੁੱਤ ਕੱਟੀ ਤੇ, 'ਬਾਬੂ' ਸੰਭਾਲੀ ਕੰਘੀ ਪਈ ।
ਕਰੋ ਲਾਲ ਮਾਈ ਦਾ ਝੜਾਈ ਭੱਟੀ ਤੇ, ਉਠਾਲੋ ਤੇਗ਼ ਨੰਗੀ ਪਈ ।

ਦੋਹਿਰਾ

ਜਾਮ ਦੀਨ ਇੱਕ ਅਟਕ ਦਾ, ਬੀੜਾ ਲਵੇ ਉਠਾਏ ।
ਸ਼ਹਿਰ ਦੁੱਲੇ ਰਾਜਪੂਤ ਦਾ, ਤੁਰਤ, ਘੇਰਲੂ ਜਾਏ ।

ਡੂਡਾ ਛੰਦ-੧੫

ਅਕਬਰ ਬਾਦਸ਼ਾਹ ਗੱਦੀ ਤੇ ਗੜਕੇ, ਚੜਿਆ ਕਰੋਧ ਹਮ ਨੂੰ ।
ਕੋਈ ਦੁੱਲੇ ਰਾਠ ਨੂੰ ਲਿਆਵੇ ਫੜਕੇ, ਲੁਹਾਦਿਆਂ ਪੁੱਠੇ ਚੰਮ ਨੂੰ ।
ਤਿੰਨ ਦਿਨ ਹੋਗੇ ਬਾਦਸ਼ਾਹ ਭਟਕ ਦਾ, ਬੀੜਾ ਉਠੈਣੇ ਅੜ ਗਿਆ ।
ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ ।

ਲੈਲੇ ਨਾਲ ਜੁਆਨ ਕਾਬਲ ਕੰਧਾਰ ਦੇ, ਤੇ ਗਜਨੀ ਹਰਾਤ ਦੇ ।
ਹਥਿਆਰ ਪਹਿਨ ਲਲਕਾਰੇ ਮਾਰਦੇ, ਬੜੀ ਲੜਾਕੀ ਜਾਤ ਦੇ ।
ਤੇਜ ਧਾਰ ਖੰਡਾ ਗਾਤਰੇ ਲਟਕਦਾ, ਤੇ ਹੋ ਤਿਆਰ ਖੜ ਗਿਆ ।
ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ

।

ਸਬਜ ਵਛੇਰਾ ਸਬਜ ਕਲੀਨ ਸੀ, ਤੇ ਸਾਜ ਸੀ ਕਸੂਰ ਦਾ ।
ਉੱਤੇ ਬੈਠਾ ਸੱਜਦਾ ਨਿਜ਼ਾਮ ਦੀਨ ਸੀ, ਜਾਣੀ ਝਨਾਂ ਤੋਂ ਦੂਰ ਦਾ ।
ਤੋਰ ਜਿਵੇਂ ਪਰਤਾਪ ਦੇ 'ਚਟਕ' ਦਾ, ਸੁੱਚਾ ਲਗਾਮ ਫੜ ਗਿਆ ।
ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ
।

(ਚਟਕ=ਪਰਤਾਪ ਦੇ ਘੋੜੇ ਦਾ ਨਾਂ ਚੇਤਕ ਸੀ)

ਸੂਹਾ ਝੰਡਾ ਜੰਗ ਦਾ ਹਵਾ 'ਚ ਫਰਕੇ, ਦਮਾਮਿਆਂ ਤੇ ਟਕੋਰ ਪਏ
।
ਹਾਥੀ ਝੰਗਿਆੜ ਦੇ ਜ਼ਮੀਨ ਥਰਕੇ, ਵੜਾ ਕਰਾਰਾ ਛੋਰ ਪਏ ।
ਕੱਲਾ ਜੁਆਨ ਦਸਾਂ-ਦਸਾਂ ਨੂੰ ਪਟਕਦਾ, ਸੁਚਾ ਲਗਾਮ ਫੜ
ਗਿਆ ।
ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ
।

ਹੱਦ ਟੱਪ ਪੌਂਹਚ ਗੇ ਦੁੱਲੇ ਦੀ ਬਾਰ ਮੇਂ, ਨਗਰ ਜਾ ਕੇ ਵਲ ਲਿਆ ।

ਲਲਕਾਰੇ ਮਾਰਦੇ ਜੁਆਨ ਕਾਰਮੇ, ਘਰਾਂ ਨੂੰ ਵਾਹ ਦਿਓ ਹਲ ਲਿਆ ।

ਜਿਹੜੀ ਪਿੰਡੀ ਨਾ ਚਿੜਾ ਫੜਕਦਾ, ਤੇ ਹੋ ਕੇ ਬੇ ਫ਼ਿਕਰ ਖੜ ਗਿਆ ।

ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ ।

ਪੈਣ ਸਵਾਰਾਂ ਲੈ ਉਡਾਈਆਂ ਗਰਦਾਂ, ਨਜੀਕ ਆਕੇ ਢਾਣੀ ਦੇ ।

ਲੱਧੀ ਮਾਂ ਦੇ ਕਾਲਜੇ ਵਗਣ ਕਰਦਾਂ, ਅੰਧੇਰ ਪੈਗੇ ਜਾਣੀ ਦੇ ।

ਜੱਗ ਵਿੱਚ ਮੇਲਾ 'ਬਾਬੂ' ਜੀ ਝੱਟਕ ਦਾ, ਸਦੋ ਕਿਤਾਬਾਂ ਪੜ ਗਿਆ ।

ਕਟਕਾਂ ਦਾ ਮੋਰ੍ਹੀ ਬਾਦਸ਼ਾਹ ਅਟਕ ਦਾ, ਦੁੱਲੇ ਭੱਟੀ ਤੇ ਚੜ੍ਹਗਿਆ ।

ਦੋਹਿਰਾ

ਪਿੰਡ ਵਿਚ ਖਬਰਾਂ ਲੱਗਦੀਆਂ, ਆਉਂਦੇ ਚੜੇ ਗਨੀਮ ।
ਲੱਧੀ ਫਿਕਰੀਂ ਪੈ ਗਈ, ਕੀ ਕੁਝ ਕਰੂ ਗਨੀਮ ।

ਦੋ ਭਾਗ ਛੰਦ-੧੬

ਜਿਉਂ ਜਿਉਂ ਖਬਰਾਂ ਸੁਣਨ ਲੱਗੀ ਬੁਰੀਆਂ,
ਲੱਧੀ ਮਾਂ ਦੇ ਕਾਲਜੇ ਵੱਜਣ ਛੁਰੀਆਂ ।

ਸੱਦ ਕੇ ਸਿਖਾਤਾ ਕਾਜ਼ੀ ਅਤੇ ਪਾਂਡੇ ਨੂੰ,
ਕਹਿਕੇ ਮੇਰੇ ਪੁੱਤ ਨੂੰ ਘਲਾਦੇ ਵਾਂਡੇ ਨੂੰ ।

ਪਾਂਡੇ ਖੋਲ ਪੱਤਰੀ ਵਿਖਾਤੀ ਦੁੱਲੇ ਨੂੰ,
ਭਲੀ ਚੌਹਨੈ ਚੜਕੇ ਭਜਾ ਜਾ ਕੁੱਲੇ ਨੂੰ ।

ਤਿੰਨ ਦਿਨ ਨਾਨਕੀ ਚਨੈਟ ਕੱਟਿਆ,
ਨਹੀਂ ਸੀਸ ਜਾਊਗਾ ਰਣਾਂ 'ਚ ਕੱਟਿਆ ।

ਦੁੱਲਾ 'ਆਖੇ' ਕਾਜ਼ੀ ਬਾਮ੍ਹਣਾ ਦੇ ਲੱਗ ਗਿਆ,
ਉਸੇ ਵੇਲੇ ਚੜ੍ਹ ਨਾਨਕਿਆਂ ਨੂੰ ਵੱਗ ਗਿਆ ।

ਮੁਗਲਾਂ ਨੇ ਘੇਰ ਲੀ ਪਿੰਡੀ ਦੀ ਨਗਰੀ,
ਖ਼ੂਹ ਦੇ ਵਿੱਚ ਪੈਗੀ ਭੱਟੀ ਦੀ ਉਜੱਗਰੀ ।

ਆਕੇ ਫੌਜ ਵਿੱਚ ਉੱਤਰੀ ਨਿਆਈਆਂ ਦੇ,
ਪਹਿਰੇ ਦਰਬਾਜ਼ੀਂ ਲੱਗ ਗੇ ਸਿਪਾਹੀਆਂ ਦੇ ।

ਕੁਝ ਪੈਗੇ, ਕਰੀ ਪਟਰੌਲ ਬਾਕੀਆਂ,
ਛੋਰ ਪਾਤੇ ਪਾਕੇ ਹਿਣਕਾਟ ਰਾਕੀਆਂ ।

ਹਾਥੀਆਂ ਦੇ ਉੱਤੋਂ ਲਾਹੀਆਂ ਅਲਮਾਰੀਆਂ,
ਖਚਰਾਂ ਨੂੰ ਲੈਗੇ ਚਾਰਨੇ ਨਿਹਾਰੀਆਂ ।

ਚਿਲਕੋਰਾਂ ਮਾਰਨ ਕਟਾਰਾਂ ਨੰਗੀਆਂ,
ਬਿਰਛਾਂ ਤੇ ਝੂਲਣ ਕਮਾਣਾ ਟੰਗੀਆਂ ।

ਲੱਧੀ ਕਹਿੰਦੀ 'ਫੁਲਰਾਂ' ਭਰਾਵਾਂ ਪਿੱਟੀਏ,

ਚੱਲ ਪੈਰੀਂ 'ਮੇਹਰੂ' ਦੇ ਸਿਲੋਟੀ ਸਿੱਟੀਏ ।

ਓਸੇ ਵੇਲੇ ਸੱਸ-ਨੇਂਹ ਚਬਾਰੇ ਚੜ੍ਹੀਆਂ,

ਦੋਵੇਂ ਰੋਣ ਮੇਹਰੂ ਦੇ ਚਬਾਰੇ(ਦਵਾਰੇ) ਖੜ੍ਹੀਆਂ ।

'ਬਾਬੂ' ਜੀ ਜਗੌਣ ਮੇਹਰ ਖਾਂ-ਵੇ-ਮੇਹਰ ਖਾਂ,

ਉੱਠ ਨਿਗਾ ਪਿੰਡੀ ਦੇ ਉਦਾਲੇ ਫੇਰ ਖਾਂ ।

ਦੋਹਿਰਾ

ਵੇਖ ਕੱਟਕ ਨੂੰ ਉੱਤਰ ਗਿਆ, ਪੋਸ਼ਤ ਨਸ਼ਾ ਨਾਲਾਇਕ ।

ਆਵੇ ਅੰਤ ਸਮਾਰ ਨਾ, ਮੈਂ 'ਦੱਸ' ਮਾਰ੍ਹੂੰ ਕਾਇਕ ।

ਤਰਜ-੧੭

੧

ਦੋਵੇਂ ਨੇਂਹ-ਸੱਸ ਆਈਆਂ ਡੇਰੇ,

ਖੜਾ ਅਮਲੀ ਸਿਰ ਨੂੰ ਫੇਰੇ,

ਪਾਪੀ ਮੁਗਲਾਂ ਪਾਲੇ ਘੇਰੇ ।

ਫਿਰੇ ਲਛਕਰ ਉਡਦੇ ਰੇਤੇ ਜੀ,

ਅੱਜ ਮੇਹਰੂ ਆਗਿਆ ਚੇਤੇ ਜੀ ।

ਪੁੱਤ ਹਰਖਿਆ ਮਾਰੇ ਮੇਹਣੇ,

ਕੀ ਕਰਜੇ ਤੁਸਾਂ ਦੇ ਦੇਣੇ,

ਮਾਂ ਚੰਦਰੀ ਮੁੜ-ਮੁੜ ਨੇਹਣੇ ।

ਕਿਵੇਂ ਜਾਦ ਕਰ ਲਿਆ ਭੁੱਲੇ ਨੂੰ,

ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

੨

ਮੈਨੂੰ ਲੱਧੀ ਏ ਸਭ ਕੁਝ ਦਿਸਦਾ,

ਭਰੇ ਫੋੜੇ ਵਾਂਗੂੰ ਫਿਸਦਾ,

ਸੱਚ ਆਦਰ ਕਰਦੀ ਜਿਸਦਾ,

ਔਂਦੀ ਬਿਨਾ ਖੁਰਾਕ ਦਲੇਰੀ ਨੀ,

ਮੈਂ ਪੁੱਤ ਤੇ ਤੂੰ ਮਾਂ ਮੇਰੀ ਨੀ ।
ਬੇਹਾ ਟੁਕਰ ਖਾ ਦਿਨ ਤੋੜਾਂ,
ਜੀਹਨੂੰ ਖੁਆਉਂਦੀ ਪਰੌਂਠੇ ਦੋੜਾਂ,
ਐਸ ਜੰਗ ਵਿੱਚ ਪੈਗੀਆਂ ਲੋੜਾਂ ।
ਭਾਲ ਬਾਗੜ ਬਿਲੇ ਫੁੱਲੇ ਨੂੰ,
ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

੩

ਉਹਨੂੰ ਖੋਏ ਕੱਢ-ਕੱਢ ਖੁਆਵੇਂ,
ਵਿੱਚ ਦਾਖ ਬਦਾਮ ਰਲਾਵੇਂ,
ਮੈਨੂੰ ਝਿੜਕ ਕੇ ਦੂਰ ਹਟਾਵੇਂ ।
ਬੋਡਾ ਹੋਗਿਆ ਪੀ-ਪੀ ਪਿੱਛ ਨੂੰ ਨੀ,
ਖਾਵੇ ਬਾਂਦਰ, ਫਾਹਾ ਰਿੱਛ ਨੂੰ ਨੀ ।
ਮੈਂ ਕਰਜਾਂ ਸਬਰ-ਸਬੂਰੀ,
ਉਹਨੂੰ ਦੇਵੇਂ ਕੁਟ-ਕੁਟ ਚੂਰੀ,

ਥਾਲੀ ਖੀਰ ਕੜਾਹ ਦੀ ਪੂਰੀ ।
ਲਵੇ ਮੌਜਾਂ ਵੱਢਦਾ ਬੁਲੇ ਨੂੰ,
ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

੪

ਚੋਰੀ ਚੱਕ-ਚੱਕ ਬਕਰੇ ਖਾਣਾ,
ਫਿਰੇ ਘਰ 'ਚ ਬਣਾਈ ਠਾਣਾ,
ਤਾਂ ਮੈਂ ਉਸ ਨੂੰ ਸੂਰਮਾਂ ਜਾਣਾ ।
ਅੱਜ ਨੱਕ ਜੇ ਮੋੜੇ ਮਿਰਜੇ ਦਾ,
ਫਿਰੇ ਮੈਲਾ ਨਿਕਲ ਦਾ ਸਿਰ ਜੇ ਦਾ ।
ਜਿਹੜੀ ਮੁਫ਼ਤੀ ਛੱਕਦੇ ਦਾਰੂ,
ਕੱਠੇ ਕਰਲੋ ਉਸ ਦੇ ਵਾਹਰੂ,
ਪਾ ਕੰਡਿਆਲਾ ਕੱਸ ਤਾਰੂ ।
ਅੱਜ ਕਿਧਰ ਭਜਾ ਗਿਆ ਕੁਲੇ ਨੂੰ ।
ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

੫

ਉਹ ਤਕੜਾ ਮੈਂ ਕਮਜ਼ੋਰਾ,
ਪਿਆ ਖਾਲੀ ਸ਼ੇਰ ਦਾ ਘੋਰਾ,
ਕਾਡ ਵਾਰ ਵਡਿਆਈ ਖੋਰਾ ।
ਜੋ ਕਰਦਾ ਰੋਜ਼ ਵਵਾੜਾਂ ਨੂੰ,
ਤੇਰਾ ਗਿੱਦੜ ਵੜਗਿਆ ਝਾੜਾਂ ਨੂੰ ।
ਨਸ਼ਾ ਪੀਕੇ ਕਰਦਾ ਆਕੜ,
ਵੱਢ ਕਰਦੇ ਫਾਕੜ-ਫਾਕੜ,
ਸੱਤਾਂ ਚੂੜਿਆਂ ਜਿਤਨੀ ਆਕੜ ।
ਭੰਨੇ ਨਿੱਤ ਦੁਆਨੀ ਦੇ ਚੁਲੇ ਨੂੰ ।
ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

੬

ਭੁੱਖਾ ਮਰਦਾ ਸੁਕਾਲਿਆ ਚੰਮ ਜੀ,
ਵਾਲੀ ਹਿੱਕ 'ਚੋਂ, ਨਿਕਲੇ ਲੰਮ ਜੀ,

ਦੋਵੇਂ ਦੇਣ ਕੁਵੇਲੇ ਕੰਮ ਜੀ ।

ਖੋਟਾ ਪੈਸਾ ਕਪੁੱਤ ਮੇਰੇ ਵਰਗੇ ਨੀ,

ਕੰਮ ਵਿਗੜੇ ਸਪੂਰਨ ਕਰਗੇ ਨੀ ।

'ਰਜਬਲੀ ਖਾਂ' ਗੋਲੀਆਂ ਰੋੜੇ,

ਟੁੱਟੇ ਦਿਲ ਤੇ ਮੋਤੀ ਜੋੜੇ,

ਗਿਆ ਤੀਰ ਕਮਾਣੋਂ ਮੋੜੇ ।

ਪੌਂਦੀ ਕੋਰੀ ਵਿੱਚ ਦੁੱਧ ਡੁਲੇ ਨੂੰ,

ਖੰਡ, ਦੁੱਧ, ਘਿਉ, ਮੱਖਣੀ ਦੁੱਲੇ ਨੂੰ ।

ਦੋਹਿਰਾ

ਲੱਧੀ ਫੁਲਰਾਂ ਨੂੰ ਕਹੇ, ਤੂੰ ਸੁਣ ਮੇਰੀ ਬਾਤ ।

ਚੱਕ ਲਿਆ ਡੱਬੀ ਫੀਮ ਦੀ, ਆਲਾ ਵਿੱਚ ਸਵਾਤ ।

ਡਿਉਡਾ ਛੰਦ-੧੮

ਕਹੇ ਤਾਕੀ ਸਿਓਨੇ ਦੀ ਸੁਨਹਿਰੀ ਆਲਾ, ਦੋ ਜਿੰਦਰੇ ਸਵਰਨ ਦੇ ।

ਪੋਸਤ ਦਾ ਅਮਲ ਨਿਕੰਮਾ ਵਾਲਾ, ਨਿਕੰਮਾ ਲਹਿ ਗਿਆ ਗਰਨ ਦੇ ।
ਲੱਗੀ ਹੈ ਜੰਗਾਲ ਚੂਥੀ ਲਾਲ੍ਹੀ, ਫੱਟੀ ਦੀ, ਖੜੋਤੀ ਲੈਂਦੀ ਝਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

ਅੰਗਦ ਦੇ ਵਾਂਗਰਾਂ ਟਿਕਾਦੂ ਅੰਗ ਨੂੰ, ਜਾ ਮਿਰਜ਼ੇ ਦੀ ਕਚਹਿਰੀ 'ਚੈ ।
ਨਰ ਨਸ਼ਾ ਝੜਾਦੂ ਨਸ਼ਾ ਅੰਗ-ਅੰਗ ਨੂੰ, ਪਵੇ ਜ਼ਹਿਰ-ਜ਼ਹਿਰੀ 'ਚੈ ।
ਲਿਆ ਕਦਰ ਪੈਜੇ ਪਾਰਸ ਦੀ ਵੱਟੀ ਦੀ, ਘੜਿਆ ਦਲੀਲਾਂ ਢਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

ਕਰ ਕੋਈ ਫੁਲਰਾਂ ਅਫੀਮ ਦਾ ਬਿਲਾ, ਵੈਰੀ ਕਰੇ ਅਨਰਥ ਨੂੰ ।
ਮੇਰਾ ਅਰਜਣ ਤੋੜੂ ਮੱਤ ਦਾ ਕਿਲਾ, ਨੀ ਮਾਰੂ ਜੈਦਰੱਥ ਨੂੰ ।
ਢਕਣੀ ਉਤਾਰ ਕੇ ਡੱਬੀ ਜੀ ਛੱਟੀ ਦੀ, ਮੁੱਦਤ ਹੋਗੀ ਪਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

ਪੁੱਤਰ ਖਰੂਦੀ ਪਾਦੂਗਾ ਖਰੂਦ ਨੂੰ, ਉਡੀਕੇ ਰਣਭੂਮਕਾ ।
ਬੇਗਮੇ ਚੜਾਦੇ ਜੰਗ ਤੇ ਦਹੂਦ ਨੂੰ, ਉਤਾਰੇ ਸੀਸ ਰੂਮ ਕਾ।
ਵੈਰੀਆਂ ਦੀ ਫੌਜ ਮੈਂ ਵਿਖਾਦੂੰ ਕੱਟੀ ਦੀ, ਲਟਾਦੂ ਜੁਆਨਾਂ ਕਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

ਨਾਗਵਤੀ ਡੋਲ ਨਾ ਭਰੇ ਵੇ ਨੈਣ ਨੀ, ਹੁੰਦਾ ਤਿਆਰ ਸੂਰਾ ਹੈ ।
ਹੋਗਿਆ ਕੀ ਚਲਾ ਗਿਆ ਰੱਤਨ ਸੈਣ ਨੀ, ਘਰੇ ਬਦਲ, ਭੂਰਾ ਹੈ ।

ਛਤਰੀ ਬਨਸ ਦੀ ਇੱਜ਼ਤ ਪੱਟੀ ਦੀ, ਚਿੰਤਾ ਦਵੱਲੂ ਮਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

'ਬਾਬੂ' ਮੁਆਤਾ ਵਾਲ ਦੇ ਲਜਾਈਏ ਅਗਨੀ, ਗੁੱਸੇ ਦੀ ਲਾਟ ਨਿਕਲੇ ।
ਯੁੱਧ ਨੂੰ ਚੜ੍ਹੇ ਜੇ ਮੇਹਰ ਖਾਂ ਸਲੱਗ ਨੀ, ਦੁਸ਼ਮਣ ਸੇ ਮਿਕਲੇ ।
ਮਿਰਜੇ ਦੀ ਰੱਤ ਮੈਂ ਵਿਖਾਦੂੰ ਚੱਟੀ ਦੀ, ਜਗਾਦਿਆਂ ਸਤੇ ਵਈਆਂ ਨੂੰ ।
ਲਿਆਦੇ ਡੱਬੀ ਫੀਮ ਦੀ ਫ਼ਰੀਦ ਭੱਟੀ ਦੀ, ਨਸ਼ਾ ਚੜੇ ਨਸ਼ਈਆਂ ਨੂੰ ।

ਦੋਹਿਰਾ

ਮੇਹਰੂ ਜਾਂਦਾ ਲੜਨ ਨੂੰ, ਲਾਕੇ ਪੰਜ ਹਥਿਆਰ ।
ਲੜਕੇ ਕੈਡੀ ਖੇਡਦੇ, ਖੜੇ ਫਲੇ ਦੇ ਬਾਰ ।

ਤਰਜ ਗੱਡੀ-੧੯

ਮਾਂ ਨੇ ਪੰਜ ਹਥਿਆਰ ਲਗਾਕੇ, ਜੰਗ ਨੂੰ ਝੜਾਤਾ ਅਮਲੀ ।
ਅਗੇ ਖੇਡ ਦੇ ਕਬੱਡੀ ਲੜਕੇ, ਪਿੰਡ ਦੇ ਚਗਾਨ ਵਿੱਚ ਜੀ ।
ਚਿੱਤ ਕਰਦਾ ਕਬੱਡੀ ਖੇਲਾਂ, ਰੱਖਤਾ ਹਥਿਆਰਾਂ ਨੂੰ ।
ਪਹਿਲਾਂ ਕਰਕੇ ਮੁੰਡਿਆਂ ਸਿਰ ਪਾਲਾ, ਭਰੂੰ ਘੁੱਟ ਮੁਗਲਾਂ ਦਾ ।
ਚੰਗੂ ਕੱਡਕੇ ਮੁੰਡਿਆਂ ਦੀਆਂ ਰੜਕਾਂ, ਵਿਉਂਤ ਲੂੰ ਪਠਾਣਾਂ ਨੂੰ ।
ਛੋਰ੍ਹ ਭੱਜਕੇ ਘਰੋ ਘਰੀਂ ਵੜਗੇ, ਮੇਹਰੂ ਕੈਡੀ ਪੈਣ ਗਿਆ ।
ਠੇਡਾ ਵੱਜਿਆ ਗੋਡਣੀ ਲੱਗਗੀ, ਭੁੱਲ ਗਿਆ ਕਬਾਡੀ ਨੂੰ ।
ਨਸ਼ਾ ਖਿੜ ਗਿਆ ਪੀਣਕਾਂ ਲੱਗੀਆਂ, ਉਸੇ ਥਾਂ ਗੁਜ਼ਾਰੀ ਰਾਤਰੀ ।
ਇੱਕ ਬੁੜੀ ਪੈਹ ਫੁੱਟੀ ਤੋਂ ਪਹਿਲਾਂ, ਗੋਹਾ ਕੂੜਾ ਕਰਨ ਗਈ ।
ਮੁੱਢ ਜਾਣ ਕੇ ਟੋਕਰਾ ਝਾੜੇ, ਅਮਲੀ ਦੇ ਟੋਟਣ ਤੇ ।
ਵੱਜਿਆ ਟੋਕਰਾ ਰੋਬੜਾ ਪੈਗਿਆ, ਅਮਲੀ ਦੀ ਅੱਖ ਖੁਲਗੀ ।
ਚੂੜ੍ਹੀ ਭਜਕੇ ਮੋਰ ਜਿਉਂ ਫੜ ਲੀ, ਕੈਡੀ-ਕੈਡੀ ਕਰਦੇ ਨੇ ।
ਦੋਹਾਂ ਬਾਹਾਂ ਦਾ ਝੰਜੋੜਾ ਮਾਰਿਆ, ਪਲ 'ਚ ਭਮਾਤੀ ਚੱਕਰੀ ।
ਢੁਹੀ ਪਰਨੇ ਜਿਮੀ ਤੇ ਠੋਕੀ, ਪੱਟਾ ਤੇ ਨਿਕਾਲ ਕੱਡ ਕੇ ।

ਰੋੜ੍ਹ ਜੱਟ ਨੇ ਕਢਾਲੀ ਹੇਠੋਂ, ਕੂਹਣੀਆਂ ਉਚੇੜ ਦਿੱਤੀਆਂ ।
ਚੂੜ੍ਹੀ ਆਖਦੀ ਜਹਾਨੇ ਜਾਣਾ, ਛੇੜ ਦੇ ਪਤੰਦਰਾਂ ਨੂੰ ।
ਮੇਰੇ ਪਿਛਲੇ ਪਿਉ ਦਾ ਸਾਲਾ, ਮੁਗਲਾਂ ਨੂੰ ਨਕਲਾਂ ਕਰੇ ।
ਕੱਚਾ ਹੋਗਿਆ ਨਿਘਰ ਦਾ ਜਾਵੇ, ਸੁਣ ਕੇ ਸਲੋਕਾਂ ਨੂੰ ।
'ਰਜਬਲੀ ਖਾਂ' 'ਰਜਬਲੀ ਖਾਂ' ਵਿਖਾ ਜੰਗ ਲੋਕਾਂ ਨੂੰ ।'ਰਜਬਲੀ ਖਾਂ'।

ਦੋਹਿਰਾ

ਮੇਹਰੂ ਜਾਂਦਾ ਲੜਨ ਨੂੰ, ਯਾਰ ਰਲਾਲੇ ਨਾਲ ।
ਦੁਸ਼ਮਣ ਫੜ-ਫੜ ਮਾਰਨੇ, ਦੇਣ ਕੁਠਾਲੀ ਗਾਲ ।

ਮੁਕੰਦ ਛੰਦ-੨੦

ਮੇਹਰੂ ਨਾਲ ਚੜ੍ਹਗੇ ਤਮਾਮ ਪੋਸਤੀ,
ਦੁੱਖ ਕੱਟ ਸੀਸ ਤੇ ਨਿਭਾਗੇ ਦੋਸਤੀ ।
ਹੌਸਲਾ ਛੜਾਤਾ ਜੰਗ ਦੀ ਤਲੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਇਕੇ ਵਾਰੀ ਪੇੜੇ ਜਿਤਨੀ ਨਿਘਾ ਗਿਆ,
ਜਿਤਨਾ ਹਰਖ ਨੇਤਰਾਂ 'ਚ ਆ ਗਿਆ ।
ਭਰ ਭਰ ਰੁੱਗ ਲੱਗ ਜਾਂਦੇ ਜੀਮਣੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਤਿੰਨ-ਤਿੰਨ ਮਾਰੇ ਨਾਲ ਦਿਆਂ ਨੇ ਫੱਕੇ ਜੀ,
ਅੱਖਾਂ ਮੂਹਰੇ ਦਿਸਣ ਲਟੈਣਾਂ ਡੱਕੇ ਜੀ ।
ਪੱਥਰਾਂ ਦੇ ਮੂਹਰੇ ਕੀ ਖੜੋਣਾ ਢੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਵੜਗੇ ਲਗੜ ਚਿੜੀਆਂ ਦੀ ਡਾਰ ਮੇਂ,
ਮੁਗਲਾਂ ਦੇ ਮਾਰਤੇ ਜਵਾਨ ਕਾਰਮੇ ।
ਕਰੇ ਸੀਸ ਚੀਕਰਾਂ ਫੁਲਾਦੀ ਬੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਕਹਿਣ ਲੱਗੇ ਜੁਆਨ ਮੇਹਰੂ ਖਾਂ ਦੇ ਨਾਲ ਦੇ,

ਅਸੀਂ ਬੁੱਢੇ ਹੋਗੇ ਮੁਗਲਾਂ ਨੂੰ ਭਾਲਦੇ ।
ਜਿਉਂਦਿਆਂ ਦੇ ਮੱਥੇ ਜੋੜਤੇ ਕਰੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਵੱਢ-ਵੱਢ ਲਾਤੇ ਵੈਰੀਆਂ ਦੇ ਪੂਰ ਜੀ,
ਭੱਜਦਿਆਂ ਨੂੰ ਹੋ ਗਿਆ ਲਹੌਰ ਦੂਰ ਜੀ ।
ਜਿਵੇਂ ਮਾਰ ਕੈਰਵ ਭਜਾਤੇ ਭੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਵੱਢ ਪੰਜ ਸੈਂਕੜੇ ਬਣਾਤੇ ਕੁਤਰੇ,
ਦਿਨ ਢਲੇ ਫੀਮ ਦੇ ਨਸ਼ੇ ਜੇ ਉਤਰੇ ।
'ਰਜਬਲੀ' ਘੇਰਾ ਪਾ ਲਿਆ ਗਨੀਮ ਨੇ,
ਅਮਲੀ ਨੂੰ ਲਾਲੀਆਂ ਛੜਾਈਆਂ ਫੀਮ ਨੇ ।

ਦੋਹਿਰਾ

ਫੜ ਲਿਆ ਮੇਹਰੂ ਪੋਸਤੀ, ਅਮਲ ਗਿਆ ਜਦ ਟੂਟ ।
ਕਰੂ ਝੜਾਈ ਨੂਰ ਖਾਂ, ਨਹੀਂ ਬਾਤ ਮੇਂ ਝੂਟ ।

ਤਰਜ-੨੧

ਚੜਦਾ ਦੁੱਲੇ ਦਾ ਪੁੱਤ ਨਿਆਣਾ,
ਮੁਗਲਾਂ ਨਾਲ ਲੜਨ ਨੂੰ ਜਾਣਾ,
ਪੈਹਨਿਆਂ ਸੂਰਮਿਆਂ ਦਾ ਬਾਣਾ ।
ਪੰਜ ਹਥਿਆਰ ਲਗਾਕੇ ਜੀ,
ਖੜਾ ਵਛੇਰਾ ਹਿਣਕੇ ਲਿਆਇਆ ਨਫਰ ਸਜਾਕੇ ਜੀ ।
ਉਚੀ ਕਹਿ ਤਕਰੀਰ ਸੁਣੈਂਦਾ,
ਜਾਂਦਾ ਤੀਰ ਕਮਾਨ ਚਲੈਂਦਾ,
ਗੱਭਰੂ ਬੁਰਜਾਂ ਵਰਗੇ ਢੈਂਦਾ ।
ਵਢਦਾ-ਵਢਦਾ ਨੂਰ ਖਾਂ,
ਕਟਕ ਵਿਚਾਲੇ ਵੜ ਗਿਆ ਲੜਦਾ-ਲੜਦਾ ਨੂਰ ਖਾਂ ।

ਫਿਰਦਾ ਸ਼ੇਰ ਦਲਾਂ ਵਿੱਚ ਗਜਦਾ,

ਹੋਣੀ ਨਾਰਦ ਰੱਤ ਪੀ ਰੱਜਦਾ,

ਜੀਹਦੇ ਤੀਰ ਅਜਲ ਦਾ ਵੱਜਦਾ ।

ਲਿਟਦਾ ਫਿਰਦਾ ਖੇਤ ਮੇਂ,

ਸੰਘਣੀ ਰੱਤ ਦੇ ਖਾਲੇ ਵਗਦੇ ਫਿਰਦੇ ਰੇਤ ਮੇਂ ।

ਮੂਹਰੇ ਦੜ ਦੜ ਚਲਦੇ ਗੋਲੇ,

ਬੇਤਰ ਫਿਰਦਾ ਕੋਲੇ ਕੋਲੇ,

ਗੱਭਰੂ ਚੜਗਿਆ ਵਾਂਗ ਵਰੋਲੇ ।

ਚੜ੍ਹਦਾ-ਚੜ੍ਹਦਾ ਨੂੰਰ ਖਾਂ,

ਕਟਕ ਵਿਚਾਲੇ ਵੜਗਿਆ ਲੜਦਾ-ਲੜਦਾ ਨੂੰਰ ਖਾਂ ।

ਦੋਂਹ ਹੱਥ ਦੋ ਤਲਵਾਰਾਂ ਤਿਖੀਆਂ,

ਮੈਲਾ ਪੀਣ ਬੰਦੇ ਦਾ ਸਿੱਖੀਆਂ,

ਮਾਰੇ ਜਿਸਦੀਆਂ ਅਜਲਾਂ ਲਿਖੀਆਂ ।

ਲੜਦਾ ਵਾਂਗੂੰ ਖਾਲਿਦ ਦੇ,

ਫੂਸ ਖਲੜ ਵਿੱਚ ਭਰਤਾ ਦੁਸ਼ਮਣ ਪਿਉ ਦੇ ਵਾਲਿਦ ਦੇ ।

ਵਾ ਵਿੱਚ ਪੱਗਦੇ ਸ਼ਮਲੇ ਉਡਦੇ,

ਫਿਰਦੇ ਸੀਸ ਵ੍ਹਾਣ ਵਿੱਚ ਰੁੜਦੇ,

ਡਿਗੇ ਜੁਆਨ ਪਿਛਾਂਹ ਨੂੰ ਮੁੜਦੇ ।

ਖੜਦਾ-ਖੜਦਾ ਨੂਰ ਖਾਂ,

ਕਟਕ ਵਿਚਾਲੇ ਵੜਗਿਆ ਲੜਦਾ-ਲੜਦਾ ਨੂਰ ਖਾਂ ।

ਫੌਜਾਂ ਜਾਮ ਦੀਨ ਦੀਆਂ ਭਿੜੀਆਂ,

ਲਾਹਲੂ ਪਿਉ ਦਾਦੇ ਦੀਆਂ ਵਿੜ੍ਹੀਆਂ,

ਮੁਹਰੇ ਉਡਦੀਆਂ ਫਿਰਦੀਆਂ ਚਿੱੜੀਆਂ ।

ਲਗੜ ਲੜਾਕਾ ਬਾਲਕਾ,

ਕਬਜ਼ ਕਰਨ ਨੂੰ ਰੂਹਾਂ ਵਿੱਚ ਫਰਿਸ਼ਤਾ ਕਾਲਕਾ ।

ਲਸ਼ਕਰ ਫਿਰੇ ਦਬੱਲੀ ਧੱਕੜ,

ਦੁਸ਼ਮਣ ਪਾੜੇ, ਜੈਸੇ ਲੱਕੜ,

ਗਾਂਹ ਨੂੰ ਚਾਰਾ ਕਰੇ ਭਮੱਕੜ ।

ਸੜਦਾ-ਸੜਦਾ ਨੂਰ ਖਾਂ,

ਕਟਕ ਵਿਚਾਲੇ ਵੜਗਿਆ ਲੜਦਾ-ਲੜਦਾ ਨੂਰ ਖਾਂ ।

ਵਜਦੇ ਰਣ ਦੇ ਵਿੱਚ ਲਲਕਾਰੇ,

ਦੁਸ਼ਮਣ ਸਿਟਤੇ ਭਾਰੇ ਭਾਰੇ,

ਗੱਭਰੂ ਵੱਧ-ਵੱਧ ਤੇਗਾਂ ਮਾਰੇ ।

ਮੁਗਲ ਬਣਾ ਤੇ ਫਾੜੀਆਂ,

ਆਗਿਆ ਸਖਤ ਭੁਚਾਲ ਐ ਦੜ-ਦੜ ਡਿਗਣ ਪਹਾੜੀਆਂ ।

ਕਰਤੀ ਛੀੜ ਵਿਚਾਲਿਉਂ ਲੰਘ ਗਿਆ,

ਵਧਦਾ ਦੁਲਦੁਲ ਵਾਂਗ ਤਰੰਗ ਗਿਆ,

ਲੋਥਾਂ ਨਾਲ ਲਹੂ ਦੇ ਰੰਗ ਗਿਆ ।

ਅੜਦਾ-ਅੜਦਾ ਨੂਰ ਖਾਂ,

ਕਟਕ ਵਿਚਾਲੇ ਵੜਗਿਆ ਲੜਦਾ-ਲੜਦਾ ਨੂਰ ਖਾਂ ।

ਸੁਣਦੇ ਪਿੰਡ ਵਿੱਚ ਪੈਣ ਧੜੂਕੇ,

ਜਿਉਂ ਕੁਰਛੇਤਰ ਵਿੱਚ ਘੜੂਕੇ,

ਕੈਰੋਂ ਮਾਰ ਅਗਨਵਾਣ ਫੂਕੇ ।

ਲੜੇ ਸਪੁੱਤਰ ਭੀਮ ਦਾ,

ਆਕੇ ਚਾਰ ਚਫੇਰਿਉਂ ਘੇਰਾ ਪਵੇ ਗਨੀਮ ਦਾ ।

'ਬਾਬੂ' ਚੰਦ ਦਿਨ ਜੱਗ ਵਿੱਚ ਮੇਲਾ,

ਇਕ ਦਿਨ ਲੈਣੇ ਉਤਰੂ ਠੇਲਾ,

ਉਡਣ ਲੱਗ ਗਿਆ ਸਿੰਘ ਜਗਮੇਲਾ ।

ਪੜਦਾ-ਪੜਦਾ ਨੂਰ ਖਾਂ,

ਕਟਕ ਵਿਚਾਲੇ ਵੜਗਿਆ ਲੜਦਾ-ਲੜਦਾ ਨੂਰ ਖਾਂ ।

ਦੋਹਿਰਾ

ਜੰਗ ਕਰਨੇ ਨੂੰ ਚੜ੍ਹਦੀਆਂ, ਲੱਧੀ ਫੁਲਰਾਂ ਫੇਰ ।

ਰਣ ਵਿਚ ਪਾਈਆਂ ਭਾਜੜਾਂ, ਲੁਕਦੇ ਫਿਰਨ ਦਲੇਰ ।

ਤਰਜ-੨੨

ਯੁੱਧ ਨੈਂਹ ਸੱਸ ਕਰਨੇ ਡਟਕੇ,

ਹਰੇ ਸਿਰਤੇ ਬੰਨ ਲੇ ਪਟਕੇ,

ਲੈਣ ਢੇਰੀਆਂ ਦੁਸ਼ਮਣ ਕਟਕੇ ।

ਝੱਟ ਭੇਸ ਬਣਾ ਲੇ ਮਰਦਾਂ ਦੇ,

ਲੈਣੀ ਰੱਤ ਮੂੰਹ ਤਿੱਖੀਆਂ ਕਰਦਾਂ ਦੇ ।

ਲਿਆਇਆ ਨਫ਼ਰ ਸ਼ਿੰਗਾਰ ਇਰਾਕੀ,
ਉੱਤੇ ਚੜ੍ਹਗੀਆਂ ਮਾਰ ਪਲਾਕੀ,
ਤੇੜ ਲੁੰਗੀਆਂ ਰ੍ਹਈਆਂ ਫੱਬ ਖਾਕੀ ।
ਜਾਣ ਉਡਦੀਆਂ ਕੁੜਤੀਆਂ ਸਿਲਕ ਦੀਆਂ,
ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

ਬਾਇਕ ਸਬਜਾ ਤੇ ਇੱਕ ਚੀਰਨਾ,
ਉੱਤੇ ਸੱਜਣ ਸੁਨੈਰੀ ਜੀਨਾਂ,
ਪਰ ਸੋਹਣੀਆਂ ਲੱਗਣ ਜ਼ਮੀਨਾ ।
ਪੈਣ ਪਹਿਲਾਂ ਗਰਦਨ ਮੋੜਨ ਜੀ,
ਛੋਟੇ ਸਿਰ ਕੰਨ ਵੱਤੀਆਂ ਜੋੜਨ ਜੀ ।
ਸੁੱਬ ਛੰਨਿਆਂ ਵਰਗੇ ਚੌੜੇ,
ਜਾਣ ਚਬਦੇ ਕੰਡਿਆਲੇ ਕੌੜੇ,
ਤੇਜ਼ ਚਾਲ ਬਰਾਬਰ ਦੌੜੇ ।
ਹੋਈਆਂ ਦੋਹ ਵੱਲ ਨਜ਼ਰਾਂ ਖਿਲਕ ਦੀਆਂ,
ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

ਪਹਿਲਾਂ ਕਰ ਤਕਰੀਰ ਜ਼ੁਬਾਨੋਂ,
ਫੇਰ ਛੱਡ ਕੇ ਤੀਰ ਕਮਾਨੋਂ,
ਲਉ ਤਕੜੇ ਰਹੋ ਜਵਾਨੋ ।
ਜਦ ਵੜਦੇ ਲੈਂਦੇ ਲੋਟਣੀਆਂ,
ਫੇਰ ਦਿੱਤੀਆਂ ਛਾਂਟ ਸਲੋਟਣੀਆਂ ।
ਜਾ ਨੇੜੇ ਨੇਜੇ ਗਡ ਤੇ,
ਸਾਰ ਪਾਰ ਜਿਸਮ 'ਚੋਂ ਕੱਡਤੇ,
ਧੜ ਡਿੱਗ ਪੇ ਜਾ ਸਿਰ ਵੱਢਤੇ ।
ਵੱਜ-ਵੱਜ ਤਲਵਾਰਾਂ ਤਿਲਕ ਦੀਆਂ,
ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

ਜਾਂਦੇ ਸਾਰ ਉਡਾਤੇ ਗਰਦੇ,
ਬਾਣ ਵਾਂਗ ਕਾਲਕਾ ਵਰਦੇ,
ਭੱਜ ਜਾਂਦੇ ਰਾਕਸ਼ ਡਰਦੇ ।
ਖੁਲੇ ਬੱਚ ਭੁਖੀਆਂ ਬਘਿਆੜਨੀਆਂ,

ਮਾਸ ਖਾਣੇ ਗਗਰਾਂ ਪਾੜਨੀਆਂ ।
ਨਾ ਹਟਦੀਆਂ ਬੜੀਆਂ ਕੱਬੀਆਂ,
ਵੱਢ ਦੁਸ਼ਮਣ ਲਾਈਆਂ ਥੱਬੀਆਂ,
ਦੰਦ ਕਿਰਚਣ ਹੱਡੀਆਂ ਚੱਬੀਆਂ ।
ਦੂਰ ਸੁਣਨ ਅਵਾਜ਼ਾਂ ਕਿਲਕ ਦੀਆਂ,
ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

ਹੱਥ ਜੋੜੇ ਤਾਕਤ ਕੀਹਦੀ,
ਫਿਰੇ ਮਿਰਜ਼ਾ ਲੁਕਦਾ ਗੀਦੀ,
ਕੱਟ ਦਿੰਦੀਆਂ ਧੌਣ ਵੀਹ-ਵੀਹ ਦੀ ।
ਤੇ ਇੱਕ-ਇੱਕ ਸੌ ਤੋਂ ਵੇਹਰਨੀਆਂ,
ਤੜਾਂ ਮਾਨ ਖੜ੍ਹ ਕੇ ਸ਼ੇਰਨੀਆਂ ।
ਜਿਹੜੇ ਤਾੜਨ ਰੋਜ਼ ਮਛੈਹਿਰੇ,
ਜੁਆਨ ਰਣ 'ਚੋਂ ਭਜਾ ਗੇ ਟੈਰੇ,
ਰਜਪੂਤਨੀਆਂ ਦੇ ਗਹਿਰੇ ।
ਪੱਗ ਢਹਿ ਸਲਵਾਰਾਂ ਢਿਲਕ ਦੀਆਂ,

ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

'ਰਜਬਲੀ ਖਾਂ', ਵੜੀ ਦਲੇਰੀ,
ਇਕ ਵਾਰ ਲਿਆਤੀ ਨ੍ਹੇਰੀ,
ਅਫਗਾਨ ਕਰੇ ਫੜ ਢੇਰੀ ।
ਨਾ ਮਿਰਜੇ ਢੁਕਦੇ ਲਾਗੇ ਸੀ,
ਦੋਵੇਂ ਮੁੜੀਆਂ ਮਾਰ ਸੁਹਾਗੇ ਸੀ ।
ਕਈ ਸਿਟਤੇ ਮਲਕੇ ਸੰਘੀਆਂ,
ਕਈ ਲੋਥਾਂ ਮਲਿਆਂ ਤੇ ਟੰਗੀਆਂ,
ਰੱਤ ਨਾਲ ਜ਼ਮੀਨਾਂ ਰੰਗੀਆਂ ।
ਸਦਾ ਰਹਿਣ ਪਠਾਣੀਆਂ ਵਿਲਕਦੀਆਂ,
ਹੱਥ ਗੋਰੇ ਕਿਰਚਾਂ ਚਿਲਕ ਦੀਆਂ ।

ਦੋਹਿਰਾ

ਕੁਟਿਆ ਜੋ ਰਜਪੂਤ ਨੇ, ਕਾਜੀ ਦੇ ਗਿਆ ਭੇਤ ।
ਦੁੱਲਾ ਉਠ ਗਿਆ ਨਾਨਕੀ, ਮਗਰੋਂ ਪਾਲੋ ਜੇਤ ।

ਕਮਾਣੀ ਛੰਦ-੨੩

ਜਿਹੜਾ ਕੁਟਿਆ ਦੁੱਲੇ ਨੇ ਕਾਜ਼ੀ,
ਗੱਲ ਦਿਲ ਵਿੱਚ ਰੱਖਦਾ ਪਾਜੀ,
ਗਿਆ ਦੁਸ਼ਮਣ ਕੋਲ ਬਲਾ ਜੀ ।
ਬੇਸ਼ਰਮ ਸ਼ਕਾਇਤਾਂ ਕਰਦਾ ਸੀ,
ਕੰਨ ਮਿਰਜ਼ੇ ਖਾਨ ਦੇ ਭਰਦਾ ਸੀ ।
ਕਹਿੰਦਾ ਸੱਚ ਦੀਆਂ ਸੁਣ ਲਾ ਬਾਤਾਂ,
ਭੱਟੀ ਪਿੰਡੀ ਦੀਆਂ ਬੁਰੀਆਂ ਅਫਾਤਾਂ,
ਨਿੱਤ ਲੁਟਦੇ ਘੇਰ ਬਰਾਤਾਂ ।
ਲਾਹਲੇ ਕੰਠੇ ਘੇਰ ਜਨੇਤਾਂ ਦੇ,
ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਪਹਿਲਾਂ ਮੇਰੀਆਂ ਬੋਦੀਆਂ ਪੱਟੀਆਂ,
ਭੰਨੇ ਮਾਰ ਗੁਲੇਲੇ ਮੱਟੀਆਂ,
ਅਲੀ ਰਾਅ ਦੀਆਂ ਗਰਦਣਾਂ ਕੱਟੀਆਂ ।
ਟੰਗਾਂ ਬਾਹਾਂ ਸਨ ਡਕਰੇ ਬਣਾ ਦਿੱਤੀਆਂ,

ਅੱਗ ਮੱਚਦੀ ਦੇ ਵਿੱਚ ਡਾਹ ਦਿੱਤੀਆਂ ।
ਫੇਰ ਲੁੱਟ ਲਿਆ ਮੈਦਾ ਖੱਤਰੀ,
ਲੁਹਾਗਿਆ ਘੋੜਿਆਂ ਦਾ ਸੁਦਾਗਰ ਪੱਤਰੀ,
ਗੁੱਤ ਸੀ ਬੇਗਮ ਦੀ ਕੱਤਰੀ ।
ਝਮਲਾਤਾ ਨਿੱਤ ਦੀਆਂ ਜੇਤਾਂ ਨੇ,
ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਜਿਹੜਾ ਅਵਲ ਰੋਜ਼ ਜੰਗ ਕਰ ਗਿਆ,
ਜਿਦੇਂ ਮੁਗਲ ਪਾਂਚ ਸੌ ਮਰ ਗਿਆ,
ਸਾਰਾ ਵਾਹਣ ਲਹੂ ਨਾਲ ਭਰ ਗਿਆ ।
ਨਾ ਸੁਰਤ ਤੁਸਾਂ ਦੀ ਸੰਮਲੀ ਸੀ,
ਵੱਡਾ ਦੁੱਲੇ ਤੋਂ ਮੇਹਰ ਖਾਂ ਅਮਲੀ ਸੀ ।
ਹੱਥ ਪੋਸਤੀਆਂ ਦੇ ਵੇਖੇ,
ਤੈਥੋਂ ਗਿਣ-ਗਿਣ ਲੈਗੇ ਲੇਖੇ,
ਵੇਖੀ ਦਿਲ ਵਿਚ ਰਹਿਣ ਭੁਲੇਖੇ ।
ਬਹੁਤੇ ਵੱਢਤੇ ਪਠਾਣ ਪਰੇਤਾਂ ਨੇ,

ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਚੜ੍ਹਿਆ ਦੂਜੇ ਰੋਜ਼ ਪਟਾਕਾ,
ਨਿਆਣਾ ਨੂਰ ਖਾਂ ਦੁੱਲੇ ਦਾ ਕਾਕਾ,
ਮੁੜ੍ਹਿਆ ਦੋ ਸੌ ਮਾਰ ਲੜਾਕਾ ।
ਵੱਢ-ਵੱਢ ਕੇ ਪਾਤੇ ਸੱਥਰ ਜੀ,
ਚੱਕ ਇਟ ਚੱਕਦੇ ਨੂੰ ਪੱਥਰ ਜੀ ।
ਸੰਗ ਰਹਿ ਹਮਰੈਤੀ ਚੜ੍ਹਗਿਆ,
ਜੁਆਨ ਵਾਂਗ ਅਭਿਮੰਨੂ ਲੜਗਿਆ,
ਭੱਜ ਚੱਕਰਵਿਊ ਵਿੱਚ ਵੜ ਗਿਆ ।
ਕੀ ਰੱਤ ਝੱਲਣੀ ਸੀ ਖੇਤਾਂ ਨੇ,
ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਚੜ੍ਹੀ ਫੇਰ ਲੱਧੀ ਰੱਤ ਪੀਣੀ,
ਨਾਲ ਫੁਲਰਾਂ ਬਹਾਦਰ ਛੀਹਣੀਂ,
ਜੰਗ ਕਰਦੀ ਜੈ ਤੂੰਨੇ ਤੀਣੀ ।

ਵਾਰ ਰਣ ਭੂਮੀ ਵਿੱਚ ਤੇਗ ਗਈਆਂ,

ਤੇਰਾ ਜੁਆਨ ਚਾਰ ਸੌ ਡੇਗ ਗੀਆਂ ।

ਜਹਿਰ ਵਾਂਗ ਸੱਪਣੀਆਂ ਘੋਲੇ,

ਫੜ-ਫੜ ਕੇ ਮੁਗਲ ਮਧੋਲੇ,

ਨਾਲ ਰੱਤ ਦੇ ਰੰਗ ਤੇ ਚੋਲੇ ।

ਮੂੰਹ ਭਰਤੇ ਬੁੱਕ-ਬੁੱਕ ਰੇਤਾਂ ਦੇ,

ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਭੱਟੀ ਚਿੱਤਰੇ ਤੇ ਤੁਸੀਂ ਲੇਲੇ,

ਫੇਰ ਹੱਥ ਨਾ ਆਉਣੇ ਵੇਲੇ,

ਫਿਰ ਕਰਦਾ ਫਿਰੇਗਾਂ ਮੇਲੇ ।

ਦੁੱਲਾ ਗਿਆ ਨਾਨਕੀ ਮੁੜ ਪਿਆ ਜੇ,

ਮੱਥਾ ਸ਼ੇਰ ਬੱਬਰ ਨਾਲ ਜੁੜ ਪਿਆ ਜੇ ।

ਬਣ ਸਿਆਣਾ, ਕਮਲ ਖੰਡੇਂਦਾ,

'ਬਾਬੂ' ਹਮਲਾ ਨਹੀਂ ਕਰਬੈਂਦਾ,

ਨਾ ਮਹਿਲ ਬਾੜੀਆਂ ਢੈਂਦਾ ।

ਦੇਣਾ ਕੰਮ ਵਿਗਾੜ ਪਛੇਤਾਂ ਨੇ,

ਮਾਰਿਆ ਰਾਵਣ ਘਰ ਦਿਆਂ ਭੇਤਾਂ ਨੇ ।

ਦੋਹਿਰਾ

ਮੇਹਰ ਖਾਨ ਤੇ ਨੂਰ ਖਾਂ, ਜਾਂ ਫੜ੍ਹਲੇ ਰਾਜਪੂਤ ।

ਮਿਰਜ਼ੇ ਧਾਵਾ ਬੋਲਤਾ, ਅੱਜ ਕੰਮ ਆਗਿਆ ਸੂਤ ।

ਦੋ ਭਾਗ ਛੰਦ-੨੪

ਕਰ ਦਿੱਤੇ ਸੁੱਤੀ ਪਈ ਪਿੰਡੀ ਤੇ ਹਮਲੇ,

ਨਸ਼ਾ ਪਿਆਕੇ ਕਰ ਤੇ ਮਲੇਸ਼ ਕਮਲੇ ।

ਲੋਹੇ ਦੀਆਂ ਤਵੀਆਂ ਮਥਿਆਂ ਤੇ ਵੰਨੀਆਂ ।

ਮਾਰ-ਮਾਰ ਟੱਕਰਾਂ ਦਿਵਾਰਾਂ ਭੰਨੀਆਂ ।

ਦੂਜੀ ਵਾਰੀ ਨਸ਼ੇ ਦੇ ਪਿਆਤੇ ਪੇਗ ਸੀ,

ਬੈਠਕਾਂ, ਦਿਵਾਨ ਖਾਨੇ ਦਿੱਤੇ ਡੇਗ ਸੀ ।

ਜਿਸ ਵੇਲੇ ਮੱਥੇ ਹਾਥੀਆਂ ਨੇ ਲਾਤੇ ਐ,
ਸੰਗ ਮਰਮਰ ਦੇ ਸਤੂਣ ਢਾਤੇ ਐ ।

ਹਾਥੀ ਚੀਕਾਂ ਮਾਰਦੇ ਰੱਜੇ ਵੇ ਮੱਧ ਕੇ,
ਢਾਤੀਆਂ ਇਮਾਰਤਾਂ ਬਣਾਈਆਂ ਵੱਧ ਕੇ ।

ਧੌਲਰ ਦੋਹਾਸਮੇ ਚਬਾਰੇ ਗਿਰਗੇ,
ਹਾਥੀ ਰੱਜੇ ਦਾਰੂ ਦੇ ਉੱਤੋਂ ਦੀ ਫਿਰਗੇ ।

ਘੜੀ ਵਿੱਚ ਦਰਸ਼ਨੀ ਮਹਿਲ ਗੇਰਿਆ,
ਨੀਲਾ ਥੋਥਾ ਜੀਹਦੀਆਂ ਕੰਧਾਂ ਤੇ ਫੇਰਿਆ ।

ਦੁੱਲੇ ਬਿਨਾਂ ਰੋਕੇ ਜਾਂਦੇ ਨਾ ਚਗੱਤੇ ਸੀ,
ਡੇਗਤੇ ਮੰਦਰ ਗਾਡਰਾਂ ਤੇ ਛੱਤੇ ਸੀ ।

ਇੱਟ-ਇੱਟ ਕੀਤੀਆਂ ਮਹਿਲ ਵਾੜੀਆਂ,
ਹੋਰ ਕਈ ਚੀਜ਼ਾਂ ਕੀਮਤੀ ਵਿਗਾੜੀਆਂ ।

ਰੱਬ ਹੋ ਕਰੋਪ ਗਿਆ ਨਰਮ ਕੈਲਾਂ ਤੇ,
ਫੇਰ ਧਾਵਾ ਬੋਲਿਆ ਜਨਾਨੇ ਮਹਿਲਾਂ ਤੇ ।

ਜੋ ਨਾ ਸੂਰਜ ਦੇ ਸਾਹਮਣੇ ਖੜ੍ਹੋਂਦੀਆਂ,
ਧੌਲਰਾਂ 'ਚੋਂ ਧੂਲੀਆਂ ਰਕਾਨਾਂ ਰੋਂਦੀਆਂ ।

ਦੱਸ ਵੀਹ ਕਰਮ ਜਾਣ ਹੁੰਦਾ ਤੁਰਕੇ,
ਜਿਸਮ ਲਕੋਣ ਉੱਤੇ ਲੈਕੇ ਬੁਰਕੇ ।

ਪੀਨਸਾਂ ਤੇ ਨਫ਼ਰ ਲਜਾਂਦੇ ਚੱਕ ਕੇ,
ਨੰਗੇ ਪੈਰੀਂ ਤੋਰੀਆਂ ਮੁਟਿਆਰਾਂ ਧੱਕ ਕੇ ।

ਸ਼ਰਮ ਹਜ਼ੂਰ ਨਾ ਗਲੀ 'ਚੋਂ ਲੰਘੀਆਂ,
ਸੱਥ 'ਚ ਖੜਾ ਲੀਆਂ ਸਿਰਾਂ ਤੋਂ ਨੰਗੀਆਂ ।

ਕੋਮਲ ਬਦਨ ਗੋੜ੍ਹਿਆਂ ਤੋਂ ਬੱਗੀਆਂ,
ਧੁੱਪ ਵਿੱਚ ਖੜੀਆਂ ਅਸੀਹੇ ਲੱਗੀਆਂ ।

ਨੀਵੀਂ ਪਾਈ 'ਰਜਬਲੀ' ਤੋਂ ਸੰਗਦੀਆਂ,

ਮਰਨ ਧਿਆਈਆਂ ਪਾਣੀ ਨਾ ਮੰਗਦੀਆਂ ।

ਦੋਹਿਰਾ

ਮੁਗਲਾਂ ਆਕੇ ਘੇਰ ਲੇ, ਸਭੀ ਜਨਾਨੇ ਫੇਰ ।

ਲਾਹਲੇ ਜਿਉਰ ਸਵਰਨ ਦੇ, ਲੱਗੇ ਜਿਮੀ ਤੇ ਢੇਰ ।

ਸ਼ਬਦ ਤਰਜ਼-੨੫

ਪਿੰਡੀ ਸ਼ਹਿਰ 'ਚ ਚਲਦੀਆਂ ਤੋਪਾਂ, ਖੜਕੇ ਬੰਦੂਕਾਂ ਦੇ,

ਘੇਰੇ ਪਾਲੇ ਜਮਰਾਜ ਕਰੋਪਾਂ, ਗਿਰਦ ਮਲੂਕਾਂ ਦੇ ।

ਖੀਰ ਖਾਣੀਆਂ ਛਕਣੀਆਂ ਪੂੜੇ, ਮਿਸ਼ਰੀਆਂ ਖੋਰਨੀਆਂ,

ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਧੂਹੇ ਝੁਮਕੇ ਕੰਨਾਂ ਦੇ ਕਾਂਟੇ, ਬਟਣ ਜੰਜ਼ੀਰੀਆਂ ਦੇ,

ਖਿੱਚ-ਖਿੱਚ ਕੇ ਮਾਰਦੇ ਛਾਂਟੇ, ਸਿਝੜ ਸਰੀਰੀਆਂ ਦੇ ।

ਲਾਹੇ ਕੋਕਰੂ, ਸੁਨਹਿਰੀ ਚੂੜੇ, ਝਾਂਜਰਾਂ ਠਕੋਰਨੀਆਂ,

ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਖੜੇ ਟਿਚਰਾਂ ਕਰਨ ਟੁਟ ਪੈਣੇ, ਦੁੱਲੇ ਖਾਂ ਦੀ ਬੁਲਬੁਲ ਨੂੰ,
ਖਾਕੇ ਸਿਉਨੇ ਉਤਾਰੇ ਬੈਣੇ, ਤੇ ਮਰੋੜਿਆ ਜੁਲ ਜੁਲ ਨੂੰ ।
ਲੱਗ ਗਏ ਪਾ ਖਟੇ ਰੰਗ ਧੂੜੇ, ਸੰਧੂਰ ਗੇਰੂ ਭੋਰਨੀਆਂ,
ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਫੁੱਲ ਸੱਗੀਆਂ ਲੁਹਾਈਆਂ ਗੁੰਦੀਆਂ, ਗੁੰਦਣੇ ਸੀਸ ਸੌਕਾਂ ਦੇ,
ਟਿੱਕਾ ਬਿੰਦੀਆਂ ਪੁਰੋ-ਪੁਰ ਹੁੰਦੀਆਂ, ਸਮੇਤ ਚੰਦ ਚੌਕਾਂ ਦੇ ।
ਲੀੜੇ ਸਜਦੇ ਸੋਸਨੀ ਗੂੜ੍ਹੇ, ਨਥਾਂ ਲਿਸ਼ਕੋਰਨੀਆਂ,
ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਗੁਲੂ ਬੰਦ ਜਕਲੇਸ਼ ਹਮੇਲਾਂ, ਮੱਛਲੀ ਦੇ ਪੱਤ ਟੁੱਟ ਗੇ,
ਉਤੇ ਉਕਰੇ ਤਿੱਤਰ ਤੇ ਵੇਲਾਂ, ਜੀਹਦੇ ਹੱਥ ਆਗੇ ਘੁੱਟ ਗੇ ।
ਕੋਕੇ ਤੀਲੀਆਂ ਉਤਾਰਨ ਬੂੜੇ, ਰੋਣ ਕਮਜ਼ੋਰਨੀਆਂ,
ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਮੇਹਣੇ ਮਾਰਨ ਝਿੜਕ ਕੇ ਸੂਮਾਂ, ਕਹਿੰਦੇ ਫਿਰੋਂ ਚਾਮਲੀਆਂ,

'ਰੱਜਬਲੀ ਖਾਂ' ਲੁਹਾਕੇ ਟੂੰਮਾਂ, ਅੱਡੋ-ਅੱਡ ਸਾਂਭਲੀਆਂ ।

ਸਾਲੂ ਸਿਰਾਂ ਦੇ ਹੂੰਜ ਦੇ ਕੂੜੇ, ਨੰਗੇ ਪੈਰ ਤੋਰਨੀਆਂ,

ਖਿੱਚੇ ਕਾਲੀਆਂ ਸੱਪਣੀਆਂ ਜੂੜੇ, ਕਰਲੈਣ ਮੋਰਨੀਆਂ ।

ਦੋਹਿਰਾ

ਲੱਧੀ ਨੇ ਖ਼ੱਤ ਭੇਜਤੇ, ਲਿਖਕੇ ਜਦੋਂ ਚਨੇਟ ।

ਬਾਂਦਾ ਬੰਨਕੇ ਲੈ ਤੁਰੇ, ਮੁਗਲ ਤੋੜ ਕੇ ਕੋਟ ।

ਡੂਡਾ ਛੰਦ-੨੬

ਲੱਧੀ ਖੱਤ ਲਿਖਕੇ ਚਨੇਟ ਘੱਲਤੇ, ਤੂੰ ਰੋਕ ਲੈ ਹੰਕਾਰਿਆਂ ਨੂੰ,

ਆਗੇ ਮੁਗਲੇਟੇ ਨਾ ਕਿਸੇ ਨੇ ਠੱਲ ਤੇ, ਲੈ ਚੱਲੇ ਬੰਨ੍ਹ ਸਾਰਿਆਂ ਨੂੰ ।

ਪਾਣੀ ਜੋਰਾ ਵਰਾਂ ਨੇ ਝੜਾਤਾ ਟੇਲ ਤੇ, ਰੋ ਹੋਗੀਆਂ ਸੁਦੈਣਾ ਵੇ ।

ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ

।

ਮੁਗਲਾਂ ਨੇ ਤੇਰੇ ਡੇਗਤੇ ਤਿਹਾਸਮੇ, ਸੀ ਗਾਡਰਾਂ ਤੇ ਛੱਤੇ ਵੇ,

ਖੈਹਿਣ ਜਿਨ੍ਹਾਂ ਦੀਆਂ ਚੋਟੀਆਂ ਅਕਾਸ਼ ਮੇਂ, ਮਹਿਲ ਢਾਤੇ ਛੱਤੇ ਵੇ
।
ਦੂਹਰੇ-ਦੂਹਰੇ ਡਾਟ ਸੀ ਜਿਨ੍ਹਾਂ ਦੇ ਮੇਲ ਤੇ, ਤੋੜੀਆਂ ਲਟੈਣਾ ਵੇ ।
ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ
।

ਦੁਆਨ ਖਾਨੇ ਬੈਠਕਾਂ ਚੁਬਾਰੇ ਗੋਲ ਵੇ, ਦਰਵਾਜ਼ੇ ਗੇਰ ਤੇ,
ਜਿਨ੍ਹਾਂ ਉਤੇ ਕਰੀ ਵੀ ਸੁਨਹਿਰੀ ਝੋਲ ਵੇ, ਹਲ ਉਤੋਂ ਦੀ ਫੇਰ ਤੇ ।
ਹਾਥੀ ਰੱਜੇ ਮੱਧ ਦੇ ਅਗਾਹ ਨੂੰ ਠੇਲ ਤੇ, ਸੀ ਬੰਗਲਿਆਂ ਨੇ ਢੈਣਾ
ਵੇ ।
ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ
।

ਚੰਦ ਸੂਰਜ ਦੇ ਨਾ ਲੱਗਣ ਮੱਥੇ ਜੀ, ਇੰਦਰ ਦੀਆਂ ਰੋਹਣੀਆਂ,
ਮੂੰਹਾਂ ਤੇ ਮੁਗਲ ਮਾਰਦੇ ਉਲ੍ਹੱਥੇ ਜੀ, ਵੇ ਨਾ ਮਿਟਣ ਹੋਣੀਆਂ ।
ਜਿਕੋ ਰਾਜੀ ਰਹਿਣ ਮੁਸ਼ਕ ਰਮੇਲ ਤੇ, ਕਰਲੈਣ ਭੈਣਾ ਵੇ ।
ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ

।

ਜਾਣਾ ਹੁੰਦਾ ਸੈਰ ਜੇ ਕਰਨ ਬਾਗਦੀ, ਤਾਂ ਪੀਨਸਾਂ ਤੇ ਚੜ੍ਹਦੀਆਂ,
ਅੱਜ ਕੋਇਲਾਂ ਹੋਗੀਆਂ ਮਤ੍ਰੈਤ ਕਾਗ ਦੀ, ਨੰਗੇ ਮੂੰਹ ਖੜ੍ਹਦੀਆਂ ।
ਪੈਣ ਚਮਕਾਰੇ ਸਿਉਨੇ ਦੀ ਹਮੇਲ ਤੇ, ਲੁਹਾ ਲਿਆ ਸਾਰਾ
ਗਹਿਣਾ ਵੇ,
ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ
।

ਹੋਣ ਹੱਥ ਲਾਏ ਤੋਂ ਰਕਾਨਾਂ ਮੈਲੀਆਂ, ਸਭੇ ਸੱਸੂ ਬਦਨੀਆਂ,
ਟਕੇ-ਟਕੇ ਦਿੱਲੀ 'ਚ ਵਿਕਣ ਰੈਲੀਆਂ, ਕੀ ਇੱਜ਼ਤਾਂ ਵਧਣੀਆਂ ।
ਲੈਗੇ ਤੇਰੀ ਫੁਲਰਾਂ ਝੜਾਕੇ ਵੇਲ ਤੇ, ਫੜੀ ਰਾਤੋਤਿਆਂ ਮੈਨਾ ਵੇ,
ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ
।

'ਰੱਜਬਲੀ' ਹੋਈਆਂ ਫਿਕਰਾਂ 'ਚ ਅੱਧੀਆਂ, ਜਮਾਂ ਅੰਦਰ ਭੁੱਜ
ਗਿਆ,

ਆਕੇ ਬਾਂਦਾ ਸੂਰਮਿਆਂ ਛਡਾਲੈ ਬੱਧੀਆਂ, ਵੇ ਤੂੰ ਕਿਧਰ ਰੁੱਝ ਗਿਆ ।

ਬੰਨਕੇ ਵਹਾਈਆਂ ਹੱਥਣੀ ਚੰਡੇਲ ਤੇ, ਮਗਰ ਪਈਆਂ ਡੈਣਾਂ ਵੇ,

ਤੇਰੇ ਪੁੱਤ ਸੂਰਮਿਆਂ ਛੱਤਰ ਭੇਲ ਤੇ, ਲੱਧੀ ਦਿਆ ਭੀਮ ਸੈਣਾ ਵੇ ।

ਦੋਹਿਰਾ

ਲੈ ਪਰਬਾਨਾ ਦੌੜ ਗਿਆ, ਸੂਰਜ ਚੜਦੇ ਨਾਲ ।

ਖੜਾ ਵਸੂਰੇ ਮਾਰ ਦਾ, ਜੁਆਨ ਦੁੱਲੇ ਨੂੰ ਭਾਲ ।

ਮਨੋਹਰ ਭਵਾਨੀ ਛੰਦ-੨੧

ਜਿਹੜਾ ਰੂੜ ਜੱਟ ਦਾਨਾ, ਲੈ ਗਿਆ ਲਿਖਿਆ ਪ੍ਰਬਾਨਾ, ਹੋ ਗਿਆ ਪਿੰਡ 'ਚੋਂ ਰਵਾਨਾ,

ਲਾ ਹਨੇਰੇ ਘਾਤ ਨੂੰ, ਛਾਪੇ ਗਿਆ ਲਿਤਾੜ ਦਾ ਅੰਧੇਰੀ ਰਾਤ ਨੂੰ ।

ਜਾਵੇ ਭੱਟੀਆਂ ਦੀ ਗੱਦੀ, ਮੈਂ ਵੰਡਾਵਾਂ ਪੀੜ ਅੱਧੀ, ਰਾਜ਼ੀ ਹੋਜੇ ਮਾਤਾ ਲੱਧੀ,

ਦੇ ਉਛਾਲਾ ਹੁਬ ਗੀ, ਵੇਖ ਰੂੜ ਜੱਟ ਦੀ ਨਿਕਲ ਡੁੱਬ ਗਈ ।

ਦੁੱਲਾ ਪੁੱਛੇ ਸੁਖ ਖੈਰ, ਰੂੜ ਜੱਟ ਜੀਹਦੀ ਠਹਿਰ, ਸੀ ਖੜੋਗਿਆ ਗੱਡ ਪੈਰ,
ਜਾ ਵਿਚਾਲੇ ਚੌਕ ਦੇ, ਤੈਨੂੰ ਕੀ ਤੂੰ ਪੀਂਦਾ ਰਹਿ ਪਿਆਲੇ ਸ਼ੌਕ ਦੇ ।
ਭੇਲੇ ਮੁਗਲਾਂ ਨੇ ਬਾਗ, ਪੈਂਦੇ ਨਗਰੀ 'ਚ ਕਾਗ, ਲੱਗੇ ਭੱਟੀਆਂ ਨੂੰ ਦਾਗ,
ਰਜਪੂਤੀ ਡੁੱਬ ਗਈ, ਵੇਖ ਰੂੜ ਜੱਟ ਦੀ ਨਿਕਲ ਡੁੱਬ ਗਈ ।

ਪੈ ਗਿਆ ਵੈਰੀਆਂ ਦਾ ਬੱਲ, ਫੇਰੇ ਮੰਦਰਾਂ ਤੇ ਹਲ, ਆਕੇ ਲੱਥਾ ਟਿੱਡੀ ਦਲ,
ਜਜੂਜ ਤੇ ਮਜੂਜ ਦਾ, ਚੱਲਿਆ ਤੇਰਾ ਡੁੱਬ ਸੂਰਜ ਅਰੂਜ ਦਾ ।
ਖਾਵੇਂ ਮਾਰ-ਮਾਰ ਧਾੜੇ, ਵੈਰੀ ਪੈਰਾਂ 'ਚ ਲਿਤਾੜੇ, ਤੇਰੇ ਆਗੇ ਦਿਨ ਮਾੜੇ,
ਤੇ ਦਾੜ੍ਹੀ ਜੀ ਫੁੱਬ ਗੀ, ਵੇਖ ਰੂੜ ਜੱਟ ਦੀ ਨਿਕਲ ਡੁੱਬ ਗਈ ।

ਬਣੇ ਫਿਰਦੇ ਦਲੇਰ, ਪੈਗਿਆ ਪਿੰਡੀ ਵਿੱਚ ਨ੍ਹੇਰ, ਖ਼ੁਸ਼ੀ ਬੁੱਲ੍ਹ ਜੇ

ਅਟੇਰ,

ਭੈਣਾਂ ਬੰਨ ਤੇਰੀਆਂ, ਐਵੇਂ ਚੁੰਘ ਗੁਆਈਆਂ ਸੱਜਰਾਂ ਲਵੇਰੀਆਂ ।

ਹੋਗੀ ਵੈਰੀਆਂ ਨੂੰ ਖੁੱਲ੍ਹ, ਰੋਣ ਧੀਆਂ ਬੁਲਬੁਲ, ਨਾਲੇ ਤੇਰੀ ਨਾਲ ਫੁਲਰਾਂ,

ਉਠਾਈ ਲੁਭ ਗਈ, ਵੇਖ ਰੂੜ ਜੱਟ ਦੀ ਨਿਕਲ ਭੁੱਬ ਗਈ ।

ਜੇ ਤੂੰ ਮੇਰੀ ਗੱਲ ਮੰਨੇ, ਪੈੜੇ-ਪੈਰ ਹੱਥ-ਹੰਨੇ, ਧੌਣ ਮਿਰਜ਼ੇ ਦੀ ਭੰਨੇ,

ਲਾ ਬਣਾਕੇ ਤੌਣੀਆਂ, ਤਾਂ ਮੈਂ ਰਾਜੀ ਜਾਣ ਅਟਕ ਸਨੈਣੀਆਂ ।

ਰੇਜ਼ ਕਰਦੇ ਜ਼ਮੀਨ, ਕਾਂ ਗਿਦੜ ਲਹੂ ਪੀਣ, ਜਾਣੂ ਕੀ ਨਿਜ਼ਾਮਦੀਨ,

ਜੇ ਕਡੀ ਨਾ ਕੁੱਬ ਗਈ, ਵੇਖ ਰੂੜ ਜੱਟ ਦੀ ਨਿਕਲ ਭੁੱਬ ਗਈ ।

ਪਿੰਡੀ ਛੱਡ ਗੇ ਗੜੂਚ, ਫੜ ਭੱਟੀਆਂ ਦੀ ਜੂਚ, ਕਰਕੇ ਡਬਲ ਕੂਚ,

ਨਾ ਚਲਾਕ ਦਾਅ ਕਰੇ, ਰਾਚ੍ਹ ਮੇਰਾ ਮਾਲਕ ਕਰਾਦੇ ਟਾਕਰੇ ।

ਗਮਾਂ ਦੀ ਪਟਾਰੀ ਖੋਹਲੀ, ਜਾਵੇ ਨੈਣੋਂ ਨੀਰ ਡੋਹਲੀ, 'ਬਾਬੂ' ਤੀਰ ਵਾਂਗੂੰ ਬੋਲੀ

ਸੀ ਦੁੱਲੇ ਦੇ ਚੁੱਭ ਗੀ, ਵੇਖ ਰੂੜ ਜੱਟ ਦੀ ਨਿਕਲ ਭੁੱਬ ਗਈ ।

ਦੋਹਿਰਾ

ਪੜੇ ਲਿਫਾਫੇ ਖੋਲ ਕੇ, ਢਲ ਗਿਆ ਫੇਰ ਵਜ਼ੂਦ ।

ਐਣ ਜਿਸਮ ਨੂੰ ਤੇਲੀਆਂ, ਜਿਮੇ ਉਬਲ ਦਾ ਦੂਧ ।

ਮੁਕੰਦ ਛੰਦ-੨੮

ਪਾਵੇ ਰੂੜ ਵਾਰ ਤੇ ਖੜੋਤਾ ਡੰਡ ਜੀ,

ਖੜਗੀ ਜੁਆਨ ਦੀ ਗਿੱਚੀ ਦੀ ਝੰਡ ਜੀ ।

ਕਹਿੰਦਾ ਹਿੱਕ ਪਿੱਟ ਮਾਂ ਬੁੱਢੀ ਨੇ ਫੇਹਲੀ ਐ,

ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਨੀਵੀਂ ਪਾ ਕੇ ਬਹਿਗਿਆ ਖੁਰਲੇ ਜ਼ਮੀਨ ਨੂੰ,

ਪਾੜ ਦਿਆਂ ਵਿਚਾਲਿਓਂ ਨਿਜ਼ਾਮਦੀਨ ਨੂੰ ।

ਜੀਹਨੇ ਮੇਰੀ ਲੱਗਵੀ ਬਗੀਚੀ ਭੇਲੀ ਐ,

ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਮੇਰੇ ਨਿਆਣੇ ਬਾਲਕੇ ਮਾਸੂਮ ਕੁੜੀਆਂ,
ਅੱਜ ਨਾ ਛਡਾਏ ਫੇਰ ਕਦੋਂ ਮੁੜੀਆਂ ।
ਤੋਰ ਲੇ ਲਹੌਰ ਨੂੰ ਬਣਾ ਜੇਲ੍ਹੀ ਐ,
ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਕਿਹੜਾ ਬੰਨ ਲੈਜੂ ਸੂਰਮੇ ਦੀ ਬਹੂ ਨੂੰ,
ਗੋਡੇ-ਗੋਡੇ ਵਾਹਣ 'ਚ ਚੜ੍ਹਾਦੂੰ ਲਹੂ ਨੂੰ ।
ਇਕੇ ਵਾਰੀ ਲਿਆਦੂੰ ਜਾਕੇ ਪਟਮੇਲੀ ਐ,
ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਮਾਰ ਤਲਵਾਰ ਵੈਰੀਆਂ ਨੂੰ ਛਾਗੂੰ ਮੈਂ,
ਪਾਦੂੰ ਅੱਗ ਦਲਾਂ 'ਚ ਦਹੂਦ ਵਾਂਗੂੰ ਮੈਂ ।
ਮੈਂ ਬਘਿਆੜ ਤੇ ਨਿਜ਼ਾਮਦੀਨ ਲੇਲੀ ਐ,
ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਵਾਂਦਾ ਨੂੰ ਛਡਾਲੂੰ ਮੈਂ ਕਦੇ ਨਾ ਮਿਟਦਾ,

ਮਿਰਜ਼ਾ ਵਿਖਾਦੂੰ ਕਦਮਾਂ 'ਚ ਲਿਟਦਾ ।

ਦਿੰਦਾ ਫਿਰੂੰ ਦਲਾਂ ਦੇ ਵਿਚਾਲੇ ਹੇਲੀ ਐ,

ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਚੌਵੀ-ਪੱਚੀ ਮੇਰੇ ਨਾਨਕਿਆਂ ਦੇ ਪਿੰਡ ਜੀ,

ਵੇਖ ਕੇ ਕਟਕ ਵੈਰੀ ਜਾਣ ਖਿੰਡ ਜੀ ।

'ਬਾਬੂ' ਨਾਨਕਿਆਂ ਦੀ ਛੀ ਹਜ਼ਾਰ ਦੇਹਲੀ ਐ,

ਮੱਥੇ ਉਤੇ ਆਗੀ ਗੱਭਰੂ ਦੇ ਤੇਲੀ ਐ ।

ਦੋਹਿਰਾ

ਕਰੇ ਝੜਾਈ ਸੂਰਮਾ, ਤੁਰਤ ਵਜਾਤੀ ਟਮਕ,

ਤੀਰ ਖੰਡੇ ਤਲਵਾਰ ਦੀ ਪਵੇ ਦੂਰ ਤੋਂ ਚਮਕ ।

ਡੂਡਾ ਛੰਦ-੨੯

ਲੱਗ ਜਾਂਦੀ ਪੰਜਾਂ ਕੱਪੜਿਆਂ ਨੂੰ ਅੱਗ ਜੀ, ਤੇ ਨਾ ਬੁਝਾਈ-ਬੁਝਦੀ,

ਮਾਮਿਆਂ ਨੂੰ ਕਹਿੰਦਾ ਚੱਲੋ ਮੇਰੇ ਸੱਗ ਜੀ, ਜੇ ਤੁਸਾਂ ਤੋਂ ਪੁਜ ਦੀ ।
ਦੇ ਨਹੋਰੇ ਪੱਗ ਮਾਰਦਾ ਜ਼ਮੀਨ ਤੇ, ਜਲਾਲ ਖਾਂ ਦੇ ਕੋਟ ਮੇਂ,
ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਤੇਜ ਤਲਵਾਰਾਂ ਨੂੰ ਝੜਾਕੇ ਸਾਨਾਂ ਤੇ, ਲਕੋਈਆਂ ਵਿੱਚ ਮਿਆਨਾਂ
ਦੇ,
ਅੱਜ ਧਾਵੇ ਹੋਗੇ ਮੁਗਲਾਂ ਪਠਾਣਾ ਤੇ, ਜੀ ਭੱਟੀਆਂ ਜਵਾਨਾਂ ਦੇ ।
ਸਾਰੇ ਕੱਠ ਮਾਰ ਮਿਰਜ਼ੇ ਕਮੀਣ ਤੇ, ਰਹੇ ਹਮੇਸ਼ ਖੋਟ ਮੇਂ,
ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਘੋੜਿਆਂ ਤੇ ਹੋਣ ਲੱਗਗੇ ਖਰ-ਖਰੇ, ਤੇ ਕੱਡ ਕੇ ਤਵੇਲਿਆਂ 'ਚੋਂ,
ਚੜੇ ਬੜੇ ਦਿੱਲੀ ਜੁਆਨਾਂ ਦੇ ਹਰਖ-ਰੇ, ਲਾਹ ਜੰਗਾਲ ਸੇਲਿਆਂ
'ਚੋਂ ।
ਮੇਲ੍ਹ ਦੇ ਫਿਰਨ ਜਿਮੇਂ ਸੱਪ ਬੀਨਤੇ, ਜੇ ਡਬੋ ਕੇ ਚੋਟ ਮੇਂ,
ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਨਵੀਂ ਜੁਆਨੀ ਚੜ੍ਹਗੀ ਜਵਾਨਾਂ ਲਹਿਰਿਆਂ ਤੇ, ਤੇ ਨਾ ਲਕੋਣੀ

ਜਿੰਦ ਜੀ,

ਨਸ਼ਾ ਪੀਕੇ ਹੱਥ ਫੇਰ ਦੇ ਮਛੈਰਿਆਂ ਤੇ, ਜੋ ਸੂਰਮੇ ਦੀ ਬਿੰਦ ਜੀ ।

ਸ਼ੁਰੂ ਹੋਗੇ ਭਰਕੇ ਪਿਆਲੇ ਪੀਣ ਤੇ, ਜੋ ਡਬੋਕੇ ਜੋਟ ਮੇਂ,

ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਗੁੱਸੇ ਨਾਲ ਚੜ੍ਹਗੇ ਦੁੱਲੇ ਦੇ ਮਾਮੇ ਐ, ਭਾਣਜੇ ਦੇ ਪੱਖ ਤੇ,

ਕਦੋਂ ਸਿਰੋਂ ਲੈਣ ਭੈਣ ਦੇ ਉਲਾਮੇ ਐ, ਜਾਂ ਲਟਾਕੇ ਰੱਖਤੇ ।

ਗੋਤੇ ਖਾਂਦੇ ਜਾਣ ਲਹੂ ਦੇ ਵਹੀਨ ਤੇ, ਜਿਉਂ ਵੇਲਦਾਰ ਟੋਟਮੇ,

ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਇੱਕ ਮੁੱਠੀ ਕੀਤੀਆਂ ਉਠਾਕੇ ਵਾਗਾਂ ਨੂੰ, ਦੇਖਦੇ ਨਾ ਡੰਡੀਆਂ,

ਜਾਣ ਨਾ ਮੁਗਲ ਛੇੜਕੇ ਤੇ ਨਾਗਾਂ ਨੂੰ, ਚਲੋ ਪਾਲੋ ਵੰਡੀਆਂ ।

'ਬਾਬੂ' ਜੀ ਝੜਾਦਿਓ ਮੌਤ ਦੀ ਮਸ਼ੀਨ ਤੇ, ਜੀ ਹੋ ਖੁਦਾਏ ਓਟ
ਮੇਂ,

ਦੁੱਲੇ ਦੀ ਝੜਾਈ ਹੋਗੀ ਜਾਮਦੀਨ ਤੇ, ਜੋ ਨਾਨਕੀ ਚਨੇਟ ਮੇਂ ।

ਦੋਹਿਰਾ

ਵੱਜੀ ਟਮਕ ਚਨੇਟ ਮੇਂ, ਕੰਨੀ ਸੁਣੀ ਬੁਲੇਲ ।
ਧਾਰਾਂ ਨਿਕਲਣ ਥਣਾਂ 'ਚੋਂ ਹੋਣ ਪੁੱਤਰ ਦੇ ਮੇਲ ।

ਦੋਤਾਰਾ ਛੰਦ-੩੦

ਜਾਂ ਸ਼ਹਿਰ ਨਾਨਕਿਆਂ ਦੇ, ਦੁੱਲੇ ਨੇ ਫੇਰ ਵਜਾਈਆਂ ਟਮਕਾਂ,
ਸੀ ਫੌਜ ਅਠਾਰਾਂ ਕੋਹ, ਉਸ ਥਾਂ ਸੁਣੀਆਂ ਆਕੇ ਧਮਕਾਂ ।
ਅਜ ਖੁਸ਼ੀਆਂ ਚੜ੍ਹੀਆਂ ਜੀ, ਲੱਧੀ ਨੂੰ ਖੂਬ ਸਹਾਵਣ ਵਾਰਾਂ,
ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਤੇ ਲਾਲੀ ਚੜ੍ਹਗੀ ਐ ਮੱਥੇ ਨੂੰ ਖਿੜ ਖਿੜ ਫਿਰਦੀ ਹੱਸਦੀ,
ਤੇ ਹੌਲੀ ਦੇਕੇ ਤੇ, ਆਹਾ ਗੱਲ ਫੁਲਰਾਂ ਕੋਲੇ ਦੱਸਦੀ ।
ਪੁੱਤ ਚੜ੍ਹਿਆ ਆਉਂਦਾ ਨੀ, ਟੱਬਰ ਦੀਆਂ ਲੈਲੂ ਆਕੇ ਸਾਰਾਂ,
ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਅੱਜ ਮਿਲਣਾ ਬੱਚੜੇ ਨੇ, ਹਿੱਕ ਪਰ ਲਗਗੀਆਂ ਹੋਣ ਜਲੂਣਾਂ,
ਜਾਮੇ ਵਿੱਚ ਮਿਉਂਦੀ ਨਾ, ਬੁੜੀ ਦਾ ਜਿਸਮ ਹੋਗਿਆ ਦੂਣਾ ।
ਮੈਂ ਪਿਟ-ਪਿਟ ਹੋਜੂੰਗੀ, ਘਾਇਲ ਪਰ ਰੱਜ ਰੱਜ ਲ੍ਹਾਲੂੰ ਵਾਰਾਂ,

ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਫੜ ਹਿੱਕ ਨੂੰ ਲਾਲ੍ਹੂੰਗੀ, ਪੁੱਤਰ ਨੂੰ ਖੂਬ ਗਫੜੀਆਂ ਪਾਕੇ,
ਵੇ ਖ਼ਬਰਾਂ ਲਈਆਂ ਨਾ, ਮੇਰੀਆਂ ਲਾਲ ਨਾਨਕੀ ਜਾਕੇ ।
ਪੁੱਤ ਵਾਂਦਾਂ ਬੰਨ ਕੇ ਤੇ ਤੇਰੀਆਂ, ਦੇਣ ਚਗੱਤੇ ਖਾਰਾਂ,
ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਹੁਣ ਜੁੜਗੇ ਹੋਣੇ ਐ, ਦੁੱਲੇ ਦੇ ਨਾਲ ਦੁੱਲੇ ਦੇ ਮਾਮੇ,
ਉਨਾਂ ਭੁੱਖਿਆਂ ਲੱਗੜਾਂ ਨੇ, ਆਣ ਕੇ ਫੜ-ਫੜ ਖਾਣੇ ਤਾਮੇਂ ।
ਉਸ ਸ਼ੇਰ ਦਲੇਰ ਦੀਆਂ, ਮੁਗਲਟੇ ਨਾ ਝੱਲ ਸਕਦੇ ਮਾਰਾਂ,
ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਹੁੰਦਾ ਵਿੱਚ ਜੱਗ ਦੇ ਜੀ, ਕਹਿੰਦੇ ਪੁੱਤ ਦਾ ਪਿਆਰ ਅਨੇਖਾ,
ਕਣਸੋਆਂ ਸੁਣ ਕੇ ਤੇ, ਲੱਧੀ ਨੂੰ ਚੜਿਆ ਚਾਅ-ਚੋਖਾ ।
'ਰਜਬਲੀ' ਤਰਸਦੇ ਨੂੰ, ਜਿਵੇਂ ਜਗਮੇਲ ਮਿਲਿਆ ਇੱਕ ਵਾਰਾਂ,
ਸੁਣੀ ਵਾਜ ਟਮਕ ਦੀ ਜੀ, ਥਣਾਂ 'ਚੋਂ ਦੂਰ ਜਾਪੀਆਂ ਧਾਰਾਂ ।

ਦੋਹਿਰਾ

ਵੱਜਣ ਨਗਾਰੇ ਜੇਤ ਦੇ, ਫੌਜ ਰਸਾਲੇ ਜਾਣ ।
ਡੇਰੇ ਲਾਲੇ ਮੁਗਲ ਨੇ, ਚੰਗੇ ਵੇਖ ਮੈਦਾਨ ।

ਦੋ ਭਾਗ ਛੰਦ-੩੧

ਮਿਰਜ਼ੇ ਨੇ ਵੇਖ ਕੇ ਮੈਦਾਨਾਂ ਚੰਗਿਆਂ ਨੂੰ,
ਕਰ ਤਾ ਹੁਕਮ ਨਾਲ ਦਿਆਂ ਤਲੰਗਿਆਂ ਨੂੰ ।

ਲਾਹਕੇ ਅਸਬਾਵ ਖੱਚਰਾਂ ਤੋਂ ਧਰਦਿਓ,
ਅੱਜ ਐਥੇ ਆਪਣਾ ਮੁਕਾਮ ਕਰਦਿਓ ।

ਮੰਨ ਲੇ ਹੁਕਮ ਝੱਟ ਸਰਕਾਰਾਂ ਦੇ,
ਘੜੀ 'ਚ ਤੰਬੂ ਲੱਗਗੇ ਅਹਿਲ ਕਾਰਾਂ ਦੇ ।

ਕਰਨ ਆਰਾਮ ਬਰਦੀਆਂ ਉਤਾਰੀਆਂ,
ਖਾਣ, ਫੀਲ, ਘੋੜੇ, ਖੱਚਰਾਂ ਨਿਹਾਰੀਆਂ ।

ਲੱਗੀ ਆਪੋ-ਆਪਣੇ ਟਿਕਾਣੇ ਦੁਨੀਆਂ,
ਪਹਿਰੇ ਲਾਤੇ ਵਾਂਦਾਂ ਨਾ ਰਹਿਣ ਸੁੰਨੀਆਂ ।

ਵੇਖੀਆਂ ਨਾ ਅੱਖੀਂ, ਸੁਣਨੇ 'ਚ ਆਉਂਦੀਆਂ,
ਪਟਰੌਲਾਂ ਫਿਰਨ ਚੁਫੇਰੇ ਭਾਉਂਦੀਆਂ ।

ਲਾਲ ਖਾਂ ਨੇ ਜਿਧਰ ਨਜ਼ੀਰਾਂ ਛੇੜੀਆਂ,
ਚਲੋ ਸੈਰ ਕਰਨ ਬਲੈਤਾਂ ਕੇਹੜੀਆਂ ।

ਕਿਹੜੇ ਪਾਸਿਉਂ ਆਇਆ ਦਿੱਲੀ ਦਿਆ ਰਸਾਲਿਆ,
ਕਿਹੜੇ ਰਾਜੇ ਨਾਲ ਮੋਰਚਾ ਲਗਾਲਿਆ ।

ਆਕੀ ਹੋਇਆ ਆਵੇ ਨਾ ਨਜ਼ਰ ਕੋਈ ਵੀ,
ਕਿਹੜੇ ਰਜਵਾੜੇ ਤੇ ਕਰੋਪੀ ਹੋਈ ਵੀ ।

ਦੱਸੋ ਕੇ ਕਿਸੇ ਨੇ ਸ਼ਾਨੀਆਂ ਨਾ ਭਰੀਆਂ ?
ਕਿਹੜੀ ਰਿਆਸਤ ਤੇ ਕਰੜਾਈਆਂ ਕਰੀਆਂ ।

ਅੱਗੋਂ ਕਹਿੰਦੇ ਮੁਗਲ ਖੰਘੂਰਾ ਮਾਰ ਕੇ,
ਪਿੰਡੀ ਵਿਚੋਂ ਆਏ ਭੱਟੀਆਂ ਨੂੰ ਸੁਆਰ ਕੇ ।

ਮਿਟ ਗਿਆ ਪੰਜਾਬ ਦਾ ਫ਼ਸਾਦ ਫਿਤਨਾ,
ਲਿਆਏ ਬੰਨ ਦੁੱਲੇ ਦਾ ਕਬੀਲਾ ਜਿਤਨਾ ।

ਐਸੇ ਭੱਟੀ ਮਾਰ ਦੇ ਤੜਾਕੇ(ਭੜਾਕੇ) ਫੋਕੇ ਜੀ,
ਅਸੀਂ ਪਿੰਡੀ ਵਿੱਚ ਨਾ ਕਿਸੇ ਨੇ ਰੋਕੇ ਜੀ ।

ਏਹੋ ਜੀਆਂ ਗੱਲਾਂ ਮੁਗਲਾਂ ਨੇ ਕਰੀਆਂ,
'ਰਜਬਲੀ' ਗਈਆਂ ਨਾ ਬੁੱਢੇ ਤੋਂ ਜਰੀਆਂ ।

ਦੋਹਿਰਾ

ਸੁਣੇ ਤਰਾਨੇ ਮੁਗਲ ਦੇ, ਹੋ ਗਿਆ ਭੁੱਜ ਮਨੂਰ ।
ਜਲਦੀ ਚੜਜੋ ਪੋਤਰਿਉ, ਕਰ ਦਿਉ ਚਕਨਾ ਚੂਰ ।

ਮਨੋਹਰ ਭਵਾਨੀ ਛੰਦ-੩੨

ਸੁਣ ਮੁਗਲਾਂ ਦੀ ਬਾਣੀ,

ਖੜਾ ਹੋ ਗਿਆ ਪਾਣੀ-ਪਾਣੀ,

ਵਾਜ ਮਾਰੇ ਵਾਰੀ ਥਾਣੀ ।

ਘਬਰਾਇਆ ਜਿਆਸਤੇ,

ਤਿਆਰ ਹੋਜੋ ਪੋਤਰਿਓ ਲੜਨ ਵਾਸਤੇ ।

ਬੁਰੇ ਮੁਗਲ ਹੰਕਾਰੇ,

ਕੀ ਪਿੰਡੀ 'ਚ ਕੀਤੇ ਕਾਰੇ,

ਕਢ ਲੇ ਜਨਾਨੇ ਸਾਰੇ,

ਮੰਦਰਾਂ 'ਚੋਂ ਵੜਕੇ,

ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਖਿਆਲ ਪਾਸੇ ਦੇ ਕੀ ਪੈਗੇ,

ਜੇ ਮੁਗਲ ਵਾਂਦਾਂ ਲੈਗੇ,

ਆਪਾਂ ਜਿਉਂਦਿਆਂ 'ਚੋਂ ਨਾ ਰਹਿਗੇ ।

ਹੈ ਸ਼ਰਮ ਪੁਜਕੇ,

ਸੂਰਮੇ ਸ਼ਰਮ ਤੇ ਮਰਨ ਭੁੱਜ ਕੇ ।

ਜਵਾਂ ਹਿੰਮਤ ਨਾ ਹਾਰਾਂ,

ਵੱਧ-ਵੱਧ ਤੇਗਾਂ ਮਾਰਾਂ,

ਜਾਂ ਸੁਣਨ ਤਲਵਾਰਾਂ

ਥੋਡੀਆਂ ਦੇ ਖੜਕੇ,

ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਜਿੰਨੀ ਆਖੂੰ-ਆਖੂੰ ਠੀਕ,

ਦੇਣ ਉਂਗਲਾਂ ਸ਼ਰੀਕ,

ਨਾ ਲਹੇ ਲੱਗੀ ਵੀ ਲੀਕ ।

ਜੇ ਛਡੈਣ ਨਾ ਚੜੇ,

ਮਾਰਕੇ ਮੁਗਲ ਪਾਪੀ ਰੱਖੇ ਨਾ ਰੜੇ ।

ਮੈਨੂੰ ਤਾਂ ਸਵਾਦ ਆਵੇ,

ਇਕ ਵੀ ਨਾ ਜਾਣਾ ਪਾਵੇ,

ਛੇਤੀ ਕਰੋ ਜੁਆਨੋ ਧਾਵੇ ।

ਕੋਤਲਾਂ ਤੇ ਚੜਕੇ,

ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਤੁਸੀਂ ਬਣੋ ਸ਼ੇਰ ਬੱਗੇ,
ਮੈਂ ਵੀ ਤੁਰੂੰ ਹੋ ਕੇ ਅੱਗੇ,
ਦਾਗ ਭੱਟੀਆਂ ਨੂੰ ਲੱਗੇ ।
ਜੇ ਦਿੱਲੀ ਨੂੰ ਤੁਰਗੇ,
ਨਾ ਡਰਨ ਟਟੀਰੀਉ ਅਸੀਲ ਮੁਰਗੇ ।
ਜਵਾਂ ਇੱਜ਼ਤ ਨਾ ਛੱਡੀ,
ਤਾਂ ਤਰੀਫ ਹੋਵੇ ਵੱਡੀ,
ਜਾ ਖੰਡਾ ਦਿਓ ਅੱਡੋ-ਅੱਡੀ ।
ਮੁਗਲਾਂ 'ਚ ਵੜਕੇ,
ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਚਲੋ ਛੱਡੋ ਜੁਆਨੇ ਰਾਸੇ,
ਵੇਖੋ ਜੰਗ ਦੇ ਤਮਾਸ਼ੇ,
ਗੱਲ ਹੋਜੂ ਇੱਕ ਪਾਸੇ ।
ਸਾਰਿਆਂ ਨੂੰ ਦੀਹਦੀਆਂ,

ਛੁਟੀਆਂ ਨਾ ਵਾਂਦਾਂ ਪਾਜਾਂਗੇ ਸ਼ਹੀਦੀਆਂ ।

ਆਵੀ ਲੈਣੀ ਨੇਕੀ ਖੱਟ,

ਤਿਆਰ ਹੋਜੋ ਝੱਟਾ-ਪੱਟ,

ਕਡੋ ਮਿਰਜ਼ੇ ਦੇ ਵੱਟ ।

ਕਣ ਵਾਂਗੂੰ ਰੜਕੇ,

ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਕਰੋ ਤਿਆਰੀ ਛੇਤੀ ਜਾਹੋ,

ਸੀਸ ਮੁਗਲਾਂ ਦੇ ਲਾਹੋ,

ਤੇਗਾਂ ਜ਼ੋਰ ਨਾਲ ਵਾਹੋ ।

ਨਾ ਮੈਦਾਨੇ ਭੱਜਿਉ,

ਵੈਰੀਆਂ ਦੇ ਜਾਕੇ ਹਿੱਕ ਵਿੱਚ ਵੱਜਿਉ ।

ਨਾਵੇਂ ਉਨਾ ਦੇ ਮਿਸਣ,

ਸਾਂਗਾਂ ਵੱਜ ਕੇ ਫਿਸਣ,

ਸੀਸ ਡਿਗਦੇ ਦਿਸਣ ।

ਮੋਢਿਆਂ ਤੋਂ ਝੜਕੇ,

ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਤੁਸੀਂ ਅਲੀਰਾਅ ਦੀ ਬਿੰਦ,
ਦੇਵੇ ਨਾ ਜਹਾਨ ਨਿੰਦ,
ਕਰੋ ਨਾ ਪਿਆਰੀ ਜਿੰਦ ।
ਸੀਸ ਲਿਉਣੇ ਡੁੰਗਕੇ,
ਲੁਕਣਾ ਕੀ ਦੁੱਧ ਛੀਣੀਆਂ ਦੇ ਚੁੰਘਕੇ ।
ਸੋਹਣੇ ਮਿਸਰੇ ਬਣੈਨ,
ਸਹੀ ਬਾਬੂ ਜੀ ਬਤੈਣ,
ਜਗਮੇਲ ਹੋਰੀਂ ਗੈਣ ।
ਖਾੜਿਆਂ 'ਚ ਖੜਕੇ,
ਚੱਲੋ ਵਾਂਦਾਂ ਪੋਤਰਿਉ ਛੁਡਾਈਏ ਲੜਕੇ ।

ਦੋਹਿਰਾ

ਗੈਣ ਸਣੈਦੇ ਬਿਰਧ ਨੂੰ, ਛੋੜ ਵੜੇ ਬੁੱਧਵਾਨ ।
ਕਲਨੂੰ ਮਰਦਾ ਅੱਜ ਮਰੀਂ, ਸਾਨੂੰ ਕਿਸ ਦੀ ਕਾਣ ।

ਦੋ ਭਾਗ ਛੰਦ-੩੩

ਐਵੇਂ ਧੌਲੇ ਕਾਸਤੋਂ ਹਲੈਂਦਾ ਫਿਰਦਾ,

ਦੁੱਲੇ ਨਾਲ ਸਾਡੀ ਕੀ ਲਿਹਾਜ ਬਿਰਧਾ ।

ਗਿਆ ਸਾਡਾ ਬਾਪ ਵਾਸਤੇ ਸ਼ਿਕਾਰ ਕੇ,

ਵੇ ਗੁਨਾਹ ਨੂੰ ਖਾਕ 'ਚ ਰਲਾਤਾ ਮਾਰ ਕੇ ।

ਅਸੀਂ ਨੀਵੇਂ ਹੋਕੇ ਸੌ ਪਚੈਤਾਂ ਜੋੜੀਆਂ,

ਮੰਨਿਆਂ ਨਾ ਬਿਰਧਾ ਪਛਾੜੀ ਮੋੜੀਆਂ ।

ਸਿਰ ਤੇ ਝੜਾਕੇ ਚੰਮ ਦੀਆਂ ਟਾਕੀਆਂ,

ਪਿੰਡੀ ਵਿੱਚ ਖੇਡ ਦੇ ਫਿਰਨ ਹਾਕੀਆਂ ।

ਐਖੀ ਹੋਗੀ ਮੋੜਨੀ ਪਚਾਇਤ ਧੱਕਕੇ,

ਸਾਨੂੰ ਧੜ ਸੱਖਣੀ ਫੜਾਤੀ ਚੱਕ ਕੇ ।

ਤੈਨੂੰ ਗਿਣ-ਗਿਣ ਕੇ ਸੁਣਾਈਏ ਕੇਹੜੀਆਂ,

ਸਾਡੇ ਨਾਲ ਕੀਤੀਆਂ ਕਮਾਈਆਂ ਜੇਹੜੀਆਂ ।

ਆਏ ਧੁਰੋਂ ਵਧਮੀ ਸ਼ਰੀਕ ਕਰਦੇ,
ਅਸੀਂ ਬਾਬਾ ਵੜਗੇ ਅੰਦਰ ਡਰਦੇ ।

ਸਾਨੂੰ ਹਾਲ ਦੱਸਣ ਪਿੰਡੀ ਦੀ ਢੇਰੀ ਦੇ,
ਜਿਹੜੇ ਬੁੱਢੇ ਆਦਮੀ ਉਮਰ ਤੇਰੀ ਦੇ ।

ਉਨ੍ਹਾਂ ਨਾਲ ਕਦੋਂ ਸੀ ਲਿਹਾਜ ਦੱਸਦੇ,
ਪਿੰਡੀ 'ਚੋਂ ਸ਼ਰੀਕਾਂ ਨੇ ਉਜਾੜੇ ਵੱਸਦੇ ।

ਚੌਥਾ ਹਿੱਸਾ ਪਿੰਡੀ 'ਚੋਂ ਜਗੀਰਾਂ ਖੋਲੀਆਂ,
ਹੁਣ ਤਾਈਂ ਮਾਰ ਦੇ ਸ਼ਰੀਕ ਬੋਲੀਆਂ ।

ਨਿਕਲੇ ਪਿੰਡੀ ਦੇ ਵਿੱਚੋਂ ਪੈਂਦੇ ਬਹੁੜੀਆਂ,
ਸਿਰਾਂ ਉੱਤੇ ਤੱਤੀਆਂ ਚੁਕਾਈਆਂ ਤੌੜੀਆਂ ।

ਲੱਗ ਗੇ ਬੁੱਢੇ ਤੋਂ ਕਤਰੌਣ ਕੰਨੀਆਂ,

ਅਸੀਂ ਦੋਵੇਂ ਜਣੇ ਮਿਰਜ਼ੇ ਦੇ ਵੰਨੀਆਂ ।

ਅਸੀਂ ਨਾ ਸ਼ਰੀਕ ਤੇ ਕਸਰ ਛੱਡਣੀ,
ਸੌਖੀ ਹੋਗੀ ਵੈਰੀ ਦੀ ਅਲਕ ਵੱਡਣੀ ।

ਵੈਰੀ ਤੇ ਗਾਹਕ ਮਿਲਦੇ ਹਮੇਸ਼ ਨਾ,
ਸਾਡੇ ਨਾਲ ਰੱਖਿਆ ਭਰੱਪਾ ਏਸ ਨਾ ।

'ਰਜਬਲੀ' ਮੰਨ ਪਿਉ ਮਰੇ ਦਿਆ ਬਾਬਲਾ,
ਦੁੱਲੇ ਨਾਲ ਸਾਡਾ ਹੋਣ ਦੇ ਮੁਕਾਬਲਾ ।

ਦੋਹਿਰਾ

ਰਾਣੀ ਮਾਤਾ ਆਖਦੀ, ਮਾਰ ਚੀਕ ਤੇ ਚੀਕ ।
ਵੇ ਬੁਰਿਆਈ ਜਦਾਦੀਨ, ਪੁੱਤ ਕਰਨੀ ਨਾ ਠੀਕ ।

ਮੁਕੰਦ ਛੰਦ-੩੪

ਰਾਣੀ ਮਾਤਾ ਸੁਲਤਾਨ ਖਾਂ ਵਰਾਨ ਦੀ,
ਪੁੱਤਰਾਂ ਨੂੰ ਗੱਲ ਆਖਦੀ ਗਿਆਨ ਦੀ ।
ਬਾਬੇ ਦੀ ਨਸੀਹਤ ਕਿਉਂ ਤੁਸਾਂ ਨੂੰ ਪੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਵੈਰੀ ਹੋਵੇ ਛੱਡਦਾ ਮਿਟਾਕੇ ਨਾਮੇ ਵੇ,
ਆਪਣੇ ਜੇ ਮਾਰਦੇ ਸਿਟਣ ਛਾਮੇ ਵੇ ।
ਰੱਬ ਬਿਨਾ ਉਨਾ ਦਾ ਹਮੈਤੀ ਕੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਊਤਾਂ ਕਹਿੰਦੇ ਰੋਜ਼ ਲੜਦੇ ਸ਼ਰੀਕ ਵੇ,
ਆਪਣੇ ਨੂੰ ਮਾਰਨਾ ਹੁੰਦਾ ਨਾ ਠੀਕ ਵੇ ।
ਮਾਰਦੀ ਵਸੂਰੇ ਮਾਤਾ ਜਾਵੇ ਰੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਇਕੋ ਜਾਤ ਗੋਤ ਦੇ ਇੱਕੋ ਹੀ ਰੱਤ ਵੇ,
ਫਿਰ ਕਿਉਂ ਨਾ ਲੈਂਦੇ ਬੁਢੜੇ ਦੀ ਮੱਤ ਵੇ ।

ਥਾਂ ਤੇ ਘਾਇਲ ਹੋਜੇ ਮੰਨ ਦੇ ਧਰੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਕਹੇ ਲਗੋ ਬੱਤੀ ਵਖਸੌਣਾ ਧਾਰਾਂ ਨੂੰ,
ਉੱਠ ਕੇ ਤੇ ਧੂਪ ਦੇ ਲੋ ਤਲਵਾਰਾਂ ਨੂੰ ।
ਭੱਜ ਪੈਜੋ ਸੈਨਾ ਆਣ ਕੇ ਖੜੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਹੱਕ ਤੇ ਮਰਨ ਵਾਲਿਆਂ ਨੂੰ ਮੇਹਣਾ ਨੀ,
ਜਿਉਂਦਿਆਂ ਚਗੱਤਿਆਂ ਨੂੰ ਜਾਣ ਦੇਣਾ ਨੀ ।
ਤਾਹਨੇ ਦੇਣ ਤੁਸਾਂ ਨੂੰ ਖਬਰ ਕੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

'ਰਜਬਲੀ' ਪੈਣ ਨਾ ਹਮੇਸ਼ਾ ਰਾਂਦਾਂ ਨੂੰ,
ਚੜੋ ਮੇਰੇ ਸੂਰਮਿਉ ਛੜਾਲੋ ਵਾਂਦਾਂ ਨੂੰ ।
ਡਰ ਜਾਊ ਬਿੰਦ-ਰਾਅਲੀ ਦੀ ਸੋਈ ਨੀ,
ਜੱਦ ਮਾਰਨੇ ਨੂੰ ਦੋ ਜਹਾਨੀ ਢੋਈ ਨੀ ।

ਦੋਹਿਰਾ

ਪੁੱਤ ਸੁਲਤਾਨ ਵਿਰਾਨ ਖਾਂ, ਲੱਗਗੇ, ਸੱਸ਼ਤਰ ਲੈਣ ।
ਲੈਕੇ ਪਿੰਡ ਦੇ ਸੂਰਮੇ, ਵਾਂਦਾਂ ਚੜੇ ਛਡੈਣ ।

ਮੁਕੰਦ ਛੰਦ-੩੫

ਸੁਣ ਜੋਸ਼ ਆਗਿਆ ਭਰਾਵਾਂ ਦੋਆਂ ਨੂੰ,
ਛੇਤੀ ਤਿਆਰ ਹੋਗੇ ਪਹਿਨ ਕੇ ਸੰਜੋਆਂ ਨੂੰ ।
ਪਿੰਡ ਚੋਂ ਬੁੜੇ ਨੇ ਮੱਦਤਾਂ ਝੜਾਤੀਆਂ,
ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਹੌਸਲੇ ਦੇ ਨਾਲ ਧਾਵੇ ਕੀਤੇ ਭੱਟੀਆਂ,
ਉਤੇ ਚੜੇ ਜਾਣ ਫੇਰ ਦੇ ਮਲੱਟੀਆਂ ।
ਵੱਧ-ਵੱਧ ਜੁਆਨਾਂ ਤਲਵਾਰਾਂ ਵਾਹਤੀਆਂ,
ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਲੀੜੇ ਲਾਹਕੇ ਥੱਕੇ ਵੇ ਅਰਾਮ ਕਰਦੇ,

ਜਾਕੇ ਰਾਜਪੂਤਾਂ ਨੇ ਉਡਾਤੇ ਗਰਦੇ ।
ਮੁਗਲਾਂ ਨੂੰ ਮਾਵਾਂ ਯਾਦ ਕਰਬਾਤੀਆਂ,
ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਦਿਲ ਦੇ ਦਲੇਰ ਉਮਰ ਨਰਮ ਦੇ,
ਇਹੋ ਜੇ ਜਣਿਆਂ ਦੇ ਆਫਰੀਂ ਜਰਮ ਦੇ ।
ਸੀਸ ਵੱਡ ਧੜਾਂ ਜ਼ਿਮੀ ਤੇ ਲਿਟਾਤੀਆਂ,
ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਭੂਆ ਭੈਣਾਂ ਤਾਈਆਂ ਭਰਜਾਈਆਂ ਚਾਚੀਆਂ,
ਦੁੱਲਾ ਸ਼ੇਰ ਆਗਿਆ ਲੁਹਾਈਆਂ ਜਾਚੀਆਂ ।
ਲੱਧੀ ਹੋਰੀਂ ਪੈਣ ਤੰਬੂਆਂ 'ਚੋਂ ਝਾਤੀਆਂ,
ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਵੱਢ-ਵੱਢ ਲਾਤੇ ਵੈਰੀਆਂ ਦੇ ਪੂਰ ਜੀ,
ਭੱਜ ਦਿਆਂ ਨੂੰ ਹੋ ਗਿਆ ਲਹੌਰ ਦੂਰ ਜੀ ।

'ਰੱਜਬਲੀ' ਮਾਰ ਕੇ ਵਹੀਰਾਂ ਪਾਤੀਆਂ,

ਵਾਰਾਂ ਵਾਂਦਾਂ ਦੋਹਾਂ ਭਾਈਆਂ ਨੇ ਛਡਾਤੀਆਂ ।

ਦੋਹਿਰਾ

ਅੱਦੇ ਕਟਕ ਚਨੇਟ ਦੇ, ਵਜਦੇ ਸੁਣ ਕੇ ਢੋਲ ।

ਜੁਆਨਾਂ ਧਾਵੇ ਬੋਲਤੇ, ਆ ਨਗਰੀ ਦੇ ਕੋਲ ।

ਮੁਕੰਦ ਛੰਦ-੩੬

ਦੁੱਲਾ ਲਿਆਇਆ ਮੱਦਦ ਜੜਾਕੇ ਮਾਮਿਆਂ ਦੀ,

ਸਿਰੋਂ ਪੰਡ ਲਾਹਮਾਂ ਲੱਧੀ ਦੇ ਉਲਾਮਿਆਂ ਦੀ ।

ਧੂੜ ਨਾਲ ਅਟ ਤੇ ਪਿੰਡਾਂ ਦੇ ਖੂਹੇ ਐ,

ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਵਜਦੇ ਗਿਲਾਰੇ ਜੰਗ ਦੇ ਮੈਦਾਨ ਮੇਂ,

ਤਲਵਾਰਾਂ ਜਾਣ ਤੜਫੀ ਮਿਆਨ ਮੇਂ ।

ਫੜ ਮੁਠ ਸਿਉਨੇ ਦੇ ਕਟਾਰ ਧੂਹੇ ਐ,

ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਮੂੰਹੋਂ ਬੋਲ ਕੇ ਤੇ ਤਕਰੀਰ ਕਲਮੇ,
ਘੁਕਦੇ ਵਰੋਲੇ ਵਾਂਗੂੰ ਆਗੇ ਦਲ ਮੇਂ ।
ਹੋਗਿਆ ਦੁੱਲਾ ਸੂਰਮਾ ਵਥੇਰਾ ਭੂਹੇ ਐ,
ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਜਿਹੜੀ ਫੌਜ ਆਈ ਸੀ ਦੁੱਲੇ ਦੇ ਨਾਲ ਦੀ,
ਮਾਰ ਸਾਰ-ਪਾਰ ਲੰਘਗੀ ਵਿਚਾਲ ਦੀ ।
ਮਾਰ-ਮਾਰ ਤੋੜੇ ਮੁਗਲਾਂ ਦੇ ਢੂਹੇ ਐ,
ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਰਫਲਾਂ ਦੇ ਮੂਹਰੇ ਲਾਲਿਆ ਸੰਗੀਨਾਂ ਨੂੰ,
ਲਾਲ-ਲਾਲ ਰੰਗ ਚਾੜਤਾ ਜ਼ਮੀਨਾਂ ਨੂੰ ।
ਦੁੱਲੇ ਦੇ ਹਮੈਤੀਆਂ ਵਧੇਰੇ ਛੂਹੇ ਐ,
ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਫੜ ਵੱਢੀ ਜਾਣ ਦਾਤੀ ਪੈਗੀ ਹਾੜ੍ਹੀਏਂ,

ਵੇਖ ਕੇ ਤੇ ਮੁਗਲ ਲੁਕਣ ਝਾੜ੍ਹੀਏਂ ।

ਥਿਆਗੇ ਵਾੜ ਬਿਲਿਆਂ ਨੂੰ ਦਿੱਲੀ ਦੇ ਚੂਹੇ ਐ ,

ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

'ਰੱਜਬਲੀ' ਦਿੱਤੀਆਂ ਲੱਧੀ ਨੇ ਥਾਪੀਆਂ,

ਐਡੀ ਦੂਰ ਧਾਰਾਂ ਸੀ ਥਣਾਂ ਤੋਂ ਜਾਪੀਆਂ ।

ਹਿੱਕ ਨਾਲ ਲਾਲਿਆ ਲਾਹ ਤੰਬੂ ਦੇ ਬੂਹੇ ਐ,

ਹਵਾ ਨਾਲ ਝੂਲਦੇ ਫਰੇਰੇ ਸੂਹੇ ਐ ।

ਦੋਹਿਰਾ

ਲਾਈਆਂ ਵੱਢ-ਵੱਢ ਢੇਰੀਆਂ ਫੇਰ ਮੁਕਾਤੀ ਰਾਂਦ ।

ਲੱਧੀ ਆਂਹਦੀ ਜੁਆਨ ਨੇ, ਆਣ ਛੜਾਲੀ ਵਾਂਦ ।

ਮੁਕੰਦ ਛੰਦ-੩੭

ਵੈਰੀਆਂ ਨੂੰ ਵੱਢ ਕੇ ਮਕਾਤੀ ਰਾਂਦ ਜੀ,
ਫੇਰ ਲੱਧੀ ਮਾਤਾ ਦੀ ਛੜਾਲੀ ਵਾਂਦ ਜੀ ।
ਰੋਵੇ ਮਾਤਾ ਚੁੱਪ ਕਰਦੀ ਵਿਰਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਥਰ-ਥਰ ਕੰਬਦਾ ਚਗੱਤਾ ਕਾਇਰ ਜੀ,
ਦੌੜ ਕੇ ਤੇ ਫੜਲੇ ਲੱਧੀ ਦੇ ਪੈਰ ਜੀ ।
ਕਹਿੰਦੀ ਪੁੱਤ ਮਾਰਦੀ ਗਊਆਂ ਦੇ ਬਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਰਾਜੀ ਨਾਮਾ ਹੋ ਗਿਆ ਚਿਤੇ ਤੇ ਵੱਧਦਾ,
ਸੂਰਮਾ ਨਾ ਗੱਲ ਮਾਤਾ ਦੀ ਉਲੱਦ ਦਾ ।
ਦੂਰ੍ਹ ਪਾਕੇ ਉਤੋਂ ਫੇਰ ਦੀਂ ਸੁਹਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਸੁਲਾ ਹੋਗੀ ਭੱਟੀ ਜਾਂ ਪਿੰਡੀ ਨੂੰ ਮੁੜਗੇ,
ਮੁਗਲਾਂ ਦੇ ਭੱਜੇ ਵੇ ਭਗੌੜੇ ਜੁੜ ਗੇ ।

ਟਲਦਾ ਸੀ ਜ਼ੁਲਮ ਕਮੌਣੈਂ ਪਾਜੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਵਾਰ ਵਿੱਚ ਰੋਜ਼ ਖੇਲ ਦੇ ਸ਼ਿਕਾਰ ਜੀ,
ਪਿਆਰ ਪਾਕੇ ਕਰਦਾ ਦਗੇ ਦੀ ਕਾਰ ਜੀ ।
ਦਾਗ ਹੋਣੋ ਹਟੂ ਖਰਬੂਜਾ ਦਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਨਸ਼ਾ ਪੀ ਕੇ ਦੁੱਲਾ ਬੇ ਫਿਕਰ ਪੈ ਗਿਆ,
ਲਾਕੇ ਜੰਜੀਰਾਂ ਸੀ ਦਿੱਲੀ ਨੂੰ ਲੈ ਗਿਆ ।
ਸੌਂਗੀ ਸੌਰ੍ਹੀ ਫੇਰ ਤਕਦੀਰ ਜਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਆਕਲ, ਅਦਾਲਤ, ਬੜੇ ਦਲੇਰ ਖਾਂ,
ਜਿਉਂਦੇ ਰਹਿਣ ਅਲੀ ਸਰਦਾਰ, ਸ਼ੇਰ ਖਾਂ ।
ਮੰਨਦੇ ਨੇ ਹੁਕਮ ਜੀ ਪਿਤਾ ਤੋਂ ਬਾਗੀ ਨਾ,
ਤੇ ਮੁਗਲ ਸੱਪ ਨੇ ਜ਼ਹਿਰ ਤਿਆਗੀ ਨਾ ।

ਦੋਹਿਰਾ

ਦਾਨਿਸ਼ਮੰਦ ਕਚਹਿਰੀਏ, ਕਰਨਾ ਜ਼ਰਾ ਕਿਆਸ ।
ਹਸਨ-ਹੁਸੈਨ ਅਮਾਮ ਦੇ, ਸੁਣਲੋ ਬਚਨ-ਬਿਲਾਸ ।

ਮੁਕੰਦ ਛੰਦ-੧

ਐਹੋ ਜੀ ਸ਼ਹੀਦੀ ਹਸਨ-ਹੁਸੈਨ ਦੀ,
ਰਹੀ ਨਾ ਕਸਰ ਅਸਮਾਨ ਢੈਣ ਦੀ ।
ਨਵੀਂ ਚੱਸ ਚਾੜ੍ਹਨੀ ਕਹਾਣੀ ਬੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਬੀਬੀ ਫ਼ਾਤਮਾ ਦੇ ਟਹਿਕੇ ਸਿਤਾਰਿਆਂ ਨੂੰ,
ਜ਼ਾਲਮ ਜਦੀਦਾ ਮਾਰਦੂ ਦੁਲਾਰਿਆਂ ਨੂੰ ।
ਮੱਲੋ-ਮੱਲੀ ਰੋਣ ਆਜੂਗਾ ਗਰੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਪਹਿਲਾਂ ਜ਼ਹਿਰ ਦੇਤੀ ਹਸਨ ਸ਼ਗੂ਼ਫ਼ੇ ਨੂੰ,

ਦਰ੍ਹੇ ਨਾਲ ਸੱਦ ਲਿਆ ਹੁਸੈਨ ਕੂਫ਼ੇ ਨੂੰ ।
ਚੀਨ ਦੀ ਦੀਵਾਰ ਡੇਗੀ ਲਾਕੇ ਰੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਬਸਰਿਓਂ ਸਦਾਲਿਆ ਇਬਨਜ਼ਾਦ ਨੂੰ,
ਘੇਰ ਲੂ ਸ਼ਿਮਰ ਅਲੀ ਦੀ ਉਲਾਦ ਨੂੰ ।
ਤੋੜਦੇ ਅਮਨ ਦੀ ਰੰਗੀਨੀ ਨੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਮਾਈਆਂ ਬੱਚਿਆਂ ਸਣੇ ਬਿਆਸੀ ਰੂਹਾਂ ਸੀ,
ਵੈਰੀਆਂ ਦਾ ਪੂਰਾ ਵੀਹ ਹਜ਼ਾਰ ਠੂਹਾਂ ਸੀ ।
ਮਾਲਕ ਸੰਭਾਲ ਜੜ੍ਹੀ ਐਹੋ ਜੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਨਦੀ ਉਤੇ ਜਾ ਕੇ ਪਹਿਰੇ ਤੇ ਘਲਿਆਰ ਤੇ,
ਸਾਰੇ ਪਿਆਰੇ ਰੱਬ ਦੇ ਤਿਹਾਏ ਮਾਰਤੇ ।
ਦੇਖੋ ਪਾਪੀ ਕਰਦੇ ਖ਼ਰਾਬੀ ਕੇਹੀ ਨੂੰ ?

ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਬੁਰਾ ਹਾਲ ਕੀਤਾ 'ਬਾਬੂ ਜੀ' ਮਹੈਣ ਦਾ,
ਲੈਗੇ ਸੀਸ ਟੰਗ ਨੇਜੇ ਤੇ ਹੁਸੈਣ ਦਾ ।
ਛੱਡਗੇ ਮੈਦਾਨ ਵਿੱਚ ਲਾਸ਼ ਫੇਹੀ ਨੂੰ,
ਸੁਣ ਗੱਲ ਚੜ੍ਹ ਝਰਨਾਟ ਦੇਹੀ ਨੂੰ ।

ਦੋਹਿਰਾ

ਦੀਨ-ਦੁਨੀ ਦਾ ਬਾਦਸ਼ਾਹ, ਹਜ਼ਰਤ ਪਾਕ ਰਸੂਲ ।
ਸ਼ਿਕਰਮਟਾ ਬੁੱਤ ਤੋੜਤੇ, ਕਰੀ ਤੌਹੀਦ ਕਬੂਲ ।

ਦੋ ਭਾਗ ਛੰਦ-੨

ਦੀਨ ਦੁਨੀਆਂ ਦਾ ਬਾਦਸ਼ਾਹ ਰਸੂਲ ਸੀ,
ਉਸਦਾ ਹੁਕਮ ਕੁੱਲ ਨੂੰ ਕਬੂਲ ਸੀ ।

ਹੋਇਆ ਰਾਜ ਅਬਾਬਕਰ ਸਦੀਕ ਦਾ,
ਉਹਨੇ ਵੀ ਅਦਲ ਕੀਤਾ ਠੀਕ-ਠੀਕ ਦਾ ।

ਫੇਰ ਗੱਦੀ ਬਹਿ ਗਿਆ ਉਮਰ ਕਰੇਸ਼ੀਆ,
ਫ਼ਤਿਹ ਕੀਤਾ ਯੂਰਪ, ਅਫ਼ਰੀਕਾ, ਏਸ਼ੀਆ ।

ਤੀਸਰਾ ਖਲੀਫ਼ਾ ਨਾਮ ਉਸਮਾਨ ਸੀ,
ਜੀਹਨੇ ਜਮ੍ਹਾਂ ਕੀਤਾ ਬੈਠਕੇ ਕੁਰਾਨ ਸੀ ।

ਆਕੇ ਘੇਰੇ ਪਾਲੇ ਵੈਰੀਆਂ ਨੇ ਘਰ ਤੇ,
ਤਲਵਾਰਾਂ ਮਾਰ ਕੇ ਸ਼ਹੀਦ ਕਰਤੇ ।

ਓਦੂੰ ਪਿੱਛੋਂ ਬਣੇ ਉਮੀਆਂ ਦੇ ਪੱਖ ਦੇ,
ਹਾਸ਼ਮੀ ਕਬੀਲੇ ਨਾਲ ਵੈਰ ਰੱਖਦੇ ।

ਬੈਠ ਗਿਆ ਤਖ਼ਤ ਤੇ ਅਲੀ ਮਦੀਨੇ ਮੇਂ,
ਮਾਵੀਆਂ ਦੇ ਭਾਂਬੜ ਮੱਚਣ ਸੀਨੇ ਮੇਂ ।

ਅਲੀ ਦੇ ਹੁਕਮ ਨੂੰ ਮਨਾਣ ਛੱਡ ਗਿਆ,
ਸ਼ਾਮ ਵਿੱਚ ਝੰਡੇ ਮਜ਼ਬੂਤ ਗੱਡ ਗਿਆ ।

ਮਾਵੀਆਂ ਦਾ ਪੁੱਤਰ ਜਦੀਦਾ ਪਾਪੀ ਸੀ,
ਭਲਿਆਂ ਦਾ ਵੈਰੀ, ਬੁਰੇ ਦਾ ਮਿਲਾਪੀ ਸੀ ।

ਹਸਨ ਹੁਸੈਨ ਹੱਕਦਾਰ ਗੱਦੀ ਦੇ,
ਆਕੇ ਜ਼ੋਰ ਚੜ੍ਹਗੇ ਜਦੀਦ ਰੱਦੀ ਦੇ ।

ਹਟੇ ਨਾ ਹਟਾਇਆ ਜ਼ੁਲਮ ਗੁਜ਼ਾਰਤਾ,
ਜ਼ਹਿਰ ਦੇ ਕੇ ਹਸਨ ਸ਼ੁਕੀਨ ਮਾਰਤਾ ।

ਦੂਜਾ ਵੀ ਖਪਾਦਿਉ ਦੂਜਿਆਂ ਨੂੰ ਚੱਕੇ ਜੀ,
ਤਾਂ ਹੁਸੈਨ ਲੱਗ ਗਿਆ ਰਹਿਣ ਮੱਕੇ ਜੀ ।

ਕਹਿਣ ਲੱਗੇ ਪੁੰਨ ਨਾਲੋਂ ਪਾਪ ਫਲਦਾ,
ਕੂਫ਼ੇ ਤੀਕ ਮੂਜ਼ੀ ਦਾ ਹੁਕਮ ਚੱਲਦਾ ।

ਕੂਫ਼ੀ ਕਹਿੰਦੇ ਬਾਦਸ਼ਾਹ ਹੁਸੈਣ ਮਿਲਜੇ,
ਪਾਪੀਆਂ ਦੇ ਰਾਜ ਦੀ ਮੁਨਿਆਦ ਹਿੱਲਜੇ ।

ਭੇਜਦੇ ਮੱਕੇ ਨੂੰ ਚਿੱਠੀਆਂ ਲਿਫ਼ਾਫ਼ੇ ਐ,
ਪੈਰੀਂ ਆ ਕੇ ਸਿੱਟ੍ਹਦੇ ਸਿਰਾਂ ਦੇ ਸਾਫ਼ੇ ਐ ।

ਧੂਣੀਆਂ ਲਗਾ ਕੇ ਬਹਿਗੇ ਵਿੱਚ ਦਰ ਦੇ,
ਰੱਖੀ ਬਿੱਲੀ ਵਾਂਗ ਮਿਆਉਂ ਮਿਆਉਂ ਕਰਦੇ ।

ਨਾਲ ਬੁੱਢੀਆਂ ਵੀ ਆਈਆਂ ਮਿੱਠੇ ਮਾਸੀਆਂ,
ਲੈਣ ਡਾਂਗ-ਡਾਂਗ ਜਿੱਡੀਆਂ ਉਬਾਸੀਆਂ ।

ਝਾਟਿਆਂ ਨੂੰ ਮਹਿੰਦੀ ਬਾਹਲੀਆਂ ਨਮਾਜਣਾਂ,
ਜਾਣੀ ਕਿਤੋਂ ਆਈਆਂ ਮੱਕੇ ਦੀਆਂ ਹਾਜਣਾਂ ।

ਲੈਕੇ ਜਾਣ ਦੀਨ ਤੇ ਦੁਖੀ ਦੇ ਪੀਰ ਨੂੰ,
ਕਹਿਕੇ ਹਾਂ ਹੁਸੈਨ ਮੋੜਤੇ ਅਖ਼ੀਰ ਨੂੰ ।

ਆਹਾ ਗੱਲ ਮੱਕੇ ਦੇ ਸ਼ਰੀਫ਼ ਸੁਣਦੇ,
ਕੂਫ਼ੀ ਪੁਲ ਝੂਠਦੇ ਬੰਨ੍ਹਣ ਹੁਣ ਦੇ ।

ਕੂ਼ਫ਼ੇ ਵਾਲਿਆਂ ਦਾ ਇਤਬਾਰ ਕਿੱਥੇ ਐ ?
ਉਥੇ ਮਾਰੋ ਪਾਣੀ ਨਾ ਥਿਉਂਦਾ ਜਿੱਥੇ ਐ ।

ਧਿਆਏ ਇਹ ਵੈਰੀ ਐ ਜੱਦ ਤੇਰੀ ਦੇ,
ਚੜ੍ਹ ਜੀਂ ਨਾ ਧੱਕੇ 'ਅਜ਼ਲ-ਹਨੇਰੀ ਦੇ ।

ਆਗੇ ਧੌਣਾ ਬਾਪ ਭਾਈ ਦੀਆਂ ਕੱਪੀਆਂ,
ਦਗ਼ਾ ਦੇ ਕੇ ਤੈਨੂੰ ਮਰਵਾਉਣਾ ਗੱਪੀਆਂ ।

ਛਾਵੇਂ ਬਹਿ ਬਿਰਛ ਦੇ ਜੜ੍ਹਾਂ ਨੂੰ ਵੱਢਦੇ,
ਇਹ ਨੀ ਮਿੱਤ ਬਣਕੇ ਫ਼ਰਕ ਛੱਡਦੇ ।

ਸਮਝਾਲੋ ਹਟਣ ਫਸਾਦੋਂ ਰਾਂਦੀ ਨਾ,
ਖੋਟੇ ਦੀ ਖੁਟਿਆਈ ਵਿੱਚੋਂ ਧੋਤੀ ਜਾਂਦੀ ਨਾ ।

ਲਾਲਾ ਆਂਹਦੇ 'ਬਾਬੂ ਜੀ' ਸੁਣੈਂਦੇ ਚਿੱਟੀਆਂ,
ਫੇਰ ਵੀ ਹੁਸੈਨ ਖੂੰਡੀਆਂ ਨਾ ਸਿੱਟ੍ਹੀਆਂ ।

ਬੈਂਤ-੩

ਕਈ ਰੋਜ਼ ਹੋਗੇ ਮਿੰਨਤਾਂ ਕਰਦਿਆਂ ਨੂੰ,
ਬਹਿ ਗਿਆ ਖ਼ੌਫ਼ ਜਜੀਦ ਸ਼ਰੀਰ ਦਾ ਜੀ ।

ਆ ਗਿਆ ਤਰਸ ਰਸੂਲ ਦੇ ਦੋਤ੍ਰੇ ਨੂੰ,
ਦੇਤਾ ਕੂਚ ਦਾ ਹੁਕਮ ਅਖ਼ੀਰ ਨੂੰ ਜੀ ।

ਸੱਥਾਂ ਸੁੰਨੀਆਂ ਹੋਣ ਬਜ਼ਾਰ ਖ਼ਾਲੀ,
ਲੱਗੇ ਚਿੱਤ ਨਾ ਸ਼ਹਿਰ ਦਿਲਗੀਰ ਦਾ ਜੀ ।

ਸੁਣਕੇ ਰੋਂਦੀਆਂ ਫਿਰਨ ਸ਼ਰੀਫ਼ ਮਾਈਆਂ,
ਨੈਣੋਂ ਵਗੇ ਦਰਿਆ ਪਿਆ ਨੀਰ ਦਾ ਜੀ ।

ਭੈਣਾਂ ਪੈਣ ਵਰਾਗ ਦੇ ਵੈਣ ਬਹਿ ਕੇ,
ਕਹਿਣਾ ਸਾਥ ਨਾ ਛੋੜਨਾ ਵੀਰ ਦਾ ਜੀ ।

ਸਾਰਾ ਨਾਲ ਅਮਾਮ ਦੇ ਤਿਆਰ ਹੋ ਗਿਆ,

ਖ਼ਾਨਦਾਨ ਹੁਸੈਨ ਅਮੀਰ ਦਾ ਜੀ ।

ਸ਼ੁਤਰਵਾਨ ਅਸਵਾਰ ਰਵਾਨ ਹੋਗੇ,
ਜਾਵੇ ਕਾਫ਼ਲਾ ਥਲਾਂ ਨੂੰ ਚੀਰਦਾ ਜੀ ।

ਹੰਸ ਚੁਗਣ ਚੱਲੇ ਚੋਗ ਮੋਤੀਆਂ ਦੀ,
ਸਿੱਟਿਆ ਜ਼ਾਲਮਾਂ ਜ਼ਾਲ ਜ਼ੰਜ਼ੀਰ ਦਾ ਜੀ ।

ਹੋਣਹਾਰ ਨਾ ਟਲੀ ਪੈਗ਼ੰਬਰਾਂ ਤੋਂ,
ਰਹੂ ਚੱਲਕੇ ਤੀਰ ਤਕਦੀਰ ਦਾ ਜੀ ।

'ਰਜਬਲੀ ਖਾਂ' ਜ਼ਿੰਦਗੀ ਚਾਰ ਦਿਨ ਦੀ,
ਢਹਿ ਜੂ ਰੇਤਲਾ ਬੁਰਜ ਸਰੀਰ ਦਾ ਜੀ ।

ਦੋਹਿਰਾ

ਘੋੜਾ ਜੋ ਸਰਦਾਰ ਦਾ, ਫੇਰ ਕਰਬਲਾ ਆਣ ।
ਜ਼ੋਰ ਜ਼ੋਰ ਦੀ ਹਿਣਕਦਾ, ਮੱਲਕੇ ਖੜ੍ਹਾ ਮੈਦਾਨ ।

ਦੋ ਭਾਗ ਛੰਦ-੪

ਜਿੱਥੇ ਘੋੜਾ ਪੀਰ ਦਾ ਖੜੋ ਗਿਆ ਆਣ ਜੀ,
ਕੁੱਲ ਦੁਨੀਆਂ 'ਚੋਂ ਚੰਦਰਾ ਮਦਾਨ ਜੀ ।

ਉਜੜੀ 'ਵੀ ਕੂਟ ਨਿਰਦਈ ਧਰਤੀ,
ਦੂਰ-ਦੂਰ ਤੀਕ ਸੁੰਨਸਾਨ ਵਰਤੀ ।

ਜਿੱਥੇ ਹੋਇਆ ਕੌਰੋਂ-ਪਾਂਡਵਾਂ ਦਾ ਜੰਗ ਜੀ,
ਏਸ ਵੀ ਜ਼ਮੀਨ ਦਾ ਉਹੋ ਜਿਹਾ ਰੰਗ ਜੀ ।

ਉਸ ਜਗ੍ਹਾ ਮਾਂ ਤੇ ਪੁੱਤਰਾਂ ਦਾ ਹਿੱਤ ਨ੍ਹੀ,
ਧੁਪ ਸਹੁਰੀ ਪਵੇ ਮੁਲਤਾਨ ਜਿਤਨੀ ।

ਰੋਹੀ-ਬੀਆਬਾਨ ਖੁਸ਼ਕ ਪਹਾੜੀਆਂ,
ਲੰਘਦਿਆਂ ਨੂੰ ਦੰਦੀਆਂ ਵੱਢਣ ਝਾੜੀਆਂ ।

ਡਰ ਲੱਗੇ ਰੱਤਾਂ ਚੂਸੀਆਂ ਕਿ ਚੂਸੀਆਂ,

ਗਿੱਦੜ ਬਘਿਆੜ ਮਾਰਦੇ ਟਪੂਸੀਆਂ ।

ਤਲਵਾਰਾਂ ਮਾਰਦੇ ਰੁੱਖਾਂ ਦੇ ਪੱਤ ਵੀ,
ਸਿੰਮ-ਸਿੰਮ ਡਿੱਗਦੀ ਜਿਨ੍ਹਾਂ 'ਚੋਂ ਰੱਤ ਵੀ ।

ਜਾਣੀਂ ਚੱਸ ਲਹੂ ਦੀ ਚੜ੍ਹੀ 'ਵੀ ਮਿੱਟੀ ਨੂੰ,
ਲਾਲ-ਲਾਲ ਕਰਦੇ ਪੁਸ਼ਾਕ ਚਿੱਟੀ ਨੂੰ ।

ਕਿਤੇ ਖੇਤੀ ਦਿਸੀ ਨਾ ਕਿਸੇ ਦੀ ਬੋਈ 'ਵੀ,
ਏਤੇ ਸੱਚੇ ਰੱਬ ਦੀ ਕਰੋਪੀ ਹੋਈ 'ਵੀ ।

ਜਿੱਥੇ ਟੋਆ ਪੁਟਕੇ ਗੱਡਣ ਮੁੰਨੀਆਂ,
ਧਰਤੀ 'ਚ ਜਾਂਦੀਆਂ ਲਹੂ 'ਚ ਗੰਨ੍ਹੀਆਂ ।

ਜਿੱਥੇ ਪੈੜ ਘੋੜੇ ਦਾ ਰਤਾ ਕੁ ਖੁੱਬਲੇ,
ਉਸ ਜਗ੍ਹਾ ਲਹੂ ਦਾ ਫੁਹਾਰਾ ਉਬਲੇ ।

ਦੇਖ ਕੇ ਹੁਸੈਨ ਦਾ ਸਰੀਰ ਕੰਬਿਆ,

ਇਹ ਕੀ ਭਾਣਾ ਘੋੜਾ ਤਾਂ ਕਦੇ ਨਾ ਹੰਭਿਆ ?

ਰਾਹੀਆਂ ਕੋਲੋਂ ਪੁੱਛੇ ਨਾਮ ਕੀ ਮਦਾਨ ਦਾ,
ਮੈਂ ਨਾ ਚੰਗੂੰ ਏਸ ਧਰਤੀ ਨੂੰ ਜਾਣਦਾ ।

ਜਾਣ ਵਾਲੇ ਕਹਿੰਦੇ, 'ਕਰਬਲਾ ਕਰਬਲਾ',
ਜਾਣ ਗਿਆ ਹੁਸੈਨ ਏਥੇ ਹੋਣਾ ਗਰਬਲਾ ।

ਨਾਲ ਦਿਆਂ ਨੂੰ ਆਖਦਾ ਸਬਾਬ ਲਾਹ ਦਿਉ,
ਜੀਨ ਲਾਹ ਕੇ ਦਾਣਾ ਘੋੜਿਆਂ ਨੂੰ ਪਾ ਦਿਉ ।

'ਰਜਬ ਅਲੀ' ਆਪਣਾ ਟਿਕਾਣਾ ਏਹੋ ਜੀ,
ਤੰਬੂ ਲਾ ਸਵਾਰੀਆਂ ਨੂੰ ਬੰਨ੍ਹ ਦੇਹੋ ਜੀ ।

ਬੈਂਤ-੫

ਲੱਗੀ ਖ਼ਬਰ ਦਮਿਸ਼ਕ ਜਜੀਦ ਨੂੰ ਜੀ,
ਲਿਖੇ ਇਬਨ ਜਿਆਦ ਨੂੰ ਝੱਪਦੇ ਜੀ ।

ਬਸਰਾ ਛੱਡ ਕੇ ਤੁਰਤ ਰਵਾਨ ਹੋ ਜਾ,
ਕੂਫ਼ੇ ਪਹੁੰਚ ਵਿਹਾਰ ਕੁੱਲ ਠੱਪਦੇ ਜੀ ।

ਮੇਰੇ ਉਤੇ ਨਿਰਾਜ਼ ਉਸ ਸ਼ਹਿਰ ਵਾਲੇ,
ਹੁਣ ਨਾਮ ਹੁਸੈਨ ਦਾ ਜੱਪਦੇ ਜੀ ।

ਦਗੇਬਾਜ਼ ਖ਼ੁਸ਼ਾਮਦੀ ਕੈਰ ਕੂੜੇ,
ਬੈਠ ਕਿਲ੍ਹੇ ਉਸਾਰਦੇ ਗੱਪ ਦੇ ਜੀ ।

ਔਖਾ ਕੰਮ ਕੀ ਮਾਰਨਾ ਲਾਲਚੀ ਨੂੰ,
ਮੈਂਰਾ ਵੱਢ ਬੇਸ਼ੱਕ ਲੱਪ-ਲੱਪ ਦੇ ਜੀ ।

ਐਸੀ ਚਾਲ ਚੱਲ ਆਪਦੀ ਤਰਫ਼ ਕਰ ਲੈ,
ਕੁੱਲ ਜ਼ੁਲਮ ਹੁਸੈਨ ਸਿਰ ਠੱਪਦੇ ਜੀ ।

ਉਹ ਵੀ ਕੱਲ ਸਵੇਰ ਦੇ ਰਵਾਂ ਹੋਏ,
ਅੱਗੋਂ ਘੇਰ ਲੋ ਕਰਬਲਾ ਟੱਪਦੇ ਜੀ ।

ਜਿਉਂਦਾ ਇੱਕ ਨਾ ਜਾਣ ਦਿਉ ਸੱਯਦਾਂ 'ਚੋਂ,

ਭਾਵੇਂ ਜਾਣ ਅਨੇਕ ਦਲ ਖੱਪਦੇ ਜੀ ।

ਤੀਰ ਮਾਰ ਕੇ ਛਾਣ ਦਿਉ ਛਾਤੀਆਂ ਨੂੰ,

ਗਲੇ ਤੇਜ਼ ਤਲਵਾਰਾਂ ਸੇ ਕੱਪਦੇ ਜੀ ।

ਟੰਗੋ ਨੇਜੇ ਤੇ ਸੀਸ ਹੁਸੈਨ ਦਾ ਜੀ,

ਬਾਕੀ ਵਿੱਚ ਮੈਦਾਨ ਦੇ ਨੱਪਦੇ ਜੀ ।

ਬੋਲ ਹਾਰਗੇ ਕੌਲ-ਕਿਰਾਰ ਕਰਕੇ,

ਬੇਈਮਾਨ ਕੂਫ਼ੀ ਬੱਚੇ ਸੱਪ ਦੇ ਜੀ ।

ਘੇਰਾ ਪਾ ਲਿਆ ਜ਼ਾਲਮਾਂ ਸੱਯਦਾਂ ਨੂੰ,

'ਬਾਬੂ' ਨਿੱਗਲ ਜੂ ਕਾਲ ਗੜੱਪ ਦੇ ਜੀ ।

ਦੋਹਿਰਾ

ਹੁਲੀਆ ਸ਼ਿਮਰ ਚੰਡਾਲ ਦਾ, ਸੁਣੋਂ ਸੁਣਾਵਾਂ ਸ਼ੈਰ ।
ਜਿਸਦਾ ਨਾਲ ਹੁਸੈਣ ਦੇ, ਸਿਰਾਂ ਧੜਾਂ ਦਾ ਵੈਰ ।

ਦੋ ਭਾਗ ਛੰਦ-੬

ਮਿਲੀ ਸਰਦਾਰੀ ਜਾਂ ਛਿਮਰ ਹੱਸੇ ਜੀ,
ਵੱਟਦਾ ਚੰਡਾਲ ਦੋਜ਼ਕਾਂ ਨੂੰ ਰੱਸੇ ਜੀ ।

ਬੜਾ ਕਮਜ਼ਾਤ ਦਾ ਖ਼ਰਾਬ ਅਸਲਾ,
ਸੱਯਦਾਂ ਤੇ ਕਰੇ ਨਾ ਭਲਾਈ ਵੱਸ ਲਾ ।

ਕਿਸੇ ਕੋਲੇ ਗੱਲ ਦੱਸਦਾ ਨਾ ਦਿਲ ਦੀ,
ਮਿਲੇ ਦਿਲ ਪਾੜਦੇ, ਭਜਾ ਦੇ ਮਿਲਦੀ ।

ਰੋਣੀ ਤਸਵੀਰ ਹੱਸਕੇ ਨਾ ਉੱਠਿਆ,
ਹਰ ਵੇਲੇ ਰੱਬ ਨਾਲ ਰਹੇ ਰੁੱਠਿਆ ।

ਜੰਮਕੇ ਤੇ ਕਰੀ ਨਾ ਖ਼ਰੈਤ ਹਰਗਾ,

ਦੂਜਿਆਂ ਦੇ ਖਾਣ ਨੂੰ ਸਤਾਰ੍ਹਾਂ ਵਰਗਾ ।

ਕਰ ਦਿੰਦਾ ਮਾਂ ਤੇ ਬਾਪੂ ਦੀ ਵੀ ਚੁਗ਼ਲੀ,
ਕੰਡਿਆਂ ਵਾਲੀ ਕਿੱਕਰੀ ਕਸੂਤੀ ਉਗ਼ਲੀ ।

ਰੰਗ ਤਵੇ ਵਰਗਾ ਮੱਥੇ ਤੇ ਵਾਲ ਜੀ,
ਥੋੜ੍ਹਾ-ਥੋੜ੍ਹਾ ਰਲਦਾ ਲੰਗੂਰਾਂ ਨਾਲ ਜੀ ।

ਅੱਖ ਮੀਚ ਮੀਚ ਕੇ ਉਘੇੜੇ ਖੁੱਡ ਜੀ,
ਬੱਲਦ ਵਾਂਗੂੰ ਨਿਕਲੀ ਅਗਾਂਹ ਨੂੰ ਹੁੱਡ ਜੀ ।

ਸੋਫੀ ਗੱਲਾਂ ਕਰੇ ਜਿਉਂ ਕਿਤਾਬ ਪੜ੍ਹਦਾ,
ਐਂ ਮਲੂਮ ਹੋਵੇ ਕਿਸੇ ਨਾਲ ਲੜਦਾ ।

ਸਾਧੂਆਂ ਨੂੰ ਦੱਸਦੇ ਲਗਾਦੇ ਚੋਰਾਂ ਨੂੰ,
ਆਪ ਹੋਜੇ ਕੰਨੀਂ ਤੇ ਲੜਾਦੇ ਹੋਰਾਂ ਨੂੰ ।

ਹੱਥ 'ਚ ਹੁਕਮ ਸੌਂਪਤਾ ਕਮੀਣ ਨੂੰ,

ਬੇਕਸੂਰ ਬੰਦਿਆਂ ਦਾ ਲਹੂ ਪੀਣ ਨੂੰ ।

ਜਿਹੜੇ ਸ਼ਿਮਰ ਦੇ ਨਾਲ ਸਰੀਰ ਸੀ,
ਪਾਪ ਕਰਨੇ ਦੀ ਕੱਢਗੇ ਲਕੀਰ ਸੀ ।

ਸਾਰਿਆਂ ਕਰੀ ਸ਼ੈਤਾਨ ਦੀ ਸ਼ਗਿਰਦੀ,
ਵਡਿਆਈ ਕਰੀ ਜਾਣ ਇੱਕੋ ਧਿਰ ਦੀ ।

ਬੜੇ ਪੱਕੇ ਰੋੜ ਰੋੜਾਂ ਵਾਲੇ ਵਾਹਣ ਦੇ,
ਬੇਈਮਾਨ ਯਾਰ ਹੁੰਦੇ ਬੇਈਮਾਨ ਦੇ ।

ਸਿਆਹੀ ਲਾ ਇਮਾਮ ਦੀ ਬੇਦਾਗ਼ ਸ਼ੀਸ਼ੀ ਤੇ,
ਸ਼ਿਮਰ ਚੰਡਾਲ ਨੂੰ ਝੜਾਤਾ ਟੀਸੀ ਤੇ ।

'ਰਜਬਲੀ' ਖ਼ਾਨ ਕੰਮ ਝੋਲੀ ਚੱਕਾਂ ਦੇ,
ਅੰਬਾਂ ਤੋਂ ਬਣਾਤੇ ਮੇਵੇ ਮਿੱਠੇ ਅੱਕਾਂ ਦੇ ।

ਦੋਹਿਰਾ

ਕਰਨ ਲੜਾਈ ਕੂਫ਼ਿਊ, ਬੀਸ ਹਜ਼ਾਰ ਚੰਡਾਲ ।
ਤੇ ਘਬਰਾਗੀ ਵੇਖ ਕੇ, ਨਬੀ ਸਾਬ੍ਹ ਦੀ ਆਲ ।

ਦੋ ਭਾਗ ਛੰਦ-੭

ਸੱਯਦਾਂ ਨੂੰ ਘੇਰਾ ਵੈਰੀਆਂ ਨੇ ਪਾ ਲਿਆ,
ਪਾਣੀ ਨੂੰ ਦਰਿਆ ਦੇ ਉਤੇ ਪਹਿਰਾ ਲਾ ਲਿਆ ।

ਆਖ ਦਿਉ ਹੁਸੈਨ ਨੂੰ ਭਜਾ ਤੇ ਬਰਦੇ,
ਬਾਦਸ਼ਾਹ ਜਜੀਦ ਨੂੰ ਸਲਾਮ ਕਰਦੇ ।

ਵੈਰ ਨਾ ਜੇ ਛੱਡਣਾ ਦਲੀਲ ਤੇਰੀ ਐ,
ਰੱਤ ਦੀ ਧਿਆਈ, ਤਲਵਾਰ ਮੇਰੀ ਐ ।

ਉਹ ਗੱਲ ਸੁਣੀ ਜਾਂ ਹੁਸੈਨ ਇੱਕ ਤੋਂ,
ਜਾਵੇ ਲਾਟ ਅੱਗ ਦੀ ਝਲ੍ਹੂੰਦੀ ਹਿੱਕ ਤੋਂ ।

ਹੋ ਗਿਆ ਸਵਾਰ ਨਾਂ ਖ਼ੁਦਾ ਦਾ ਜਪ ਕੇ,

ਮੱਥੇ ਤੇ ਹੁਸੈਨ ਦੇ ਜਲਾਲ ਟਪਕੇ ।

ਗਲ ਵਿੱਚ ਲਟਕਾ ਲਿਆ ਕੁਰਾਨ ਨੂੰ,
ਜਾ ਕੇ ਕਹਿਣ ਲੱਗਾ ਸ਼ਿਮਰ ਸ਼ੈਤਾਨ ਨੂੰ ।

ਕੂਫ਼ੀਆਂ ਸਦਾਇਆ ਤੈਨੂੰ ਸੱਚ ਦੱਸਤਾ,
ਆਇਆ ਮੈਂ ਦੱਸਣ ਨੇਕੀਆਂ ਦਾ ਰੱਸਤਾ ।

ਕਾਹਨੂੰ ਬੇਗੁਨਾਹਾਂ ਬੱਚਿਆਂ ਨੂੰ, ਮਾਰਦੇ,
ਇਹ ਮਛੋਰ੍ਹ ਸਾਰੇ ਨਾਨੇ ਦੇ ਦੁਆਰ ਦੇ ।

ਆਕੇ ਗੱਦੀ ਸਾਂਭਲੇ ਜਜੀਦ ਕਸਬੀ,
ਫੇਰਿਆ ਕਰੂੰ ਮੈਂ ਖ਼ੁਦਾ ਦੇ ਨਾਂ ਦੀ ਤਸਬੀ ।

ਉਹਦਾ ਸਿੱਕਾ ਚੱਲਜੇ ਤਮਾਮ ਦੇਸ਼ ਮੇਂ,
ਮੈਂ ਦਿਹਾੜੇ ਕੱਟਲੂੰ ਫ਼ਕੀਰੀ ਵੇਸ ਮੇਂ ।

ਅਸੀਂ ਧੰਨ-ਮਾਲ ਨਾ ਕਿਸੇ ਦਾ ਵੰਡਣਾ,

ਉਹਨੂੰ ਹੋਵੇ ਤਾਜ ਤਖ਼ਤ ਸੁਮੰਡਣਾ ।

ਜੱਗ ਵਿੱਚ ਭਲੇਮਾਣਸਾਂ ਦਾ ਵੇਲਾ ਨਾ,
ਰਹਿੰਦਾ (ਚੰਗਾ)ਉਦੋਂ ਮੰਨਦਾ ਜੇ ਮੇਲਾ ਨਾ ।

ਐਮੇਂ ਕਾਹਤੋਂ ਹੁੰਨੇ ਐ ਉਤਾਹਾਂ-ਠਾਹਾਂ ਨੂੰ ?
ਤੰਬੂ ਪੱਟ ਮੁੜ ਜਾਨੇ ਐਂ ਪਿਛਾਹਾਂ ਨੂੰ ।

ਮੇਰੇ ਜੇ ਕਸੂਰ ਮੇਰਾ ਸ਼ੀਸ਼ ਵੱਢ ਦਿਉ,
'ਰਜਬਲੀ' ਮੇਰੇ ਨਾਲ ਦਿਆਂ ਨੂੰ ਛੱਡ ਦਿਉ ।

ਦੋਹਿਰਾ

ਖੁੱਲ੍ਹਗੀ ਅੱਖ ਹੁਸੈਨ ਦੀ, ਕੂਫ਼ਾ ਬੜਾ ਸ਼ੈਤਾਨ ।
ਬਿਨਾਂ ਕਸੂਰੋਂ ਮਾਰਨਾ, ਲਿਖਦਾ ਨਹੀਂ ਕੁਰਾਨ ।

ਦੋ ਭਾਗ ਛੰਦ-੮

ਤੁਸੀਂ ਗੱਲ ਕਰੋ ਕੂਫ਼ੇ ਦੇ ਪੰਚੈਤੀਉ,
ਤੋੜਤੀ ਲਿਹਾਜ਼ ਗੂੜ੍ਹਿਉ ਹਮੈਤੀਉ ।

ਛੇਤੀ ਛੇਤੀ ਚਲਦੀ ਜ਼ਬਾਨ ਲੁੱਤਰੀ,
ਕੈਂਚੀ ਨਾਲ ਚਾਹੀਦੀ ਜੜ੍ਹਾਂ ਤੋਂ ਕੁਤਰੀ ।

ਅੱਛਾ ਕੰਮ ਨਹੀਂ ਸਲਿਆ ਵੇ ਛਲਕੇ,
ਵੈਰੀਆਂ ਦੇ ਹੱਥਾਂ 'ਚ ਫੜਾਤੇ ਵਲਕੇ ।

ਘਰੋਂ ਸੱਦ ਮੇਰੇ ਕਿਉਂ ਮਰੇਂਦੇ ਲਾਲ ਜੀ,
ਮੂਰਖੋ ਅਖ਼ੀਰ ਨੂੰ ਨਬੀ ਦੀ ਆਲ ਜੀ ।

ਕਾਹਨੂੰ ਬੇੜੀ ਡੋਬਦੇ ਉੱਤਮ ਕੁਲ ਦੀ,
ਨਬੀਆਂ ਦੀ ਅੰਸ਼ ਫਿਰੂਗੀ ਰੁਲ ਦੀ ।

ਪਿੱਛੇ ਦੋ ਰਸੂਲ ਛੱਡਗੇ ਨਿਸ਼ਾਨੀਆਂ,
ਦੋਹਾਂ ਦੀਆਂ ਲੱਗਗੇ ਕਰਨ ਹਾਨੀਆਂ ।

ਇੱਕ ਆਹ ਕੁਰਾਨ ਦੂਜੀ ਜੱਦ ਓਸ ਦੀ,
ਦੋਵੇਂ ਤੱਜ ਦਿੱਤੇ ਗੱਲ ਅਫ਼ਸੋਸ ਦੀ ।

ਜੇਬ ਵਿੱਚੋਂ ਕੱਢਕੇ ਖਤਾਂ ਦਾ ਡੱਬਾ ਜੀ,
ਰੱਖਤਾ ਅਗੇਰੇ ਕਾਗ਼ਜ਼ਾਂ ਦਾ ਥੱਬਾ ਜੀ ।

ਕੰਨਾਂ ਉਤੇ ਹੱਥ ਧਰਕੇ ਤੇ ਕਿਰਗੇ,
ਕੂਫ਼ੀ ਨੱਕ ਮੋਮ ਦੇ ਜ਼ਬਾਨੇਂ ਫਿਰਗੇ ।

ਪਹਿਲਾ ਕਹਿਣ ਲੱਗਾ ਮੈਂ ਪੜ੍ਹਿਆ 'ਵ ਮੂਲ ਨ੍ਹੀਂ,
ਸਾਡੇ ਬੁੜ੍ਹੇ ਨੇ ਵੀ ਵੇਖਿਆ ਸਕੂਲ ਨ੍ਹੀਂ ।

ਏਵੇਂ ਕਹਿਕੇ ਦੂਸਰਾ ਛੁੜਾ ਗਿਆ ਲੜ ਜੀ,
ਅਸੀਂ ਬਾਰਾਂ ਪੀੜ੍ਹੀਆਂ ਤੋਂ ਅਨਪੜ੍ਹ ਜੀ ।

ਤੀਜਾ ਜਾਣ ਗੱਪ ਮਾਰਨੇਂ ਨੀ ਟਲਦਾ,
ਰਿਹਾ ਮੈਂ ਸਿਆਹੀ ਕੁੜਤੇ ਨੂੰ ਮਲਦਾ ।

ਚੌਥਾ ਕਹੇ ਹਰਫ਼ ਪੈਂਤੀ 'ਚੋਂ ਭੁੱਲਾਂ ਜੀ,

ਮਾਰ ਗਿਆ ਮਹੀਨਾ ਅਲਫੇ ਤੇ ਮੁੱਲਾਂ ਜੀ ।

ਫੇਰ ਮੋੜ ਪੰਜਵੇਂ ਸੁਣਾਇਆ ਊਤਨੇ,

ਐਵੇਂ ਦੋ ਕੁ ਜਾਣਦਾ ਬਲਦ-ਮੂਤਣੇ ।

ਛੀਵਾਂ ਮੈਂ ਨਾ ਜਾਣਾ ਪਾੜ੍ਹਤ ਬਦੇਸਣ ਨੂੰ,

ਲਿਖਣ ਜਾਣਦਾ ਨੀ ਵਾਵਰੋਲਾ ਮੇਸਣ ਨੂੰ ।

'ਰਜਬਲੀ' ਅਸੀਂ ਨਾ ਲਿਫ਼ਾਫ਼ੇ ਭੇਜਲੇ,

ਮਰਵਾਕੇ ਜਾਵੇਗਾ, ਪੁੱਤਰ ਹੇਜਲੇ ।

ਬੈਂਤ-੯

ਫੇਰ ਕਿਹਾ ਹੁਸੈਨ ਨੇ ਕਿਆਮਤਾਂ ਨੂੰ,

ਅਮਲ ਤੁਲਣਗੇ ਸੱਚ ਮਕਾਨ ਤੇ ਜੀ ।

ਅੱਗ-ਪੂਜਣੇ ਬੁੱਤ-ਪ੍ਰਸਤ ਕਾਫ਼ਰ,

ਪਛੋਤਾਉਣਗੇ ਹਾਲ ਵਰਾਨ ਤੇ ਜੀ ।

ਬੇੜੇ ਰੁੜ੍ਹਨ ਦਰਿਆ ਵਿੱਚ ਪਾਪੀਆਂ ਦੇ,
ਜਿਹੜੇ ਰਹਿਣ ਨਾ ਧਰਮ-ਈਮਾਨ ਤੇ ਜੀ ।

ਦਿੰਦੇ ਜੰਮਦੀਆਂ ਮਾਰ ਗਰੀਬ ਧੀਆਂ,
ਹੋਵੇ ਮਾਸ ਮੁਰਦਾਰ ਦਾ ਖਾਣ ਤੇ ਜੀ ।

ਛਿੱਤਰ ਮਾਰਦੇ ਬੁੱਢੜਿਆਂ ਮਾਪਿਆਂ ਨੂੰ,
ਡੇਗੇ ਜਾਣਗੇ ਚਾੜ੍ਹ ਬਬਾਨ ਤੇ ਜੀ ।

ਕਿੱਲੇ ਠੁੱਕਣਗੇ ਵਿੱਚ ਖਰੋਪੜੀ ਦੇ,
ਜ਼ੁਲਮ ਕਰਨ ਯਤੀਮ ਨਦਾਨ ਤੇ ਜੀ ।

ਸੂਲੀ ਟੰਗਕੇ ਚੋਰ ਉਚੱਕਿਆਂ ਨੂੰ,
ਤੀਰ ਮਾਰਦੇ ਰੱਖ ਕਮਾਣ ਤੇ ਜੀ ।

ਪੁੱਠੀ ਲਾਹੁਣਗੇ ਖੱਲ ਸ਼ਰਾਬੀਆਂ ਦੀ,

ਇਥੇ ਲਟਕਦੇ ਫਿਰਨ ਕਿਸ ਸ਼ਾਨ ਤੇ ਜੀ ।

ਪੇਟ ਪਾੜ ਅੰਗਿਆਰ ਵਿੱਚ ਭਰੇ ਜਾਣੇ,
ਜਿਹੜੇ ਵੱਢੀਆਂ ਖਾਣ ਜਹਾਨ ਤੇ ਜੀ ।

ਝੂਠ ਬੋਲਦੇ ਚੁਗ਼ਲੀਆਂ ਕਰਨ ਜਿਹੜੇ,
ਸੱਪ ਵੱਢਣਗੇ ਚੱਕ ਜ਼ਬਾਨ ਤੇ ਜੀ ।

ਮੈਲੀ ਝਾਕਣੀ ਝਾਕ ਦੇ ਬੀਬੀਆਂ ਨੂੰ,
ਪੱਥਰ ਵਰ੍ਹਨ ਬੇਸ਼ਰਮ ਸ਼ੈਤਾਨ ਤੇ ਜੀ ।

'ਰਜਬਲੀ' ਮੁੜ ਨਾਨਕੇ ਯਾਦ ਐਂਦੇ,
ਜਦੋਂ ਸਖ਼ਤੀਆਂ ਬਣਦੀਆਂ ਜਾਨ ਤੇ ਜੀ ।

ਦੋਹਿਰਾ

ਫ਼ੌਜਾਂ ਵਿੱਚ ਸਰਦਾਰ ਸੀ, ਜਿਸ ਦਾ ਨਾਂ ਹੁਰ ਲਾਮ ।
ਉੱਚੀ ਸੁੱਚੀ ਕੌਮ ਨੂੰ, ਮਾਰੋਂ ਕਰ ਬਦਨਾਮ ।

ਦੋ ਭਾਗ ਛੰਦ-੧੦

ਸੀ ਭਲਾ ਲੋਕ ਸਰਦਾਰ ਹੁਰ ਜੀ,
ਪਾਪੀਆਂ ਦੀ ਬੇੜੀ ਲੱਗਣੀ ਨਾ ਧੁਰ ਜੀ ।

ਟਲ ਜਾਵੇ ਨਬੀ ਤੇ ਅਲੀ ਦੀ ਟਾਬਰੀ,
ਆਪਾਂ ਤੋਂ ਨਹੀਂ ਹੋਣੀ ਏਹਨਾਂ ਦੀ ਬਰਾਬਰੀ ।

ਇਹਨਾਂ ਚੁੰਘਿਆ ਬੀਬੀ ਫ਼ਾਤਮਾਂ ਦਾ ਦੂਧ ਜੀ,
ਨੇਕ ਰਾਹ ਤੇ ਲੱਗੋ, ਛੱਡ ਦਿਉ ਖ਼ਰੂਦ ਜੀ ।

ਥੋਨੂੰ ਕਰਾਮਾਤਾਂ ਮੈਂ ਸੁਣਾਵਾਂ ਕਿਹੜੀਆਂ,
ਇਨ੍ਹਾਂ ਬੰਨੇ ਲਾਈਆਂ ਡੁੱਬਦੀਆਂ ਬੇੜੀਆਂ ।

ਤਾਰਤੇ ਮਿਹਰਬਾਨੀ ਹੋਗੀ ਜਿਸਤੇ,
ਖ਼ਿਦਮਤਗਾਰੀ ਕਰਦੇ ਫ਼ਰਿਸ਼ਤੇ ।

ਸਿਉਨੇ ਦੇ ਗਿਲਾਸ ਚਿਣੇਂ ਵਿੱਚ ਆਵੀਆਂ,

ਇਨ੍ਹਾਂ ਦੀਆਂ ਹੂਰਾਂ ਲੱਗੀਆਂ ਚੁੰਘਾਵੀਆਂ ।

ਇਹ ਹੈ ਸੁੱਚੇ ਮੋਤੀ ਬੜੀ ਉਚੀ ਕੁੱਲ ਦੇ,
ਤੇ ਜਜੀਦ ਹੋਰੀਂ ਇਨ੍ਹਾਂ ਦੇ ਨ੍ਹੀਂ ਤੁੱਲ ਦੇ ।

ਰੱਬ ਨੇ ਬਣਾਤੇ ਹੈ ਖਲੀਫ਼ੇ ਜੱਗ ਦੇ,
ਇਹੋ ਰਾਜੇ ਆਪਾਂ ਰਾਜ ਦੇ ਕੀ ਲੱਗਦੇ ।

ਇਹਨਾਂ ਵੱਲੋਂ ਵੇਖ ਕੇ ਕਦੇ ਨਹੀਂ ਝੁਕਣਾ,
ਇਕ ਇਕ ਵੀਹਾਂ ਵੀਹਾਂ ਤੋਂ ਨੀ ਰੁਕਣਾ ।

ਮੁੱਛ ਕਤਰਾਂਦੀ ਛੱਡ ਕੇ ਜੇ ਤੁਰਗੇ,
ਥਾਂ ਤੇ ਭੁੱਜ ਜਾਣਗੇ ਅਸੀਲ ਮੁਰਗੇ ।

ਛੈਣੀਆਂ ਬਣਾਈਆਂ ਪੱਕਾ ਲੋਹਾ ਕੁੱਟਕੇ,
ਧੜ ਵੀ ਲੜਨ ਸਿਰਾਂ ਨਾਲੋਂ ਟੁੱਟਕੇ ।

ਬਣਦਾ ਕੀ ਤੋੜ ਪੁਰਜ਼ੇ ਮਸ਼ੀਨ ਦੇ,

ਵੇਖੀਂ ਥੰਮ੍ਹ ਡੇਗਦੇਂ ਅਲਾਹੀ ਦੀਨ ਦੇ ।

ਸਾਰੀ ਬਣੀ ਜਾਂਦੀ ਹੈ ਮਿਸਲ ਹੁਣ ਦੀ,
ਬੇ-ਗੁਨਾਹ ਦੀ ਅਰਸ਼ੀਂ ਅਵਾਜ਼ ਸੁਣਦੀ ।

ਊਂ ਤਾਂ ਗੱਲਾਂ ਕਾਲਜਿਆਂ ਨੂੰ ਚੀਰੀ ਜਾਂਦੀਆਂ,
ਕੂਫ਼ੀਆਂ ਨਕਾਰਿਆਂ ਚਿੱਤ ਤੇ ਨਾ ਲਿਆਂਦੀਆਂ ।

ਸਗੋਂ ਅੱਗੋਂ ਕਰੇ ਸ਼ਿਮਰ ਮਰੋੜ ਜੀ,
'ਰਜਬਲੀ' ਬੰਨ੍ਹ ਖਾਨ ਦੀ ਕੀ ਲੋੜ ਜੀ ।

ਦੋਹਿਰਾ

ਜ਼ਾਲਮ ਚੜ੍ਹਗੇ ਕੂਫ਼ਿਉਂ, ਫਿਰੇ ਹੁਸੈਨ ਹਰਾਨ ।
ਵੀਰ ਫ਼ਿਕਰ ਵਿੱਚ ਪੈ ਗਿਆ, ਤੜਫੇ ਭੈਣ ਰਕਾਨ ।

ਤਰਜ਼ ਦੋਤਾਰਾ-੧੧

(੧)

ਛੱਡ ਮੱਕੇ-ਮਦੀਨੇ ਨੂੰ ਲਾ ਲਿਆ ਆਣ ਉਜਾੜੀਂ ਡੇਰਾ ।
ਅੱਜ ਬਦਲਿਆ ਦੀਂਹਦਾ ਨੀ, ਸੂਰਮੇ ਸ਼ੇਰ ਭਰਾ ਦਾ ਚਿਹਰਾ ।
ਰੰਗ ਹਲਦੀ ਵਰਗਾ ਨੀ, ਕਿਤੋਂ ਕੀ ਖ਼ਬਰਾਂ ਮਿਲਗੀਆਂ ਬੁਰੀਆਂ ।
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

(੨)

ਅੱਜ ਫਿਰਦਾ ਘਾਬਰਿਆ, ਲਵੇ ਨਾ ਚੈਨ ਪਲਕ ਨਾ ਟਿੱਕਲੇ ।
ਤੇ ਵੜ-ਵੜ ਤੰਬੂਆਂ 'ਚੋਂ, ਬਾਹਰ ਵੱਲ ਦੌੜ-ਦੌੜ ਕੇ ਨਿਕਲੇ ।
ਫਿਰ ਮੁੜ ਪਿਆ ਪੈਰਾਂ ਤੋਂ, ਆ ਗਿਆ ਯਾਦ ਮਨੇਂ ਕੀ ਫੁਰੀਆਂ ?
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

(੩)

ਬਹਿ ਸੀਸ ਪਲੋਸੇ ਨੀ, ਅੱਖਾਂ 'ਚੋਂ ਨੀਰ ਸਿੱਟ੍ਹੇ ਲੈ ਹੌਕੇ ।
ਤਿੰਨ ਵਾਰ ਭਣੇਵਿਆਂ ਨੂੰ, ਆਣਕੇ ਵੇਖ ਗਿਆ ਭੈਂ-ਭੈਂ ਕੇ ।

ਚੁੰਮ ਹਿੱਕ ਨੂੰ ਲੈਂਦਾ ਸੀ, ਕਾਸਤੋਂ ਬੈਠ ਬਥੇਰਾ ਝੁਰੀਆਂ ।
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

(੪)

ਹੱਥ ਫੜਕੇ ਕਾਸਮ ਦਾ, ਭਲਾ ਕੀ ਕਰੇ ਸਲਾਹਾਂ ਖੂੰਜੇ ?
ਘੁੱਟ ਪਾ ਕੇ ਜੱਫੀਆਂ ਨੂੰ, ਮਿਲੇ ਜਲ ਭਰਦਾ ਨੇਤਰ ਪੂੰਝੇ ।
ਫੜ ਨਿਕੜੇ ਅਸਗਰ ਨੂੰ, ਗੋਦ ਵਿੱਚ ਚੱਕਲੇ ਕਰਕੇ ਖੁਰੀਆਂ ।
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

(੫)

ਕੀ ਸੋਚੀਂ ਪੈ ਗਿਆ ਨੀ, ਕਦੇ ਦਾ ਤਲੀਆਂ ਮਲਦਾ-ਮਲਦਾ ।
ਹਿੱਕ ਕੱਢ ਖੜ੍ਹ ਗਿਆ ਨੀ, ਵੀਰ ਨੇ ਬਟਨ ਖੋਲ੍ਹ ਲਿਆ ਗਲ ਦਾ ।
ਕੰਨ ਲਾ ਕੇ ਸੁਣਦਾ ਨੀ, ਜਿਸ ਤਰ੍ਹਾਂ ਵੱਜਣ ਮੌਤ ਦੀਆਂ ਤੁਰੀਆਂ ।
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

(੬)

ਕਿਉਂ ਉਠਦਾ ਬਹਿੰਦਾ ਨੀ, ਪਲੰਘ ਤੇ ਪਲ-ਪਲ ਪੈਣ ਭੁਲੇਖੇ ।
ਕੀ ਔਂਦਾ ਕੂਫ਼ੇ 'ਚੋਂ, 'ਰਜਬਲੀ' ਨਜ਼ਰ ਉਠਾ ਕੇ ਦੇਖੇ ।
ਹੈ ਦੁਸ਼ਮਣ ਬਾਹਲੇ ਨੀ, ਵੀਰ ਨੂੰ ਲੱਗੀਆਂ ਦਿਸਦੀਆਂ ਪੁਰੀਆਂ ।
ਕੋਈ ਫ਼ਿਕਰ ਭਰਾ ਨੂੰ ਜੀ, ਭੈਣ ਦੇ ਵੱਜਣ ਕਾਲਜੇ ਛੁਰੀਆਂ ?

ਦੋਹਿਰਾ

ਤੰਬੂਉਂ ਵੜ-ਵੜ ਨਿਕਲਦਾ, ਬਾਹਰ ਅਮਾਮ ਹੁਸੈਨ ।
ਅੱਜ ਕੀ ਭੀੜਾਂ ਪੈਗੀਆਂ, ਰੋ-ਰੋ ਪੁੱਛਦੀ ਭੈਣ ।

ਤਰਜ਼ ਝੋਕ-੧੨

(੧)

ਵੀਰ ਨੂੰ ਜੈਨਬ ਪੁੱਛਦੀ ਬਾਹਰ ਨੂੰ ਤੱਕਦਾ ਕੀ ।
ਤੰਬੂਆਂ ਵਿੱਚ ਮੁੜ-ਮੁੜ ਵੜਦਾ, ਏਥੋਂ ਕੋਈ ਚੱਕਦਾ ਕੀ ?
ਤੇਰਾ ਰੱਬ ਡਾਢਾ ਮਾਲਕ, ਵੈਰੀ ਕਰ ਸਕਦਾ ਕੀ ?

ਫ਼ਿਕਰਾਂ ਵਿੱਚ ਪੈ ਗਈ ਜਿੰਦੜੀ, ਦਿਲ ਦਾ ਕੁਝ ਭੇਤ ਦੇ ।
ਪਾਣੀ ਨਾ ਮਿਲਦਾ, ਡੇਰੇ ਲਾਲੇ ਵਿੱਚ ਰੇਤ ਦੇ ।
ਤੇਰੇ ਨਾਲ ਰਲਕੇ ਜੰਮੀਂ, ਵੰਡਣ ਨੂੰ ਪੀੜਾਂ ਵੇ ।
ਮਾਲਕ ਹੱਲ ਕਰਦੂ ਮੁਸ਼ਕਲ, ਬਣੀਆਂ ਸਿਰ ਭੀੜਾਂ ਵੇ ।
ਮੱਕੇ ਵਿੱਚ ਰੱਬ ਦੇ ਨਾਂ ਦੀਆਂ ਦੇਗਾਂ ਚੱਲ ਬੀੜਾਂ ਵੇ ।
ਘੜੀ ਪਲ 'ਰਾਮ ਕਰਲੋ, ਤੰਬੂਆਂ ਵਿੱਚ ਘੁਕ ਨਾ ਵੇ ।
ਜੈਨਬ ਹਮਦਰਦ ਭੈਣ ਤੋਂ, ਵੀਰਾ ਰੱਖ ਲੁੱਕ ਨਾ ਵੇ ।

(੨)

ਸੰਭਲ ਕਰ ਤੁਰਨਾ ਏਥੇ, ਨਾਗਾਂ ਦੀ ਵਰਮੀ ਵੇ ।
ਪਾਪਣਾਂ ਚੱਲਣ ਲੋਆਂ ਕਹਿਰ ਦੀ ਗਰਮੀ ਵੇ ।
ਦੁਖੜਿਆਂ ਨੂੰ ਛੱਡ ਗਿਆ ਭਾਈ, ਅਮੜੀ-ਪਿਉ ਧਰਮੀ ਵੇ ।
ਬਾਬਲ ਪਰ ਸ਼ੇਰ ਖ਼ੁਦਾ ਦਾ, ਹੁੰਦਾ ਅੱਜ ਜ਼ਿੰਦਾ ਵੇ ।
ਤੈਨੂੰ ਵਾ ਤੱਤੀ ਵੀਰਾ ਲੱਗਣ ਨਾ ਦਿੰਦਾ ਵੇ ।
ਇਸ ਜਗ੍ਹਾ ਦੁਸ਼ਮਣ ਆਪਣੀ, ਇੱਕੋ-ਇੱਕ ਝਾੜੀ ਐ ।

ਖਾਗੀ ਫੜ ਵੱਡੇ ਭਰਾ ਨੂੰ ਮੌਤ-ਬਘਿਆੜੀ ਐ ।
ਇਧਰੇ ਪਿਉ ਦੀ ਗਰਦਨ ਤੇਗਾਂ ਨਾਲ ਪਾੜੀ ਐ ।
ਬਹਿਕੇ ਘੁੱਟ ਸ਼ਰਬਤ ਪੀ ਲੈ, ਧੁੱਪ ਵਿੱਚ ਸੁੱਕ ਨਾ ਵੇ ।
ਜੈਨਬ ਹਮਦਰਦ ਭੈਣ ਤੋਂ, ਵੀਰਾ ਰੱਖ ਲੁੱਕ ਨਾ ਵੇ ।

(੩)

ਰੋਨਾਂ ਕਿਉਂ ਚੋਰੀ-ਚੋਰੀ, ਤੰਬੂਆਂ ਵਿੱਚ ਵੜਕੇ ਤੂੰ ।
ਹਿੱਕ ਨੂੰ ਚੁੰਮ ਲੈਣਾ ਲਾਡਲੇ, ਅਸਗਰ ਫੜ ਫੜਕੇ ਤੂੰ ।
ਵੇਂਹਦਾ ਦਰਿਆ ਦੇ ਵੱਲ ਕੀ, ਉਚੇ ਥਾਂ ਖੜ੍ਹਕੇ ਤੂੰ ।
ਪਾਣੀ ਨੂੰ ਪਹਿਰੇ ਲੱਗਗੇ, ਦੀਂਹਦੀ ਪਈ ਗਾਰਦ ਵੇ ।
ਆਪਣੇ ਤੇ ਪਾਪਣ ਹੋਣੀ, ਹੋਗੀ ਅੱਜ ਵਾਰਦ ਵੇ ।
ਸੱਯਦਾਂ ਨੇ ਡਿੱਗਣਾ ਨਾਹੀਂ, ਸੱਚ ਦੀਆਂ ਲੈਣਾਂ ਤੋਂ ।
ਚਿਹਰੇ ਤੇ ਦਾਗ਼ ਜੇ ਲੱਗਗੇ, ਇੰਝਾਂ ਡਿੱਗ ਨੈਣਾਂ ਤੋਂ ।
ਉਹਲੇ ਕੀ ਰੱਖਦਾ ਫਿਰਦਾ, ਭੈਣਾਂ ਵਖਤੈਣਾਂ ਤੋਂ ।
ਦਿਲ ਦੀ ਗੱਲ ਦੱਸਦਾ ਨਾਹੀਂ, ਵਿੱਚੇ-ਵਿੱਚ ਸੁੱਕਨਾ ਵੇ ।

ਜੈਨਬ ਹਮਦਰਦ ਭੈਣ ਤੋਂ, ਵੀਰਾ ਰੱਖ ਲੁੱਕ ਨਾ ਵੇ ।

(੪)

ਹਜ਼ਰਤ ਦੇ ਦੋਹਤੇ ਆਪਾਂ, ਦੀਨ ਦੇ ਰਾਖੇ ਐਂ ।
ਝੱਲਦੇ ਗ਼ਮ ਐਡੇ ਹੋਗੇ, ਦੁੱਖਾਂ ਵਿੱਚ ਗਾਖੇ ਐਂ ।
ਸ਼ਿਮਰ ਕਮਜ਼ਾਤ ਦੇ ਤੂੰ, ਲੱਗਦਾ ਕਿਉਂ ਆਖੇ ਐਂ ?
ਹੋ ਗਿਆ ਮੋਹਿਤ ਸੁਣਕੇ, ਚੋਪੜੀਆਂ ਗੱਲਾਂ ਨੂੰ ।
ਬੱਚਿਆਂ ਦੀ ਰੱਤ ਪਾ ਸਿੰਜਣਾਂ, ਦੀਨ ਦੀਆਂ ਵੱਲਾਂ ਨੂੰ ।
ਨਾਨੇ ਦੀ ਉੱਮਤ ਉਤੇ ਬੱਚੜਿਆਂ ਨੂੰ ਵਾਰ ਦੇ ।
ਤਾਜ ਤੇ ਤਖ਼ਤ ਉਤੇ, ਖੜ੍ਹਕੇ ਲੱਤ ਮਾਰਦੇ ।
ਦੇ ਕੇ ਜਿੰਦ ਹਾਜ਼ਰ ਹੋ ਜਾ, ਸੱਚੀ ਸਰਕਾਰ ਦੇ ।
ਉੱਠ ਕੇ ਸ਼ਮਸ਼ੀਰ ਧੂਲੈ, ਦੁਸ਼ਮਣ ਨੂੰ ਝੁਕ ਨਾ ਵੇ ।
ਜੈਨਬ ਹਮਦਰਦ ਭੈਣ ਤੋਂ, ਵੀਰਾ ਰੱਖ ਲੁੱਕ ਨਾ ਵੇ ।

(੫)

ਫ਼ਾਤਮਾਂ ਬੀਬੀ ਜਦੋਂ, ਅਜਲ ਨੇ ਘੇਰੀ ਸੀ ।

'ਬਾਬੂ' ਫੜਾਗੀ ਮੈਨੂੰ, ਫੜਕੇ ਬਾਂਹ ਤੇਰੀ ਸੀ ।

ਸਖ਼ਤ ਤਕੀਦਾਂ ਕਰੀਆਂ, ਆਖਿਆ ਕਈ ਵੇਰੀ ਸੀ ।

ਵੀਰ ਦੀ ਮੱਦਦ ਕਰਨੀ, ਕਹਿਰ ਦੀਆਂ ਘੜੀਆਂ ਮੇਂ ।

ਵੇਖੀਂ ਨਾ ਡਰਦਾ ਆਜੀਂ, ਦੁਸ਼ਮਣ ਦੀਆਂ ਤੜੀਆਂ ਮੇਂ ।

ਭੁਜਜੋ ਭਮੱਕੜਾਂ ਵਾਂਗੂੰ, ਮਰਨਾ ਇੱਕ ਵਾਰੀ ਐ ।

ਆਪਾਂ ਨੂੰ ਜਿੰਦੜੀ ਨਾਲੋਂ, ਆਖ਼ਰ ਅੱਜ ਪਿਆਰੀ ਐ ।

ਮੈਨੂੰ ਹੁਣ ਚੇਤੇ ਆਗੀ, ਮਾਂ ਦੀ ਗੱਲ ਸਾਰੀ ਐ ।

ਆਖਗੀ ਦੁੱਖ ਵੰਡਾਉਣੇ, ਕਹੇ ਲੱਗ ਉੱਕ ਨਾ ਵੇ ।

ਜੈਨਬ ਹਮਦਰਦ ਭੈਣ ਤੋਂ, ਵੀਰਾ ਰੱਖ ਲੁੱਕ ਨਾ ਵੇ ।

ਦੋਹਿਰਾ

ਬੈਂਤ ਅਮਾਮ ਹੁਸੈਨ ਨੇ, ਕੀਤੀ ਨਹੀਂ ਕਬੂਲ ।

ਬਿਨਾਂ ਲੜਾਈਓਂ ਫ਼ੈਸਲਾ ਹੋ ਨਾ ਸਕਦਾ ਮੂਲ ।

ਦੋ ਭਾਗ ਛੰਦ-੧੩

ਹੋਊ ਜੰਗ ਗੱਲਾਂ ਆ ਕਿਸੇ ਨੇ ਕਰੀਆਂ,
ਪਲ ਵਿੱਚ ਮਾਈਆਂ ਫ਼ਿਕਰਾਂ ਨੇ ਚਰੀਆਂ ।

ਅੱਜ ਭੀੜ ਬਣੀ ਸਾਰੇ ਪਰਿਵਾਰ ਤੇ,
ਕਰਾਂਗੇ ਕੀ ਜਦੋਂ ਸਰਦਾਰ ਮਾਰਤੇ ?

ਅੱਖੀਆਂ ਦੇ ਵਿੱਚੋਂ ਚੱਲਣ ਤਤੀਰ੍ਹੀਆਂ,
ਕੀਹਨੇ ਛੱਡਣੀਆਂ ਨਿੱਕੀਆਂ ਪਨੀਰੀਆਂ ?

ਹੁਣ ਧੌਣ ਜਾਊਗੀ ਭਰਾ ਦੀ ਕੁਤਰੀ,
ਰੋਣ ਲੱਗੀ ਜੈਨਬ, ਅਲੀ ਦੀ ਪੁੱਤਰੀ ।

ਬੁਰੇ ਸਾਕ ਭੈਣ ਤੇ ਬਰਾ ਦੇ ਮੱਚੜੇ,
ਲਾਲੇ ਦੋਹੀਂ ਉਂਗਲੀਂ ਨਿਆਣੇ ਬੱਚੜੇ ।

ਜਾਕੇ ਦੋਵੇਂ ਪੇਸ਼ ਕਰਤੇ ਹੁਸੈਨ ਦੇ,
ਪਹਿਲਾਂ ਭੇਟਾ ਚਾੜ੍ਹਦੇ ਪੁੱਤਰ ਭੈਣ ਦੇ ।

ਸਿਰੋਂ ਨੰਗੀ ਮੈਂ ਕੱਟ ਲਿਆ ਰੰਡੇਪ ਵੇ,
ਸਾਨੂੰ ਤੇਰੇ ਖਾਧਿਆਂ ਟੁੱਕਾਂ ਦੀ ਝੇਪ ਵੇ ।

ਕਦੇ ਨਾ ਭੁਲਾਵਾਂ ਦਿਲੋਂ ਮਾਂ ਦੀ ਗੱਲ ਨੂੰ,
ਅਲਕ ਵਛੇਰੇ ਪਾਲੇ ਕਿਹੜੀ ਗੱਲ ਨੂੰ ।

ਕੀ ਪਿਆਰ ਤੇਰੇ ਸੀਸ ਉਤੋਂ ਵਾਰੇ ਨਾ ?
ਭੈਣ ਨੂੰ ਭਰਾ ਤੋਂ ਪੁੱਤਰ ਪਿਆਰੇ ਨਾ ।

ਸੁਣ ਕੇ ਵੈਰਾਗ ਰੋਣ ਲੱਗੂ ਦੁਨੀਆਂ,
ਭੈਣ ਦੀਆਂ ਗੱਲਾਂ ਜਾਂ ਭਰਾ ਨੇ ਸੁਣੀਆਂ ।

ਹਿੱਕ ਨਾਲ ਲਾ ਲੇ ਐ ਭਣੇਵੇਂ ਫੜਕੇ,
ਰੋ ਪਿਆ ਹੁਸੈਨ ਡੁੱਸ-ਡੁੱਸ ਕਰਕੇ ।

ਅੱਜ ਤੇਰੇ ਪੁੱਤ ਦੁੱਧ ਦੀਆਂ ਦੰਦੀਆਂ,
ਗਾਲ੍ਹਾਂ ਦੇਣ ਲੱਗੇ ਨਾਨੀਆਂ ਨੂੰ ਗੰਦੀਆਂ ।

ਅਜੇ ਕੱਚੇ ਗੋਭੇ ਉਮਰਾਂ ਦੇ ਲੈਰੇ ਐ,
ਅਜੇ ਦੋਵੇਂ ਸੁੱਤੇ ਜਾਗਦੇ ਦੁਪਹਿਰੇ ਐ ।

ਅਜੇ ਤੀਕ ਬੰਦੇ ਓਪਰੇ ਤੋਂ ਸੰਗਦੇ,
ਅਜੇ ਇਹ ਪਠੇਹਰ ਟੁੱਕ ਰੋ ਕੇ ਮੰਗਦੇ ।

ਅਜੇ ਚੰਗੂੰ ਧੋਣ ਜਾਣਦੇ ਨੀ ਕੁੜਤੇ,
ਅਜੇ ਰੁੱਸ ਜਾਂਦੇ ਮਖਣੀ ਤੇ ਗੁੜ ਤੇ ।

ਅਜੇ ਪਾੜ ਦਿੰਦੇ ਐ ਕਿਤਾਬਾਂ ਪੜ੍ਹਕੇ,
ਅਜੇ ਤੀਕ ਵੇਖੇ ਨੀ ਹਥਿਆਰ ਫੜਕੇ ।

ਜਦੋਂ ਤੀਕ ਧੌਣ ਸਾਬਤ ਹੁਸੈਨ ਦੀ,
ਉਦੋਂ ਤੀਕ ਰਹੂ ਹਿੱਕ ਠੰਡੀ ਭੈਣ ਦੀ ।

'ਰਜਬਲੀ' ਆਹਾ ਗੱਲ ਇੱਕੋ ਮੁੱਲ ਦੀ,
ਕਿਹੜਾ ਲਾਜੇ ਮੇਰੇ ਭਾਣਜਿਆਂ ਨੂੰ ਫੁੱਲ ਵੀ ।

ਮਨੋਹਰ ਭਵਾਨੀ ਛੰਦ-੧੪

ਗੱਲ ਗੁੰਦਕੇ ਤੇ ਔਂਦੀ, ਤੇਲ ਸਾਬਣ ਮੰਗੌਂਦੀ, ਮਲ-ਮਲ ਕੇ ਨਹੌਂਦੀ,
ਲੈਕੇ ਠੰਡਿਆਂ ਨੀਰਾਂ ਨੂੰ । ਲਾਲੀ ਚੜ੍ਹੀ ਜਾਵੇ ਗੁੰਦਮਿਆਂ ਸਰੀਰਾਂ ਨੂੰ ।
ਵਿੱਚੋਂ ਹੋ ਗਈ ਹਰਾਸ, ਪਿਆਰ ਦੇ ਬਹਾਲੇ ਪਾਸ, ਪਾਵੇ ਰੇਸ਼ਮੀ ਲਿਬਾਸ,
ਦੱਸ ਤਾਰਾਂ ਦਿੱਤੀਆਂ । ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਤੇੜ ਬੰਨ੍ਹੇ ਸਾਲੂ ਰੰਗੇ, ਗਲਾਂ ਨੂੰ ਰੁਮਾਲ ਚੰਗੇ, ਫੇਰੇ ਬੋਦੀਆਂ ਤੇ ਕੰਘੇ,
ਪੁੱਤਰਾਂ ਦੀ ਮਮਤਾ । ਰੱਬ ਦੇ ਹਵਾਲੇ ਪੁੱਤ ਹੋਜੋ ਰਮਤਾ ।
ਜੱਫੀ ਵਿੱਚ ਲੈ ਕੇ ਘੁੱਟੇ, ਨਾ ਥਿਉਂਦੇ ਬਾਜ਼ ਛੁੱਟੇ, ਨਾ ਜਜੀਦ ਪਾਪੀ ਲੁੱਟੇ,
ਸੀ ਭੜ੍ਹੈਂਦੀ ਭਿੱਤੀਆਂ ।ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਕਦੇ ਗੋਦ 'ਚ ਬਹਾਲੇ, ਕਦੇ ਹਿੱਕ ਨਾਲ ਲਾ ਲੇ, ਕਦੇ ਸਾਹਮਣੇ ਖੜ੍ਹਿਆਲੇ,
ਚੌਧਮੀਂ ਦੇ ਚੰਦਾਂ ਨੂੰ । ਚੁੰਮਦੀ ਨਾ ਰੱਜੇ ਚਿੱਟੇ-ਚਿੱਟੇ ਦੰਦਾਂ ਨੂੰ ।
ਕਦੇ ਰੋਵੇ ਬਹਿ ਕੇ ਖੂੰਜੇ, ਕਦੇ ਆਂਸੂਆਂ ਨੂੰ ਪੂੰਝੇ, ਜੰਗ ਦਾ ਮੈਦਾਨ ਗੂੰਜੇ,
ਨਾ ਦਲੀਲਾਂ ਰਿੱਤੀਆਂ ।ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਉਥੇ ਲਾਵਣਾ ਨਾ ਢਿਲ, ਐਣਾ ਮੌਤ ਨਾਲ ਮਿਲ, ਕਦੇ ਲੱਗਣੇ ਨਾ ਦਿਲ,
ਜੈਨਬ ਦੇ ਉੱਕੜੇ । ਜੁਦਾ ਹੋਣ ਲੱਗੇ ਕਾਲਜੇ ਦੇ ਟੁੱਕੜੇ ।
ਊਂਤਾਂ ਵੱਗਦੇ ਨਾ ਜੇਰੇ, ਹੱਥ ਜਿਸਮਾਂ ਤੇ ਫੇਰੇ, ਹੇਠ ਕੋਤਲ ਵਛੇਰੇ,
ਜਾ ਲਤਾੜੇ ਖਿੱਤੀਆਂ । ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਨਾਲੇ ਪਤਲੂਣ ਪਾਤੀ, ਪੇਟੀ ਲੱਕ ਨੂੰ ਬਨ੍ਹਾਤੀ, ਕੋਟ ਨੂੰ ਕੰਤੂਨ ਲਾਤੀ,
ਤੇ ਜ਼ੰਜੀਰੀ ਜਾਮੇ ਨੂੰ । ਵੇਖਿਉ ਕਿਤੇ ਹਾਨੀ ਨਾ ਦਵਾਉਣੀ ਮਾਮੇ

ਨੂੰ ।

ਜਾਕੇ ਮਾਰ ਦੇਵੋ ਪਾਪੀ, ਹੱਥੀਂ ਤੋਰ ਤੇ ਮਲਾਪੀ, ਵੇ ਜਹਾਨ ਦੇਵੇ ਥਾਪੀ,

ਜੇ ਲੜਾਈਆਂ ਜਿੱਤੀਆਂ ।ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਛੇਤੀ ਤਲਵਾਰਾਂ ਫੜੋ, ਉਠੋ ਜੰਗ ਉੱਤੇ ਚੜ੍ਹੋ, ਜਾ ਭਰਿੰਡ ਵਾਂਗੂੰ ਲੜੋ,

ਉਡਣੇ ਸਪੋਲੀਓ । ਵੇਖਿਉ ਕਿਤੇ ਭੱਜ ਜਾਵਣਾ ਨਾ ਰੋਲੀਉ ।

'ਰਜਬਲੀ ਖਾਂ' ਨਾ ਪੈਰੂ, ਵੱਜੇ ਜੰਗ ਵਾਲਾ ਡੌਰੂ, ਜਾਂਦੇ-ਸਾਰ ਪਾਦਿਉ ਖੌਰੂ,

ਕਾਹਦੀਆਂ ਇਲੱਤੀਆਂ ।ਬੱਤੀ ਧਾਰਾਂ ਮਾਤਾ ਨੇ ਬਖ਼ਸ਼ ਦਿੱਤੀਆਂ ।

ਲਿਖਿਆ ਇਬਨ ਜ਼ਿਆਦ ਨੇ ਸ਼ਿਮਰ ਨੂੰ ਸੀ,
ਰਾਹ 'ਚ ਘੇਰ ਕੇ ਮਾਰ ਲੈ ਡਾਕਿਆਂ ਨੂੰ ।

ਟਿੱਡੀ ਦਲ ਉਤਾਰ ਕੇ ਕਰਬਲਾ ਮੇਂ,
ਵੈਰੀ ਮੱਲ ਕੇ ਬੈਠ ਗੇ ਨਾਕਿਆਂ ਨੂੰ ।

ਨਹੀਂ ਮੱਕੇ ਸ਼ਰੀਫ਼ ਨੂੰ ਮੁੜਨ ਦਿੰਦੇ,
ਹਿੱਲਣ ਦੇਣ ਗੁਲਾਮ ਨਾ ਆਕਿਆਂ ਨੂੰ ।

ਪਹਿਰੇ ਲੱਗਗੇ ਨਦੀ ਫਰਾਤ ਤੇ ਜੀ,
ਤੰਗ ਕਰਨ ਪਿਆਸ ਦੇ ਫਾਕਿਆਂ ਨੂੰ ।

ਲੱਗੇ ਖੋਹਣ ਜਜੀਦ ਦੇ ਮੁਲਕ ਨੂੰ ਜੀ,
ਆਗੇ ਕਰਨ ਖ਼ਰਾਬ ਇਲਾਕਿਆਂ ਨੂੰ ।

ਬੱਚਿਆਂ ਸਣ੍ਹੇ ਸਰਦਾਰ ਤਰੇਹਟ ਬੱਚੇ,
ਗਲੇ ਕੱਟਲੋ ਮਾਰ ਦਬਾਕਿਆਂ ਨੂੰ ।

ਹੋਗੇ ਜੰਗ ਨੂੰ ਤਿਆਰ ਪੁੱਤ ਜੈਨਬੇ ਦੇ,
ਰੁਨੀ ਮਾਂ ਹਥਿਆਰ ਲਾ ਕਾਕਿਆਂ ਨੂੰ ।

ਦੇਵੇ ਪਿਆਰ ਹੁਸੈਨ ਭਣੇਵਿਆਂ ਨੂੰ,
ਤੋਰੇ ਜੰਗ ਦੀ ਤਰਫ਼ ਲੜਾਕਿਆਂ ਨੂੰ ।

ਚੜ੍ਹੇ ਮਾਰ ਪਲਾਕ ਵਛੇਰਿਆਂ ਤੇ,
ਤੇਗਾਂ ਧੂਲੀਆਂ ਚੱਕਤਾ ਝਾਕਿਆਂ ਨੂੰ ।

ਧੂੜਾਂ ਉਠਦੀਆਂ ਵਿੱਚ ਮੈਦਾਨ ਦੇ ਜੀ,
ਜਾਕੇ ਲੱਗਗੇ ਪੈਣ ਪਟਾਕਿਆਂ ਨੂੰ ।

ਪਵੇ ਧਮਕ ਤਲਵਾਰ ਦੀ ਦੂਰ ਤੋਂ ਜੀ,
ਦੋ-ਦੋ ਮੀਲ ਤੋਂ ਸੁਣਨ ਧਮਾਕਿਆਂ ਨੂੰ ।

ਨਾਲ ਲਹੂ ਦੇ ਛੱਪੜੀਆਂ ਭਰਤੀਆਂ ਜੀ,
ਤੁਰਤ ਭਾਜੜਾਂ ਪੈਣ ਇਲਾਕਿਆਂ ਨੂੰ ।

ਹੁਣ ਤੱਕ ਜਹਾਨ ਤਰੀਫ਼ ਕਰਦਾ,

'ਵੈਰੀ ਗੁਡ' ਵਖਾਗੇ ਸਾਕਿਆਂ ਨੂੰ ।

ਐਨੇ ਮਾਰੇ ਚੰਡਾਲ ਸ਼ੁਮਾਰ ਨਾਹੀਂ,

ਹੋਗੇ ਆਪ ਸ਼ਹੀਦ ਕਰ ਵਾਕਿਆਂ ਨੂੰ ।

'ਰਜਬਲੀ ਖਾਂ' ਸ਼ੈਰ ਪਰੀਤ ਲਾਕੇ,

ਜੰਗ ਕਰਬਲਾ ਦੇ ਖਿੱਚੀਂ ਖਾਕਿਆਂ ਨੂੰ ।

ਦੋਹਿਰਾ

ਲੈਗੇ ਟਿਕਟ ਜਹਾਜ਼ ਦਾ, ਦੋਵੇਂ ਕੌਰ ਸ਼ੁਕੀਨ ।

ਦੁਖੀ ਭੈਣ ਦੇ ਵੀਰ ਨੂੰ, ਝੱਲ ਦੀ ਨਹੀਂ ਜ਼ਮੀਨ ।

ਮੁਕੰਦ ਛੰਦ-੧੬

ਗੋਡੇ ਮੁੱਢ ਬੈਠਕੇ ਦੁਖਿਆਰੀ ਭੈਣ ਦੇ,

ਠਣ-ਠਣ ਇੰਝਾਂ ਡਿੱਗਣ ਹੁਸੈਨ ਦੇ ।

ਉਚੀ ਭੁੱਬਾਂ ਮਾਰੇ ਪੁੱਤਾਂ ਦੀ ਸਨੈਣੀ ਦੇ,

ਟਿਕਟ ਲੈਗੇ ਭਾਣਜੇ ਸ਼ਹੀਦੀ-ਛੌਣੀ ਦੇ ।

ਤੇਰੇ ਭੈਣੇ ਐਹੋ ਜੀ ਤਸੀਰ ਦੁੱਧ ਮੇਂ,
ਜਾਂਦੇ ਸਾਰ ਫੇਰਤੀ ਦੁਹਾਈ ਯੁੱਧ ਮੇਂ ।
ਬੜਾ ਵੀਰ ਛੋਟੇ ਨੂੰ ਦਲੇਰੀ ਚੌਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੌਣੀ ਦੇ ।

ਮਾਰਦੇ ਵਡਿਆਈਆਂ ਸੀ ਸ਼ਿਮਰ ਵਰਗੇ,
ਤੇਰੇ ਦੋਹਾਂ ਸੂਰਮਿਆਂ ਪੁੱਤਾਂ ਤੋਂ ਡਰਗੇ ।
ਭਾਵੀ ਨੇ ਝੜਾਤੇ ਉਤੇ ਕਾਲ ਭੌਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੌਣੀ ਦੇ ।

ਜੰਗ ਦੇ ਮੈਦਾਨ 'ਚ ਫਿਰਨ ਉਡਦੇ,
ਜਾਣੀ ਰਹੇ ਕਰਦੇ ਲੜਾਈ ਮੁੱਢਦੇ ।

ਲਗੜਾਂ ਅੜਿੱਕੇ ਆ ਗਏ ਬੱਚੇ ਕਾਉਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੌਣੀ ਦੇ ।

ਰੱਖੀ ਫੌਜ ਵੈਰੀ ਦੀ ਬਥੇਰੀ ਖੇਤ ਮੇਂ,
ਨੈ ਲਹੂ ਦੀ ਮਾਰਕੇ ਚਲਾਤੀ ਰੇਤ ਮੇਂ ।
ਚਿੱਤਰੇ ਜੋਸ਼ੀਲੇ ਖੁੱਭੇ ਵਿੱਚ ਰੈਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੈਣੀ ਦੇ ।

ਜੋਸ਼ ਵਿੱਚ ਇੱਕ ਦੂਸਰੇ ਤੋਂ ਨਿੱਖੜੇ,
ਘੇਰਾ ਪਾਕੇ ਵੈਰੀ ਦੇ ਸਿਪਾਹੀ ਬਿੱਖੜੇ ।
ਦੋਵੇਂ ਜਾਣੇ ਵਿੱਚ ਆ ਗੇ ਸੀ ਅੜੈਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੈਣੀ ਦੇ ।

ਇੱਕ ਦਾ ਦੋ ਦਾਰੂ ਦੋ ਦਾ ਦਾਰੂ ਚਾਰ ਜੀ,
'ਰਜਬਲੀ' ਮਾਰੇ ਤਲਵਾਰਾਂ ਮਾਰ ਜੀ ।
ਚੰਦ ਰੋਜ਼ ਮੇਲੇ ਜਿੰਦੜੀ ਪਰ੍ਹੈਣੀ ਦੇ,
ਟਿਕਟ ਲੈਗੇ ਭਾਣਜੇ ਸ਼ਹੀਦੀ-ਛੈਣੀ ਦੇ ।

ਦੋਹਿਰਾ

ਕਾਸਮ ਸ਼ੇਰ ਦਲੇਰ ਸੀ, ਸ਼ਾਹ ਦਾ ਬੜਾ ਭਤੀਜ ।
ਉਹਨੂੰ ਸਾਰੇ ਦੇਸ਼ 'ਚੋਂ, ਉਹੋ ਪਿਆਰੀ ਚੀਜ਼ ।

ਦੋ ਭਾਗ ਛੰਦ-੧੭

ਇੱਕ ਕਾਸਮ ਹੁਸੈਨ ਦਾ ਭਤੀਜ ਸੀ,
ਉਹਨੂੰ ਉਹੋ ਦੇਸ਼ 'ਚੋਂ ਪਿਆਰੀ ਚੀਜ਼ ਸੀ ।

ਮੌਤ ਡੁੱਬ ਜਾਣੀ ਲਿਆ ਹਸਨ ਮਾਰ ਸੀ,
ਉਹ ਦੋਂਹ ਦਾ ਬਹੁਤ ਰੱਖਦਾ ਪਿਆਰ ਸੀ ।

ਮੰਨਣਾ ਪਿਆ ਭਰਾ ਮਰੇ ਦਾ ਵਾਕ ਸੀ,
ਕਰਤਾ ਹੁਸੈਨ ਨੇ ਕੁੜੀ ਦਾ ਸਾਕ ਸੀ ।

ਵੈਰੀਆਂ ਨੇ ਭੂਆ ਦੇ ਪੁੱਤਰ ਮਾਰਲੇ,
ਜੰਗ ਨੂੰ ਇਰਾਕੀ ਕਾਸਮ ਸ਼ਿੰਗਾਰਲੇ ।

ਫੇਰ ਰੋ ਕੇ ਕਰਦਾ ਅਰਜ਼ ਚਾਚੇ ਨੂੰ,

ਯੁੱਧ ਵਿੱਚ ਵੇਖ ਭੇਜ ਕੇ ਤਮਾਚੇ ਨੂੰ ।

ਆਹ ਗੱਲ ਸੋਚਦਾ ਹੁਸੈਨ ਚਿਰ ਤੋਂ,
ਪੁੱਤਰੀ ਨਕਾਹ ਦਿਆਂ ਭਾਰ ਲਾਹ ਦਿਆਂ ਸਿਰ ਤੋਂ ।

ਪੁੱਤਾਂ ਦੇ ਵੈਰਾਗ ਵੈਣ ਪੈਣ ਬੁੱੜ੍ਹੀਆਂ,
ਵਿੱਚੇ ਗੀਤ ਸ਼ਗਨਾਂ ਦੇ ਗੈਣ ਕੁੜੀਆਂ ।

ਨਾਲੇ ਮਾਤਾ ਗੇਰੇ ਅੱਖੀਆਂ 'ਚੋਂ ਨੀਰ ਨੂੰ,
ਨਾਲੇ ਮਲੀ ਜਾਵੇ ਵੱਟਣਾ ਸਰੀਰ ਨੂੰ ।

ਨਾਲੇ ਹੱਥਾਂ ਪੈਰਾਂ ਨੂੰ ਲਗਾਈਆਂ ਮਹਿੰਦੀਆਂ,
ਧੰਨ ਮਾਵਾਂ ਦੁੱਖੜੇ ਪੁੱਤਾਂ ਦੇ ਸਹਿੰਦੀਆਂ ।

ਖਾਰੇ ਚਾੜ ਕੀਤੇ ਸ਼ਗਨ ਬਥੇਰੇ ਐ,
ਬੰਨ੍ਹ ਦਿੱਤੇ ਮੱਥੇ ਤੇ ਜ਼ਰੀ ਦੇ ਸੇਹਰੇ ਐ ।

ਰੇਸ਼ਮੀ ਪੁਸ਼ਾਕ ਤੇ ਸਤਾਰੇ ਚੀਰੇ ਨੂੰ,

ਮਾਂ ਦਾ ਚਿੱਤ ਕਰੇ ਮੈਂ ਲਕੋਲਾਂ ਹੀਰੇ ਨੂੰ ।

ਨਾਲ 'ਬੀਬੀ ਜੋਗ' ਦੇ ਪੜ੍ਹਾਤੇ ਕਲਮੇਂ,
ਦਾਜ ਦੀ ਪਟਾਰੀ ਲਟਕਾਤੀ ਗਲ ਮੇਂ ।
'ਰਜਬਲੀ' ਲੈਂਦਾ ਸੀ ਸ਼ਿੰਗਾਰ ਰਾਕੀ ਨੂੰ,
ਵਿਆਹ ਕੇ ਛੱਡ ਚੱਲਿਆ ਬੇਕਸੂਰ ਕਾਕੀ ਨੂੰ ।

ਬੈਂਤ-੧੮

ਜ਼ੋਹਰਾ ਪਕੜ ਅਸਤੀਨ ਨੂੰ ਕਹਿਣ ਲੱਗੀ,
ਪਤੀ ਜੰਗ ਨੂੰ ਮੋੜਦੇ ਵਾਗ ਦੇਖੇ ।

ਮੈਨੂੰ ਰਹੀ ਨਾ ਸੁਰਤ ਸੰਭਾਲ ਕੋਈ,
ਐਸੇ ਚੰਦਰੇ ਖੁਆਬ ਨਿਭਾਗ ਦੇਖੇ ।

ਕਾਲੇ ਮੁੱਖ ਲੰਗੂਰਾਂ ਦੀ ਫ਼ੌਜ ਸਾਰੀ,
ਦਿੱਤੇ ਤੋੜ ਕਮਾਦ ਨਾ ਆਗ ਦੇਖੇ ।

ਡੇਰੇ ਹਸਨ-ਹੁਸੈਨ ਦੇ ਮਹਿਲ ਜਾਣੀ,
ਪੈ ਗਿਆ ਨ੍ਹੇਰ ਕੁੱਲ ਗੁੱਲ ਚਰਾਗ਼ ਦੇਖੇ ।

ਤੇਨੂੰ ਘੇਰ ਕੇ ਵੈਰੀਆਂ ਤੀਰ ਮਾਰੇ,
ਛਾਤੀ ਵਿੱਚ ਤਲਵਾਰ ਦੇ ਦਾਗ਼ ਦੇਖੇ ।

ਪੈਣ ਖਿੱਲੀਆਂ ਗਿੱਦੜੀਆਂ ਲੋਥ ਉਤੇ,
ਪਾਪੀ ਹੱਡੀਆਂ ਚੂਸਦੇ ਕਾਗ ਦੇਖੇ ।

ਸੁੰਨੀ ਸੇਜ ਤੇ ਰੰਗਲਾ ਪਲੰਘ ਤੇਰਾ,
ਉਤੇ ਲੇਟਦੇ ਕਾਲੜੇ ਨਾਗ ਦੇਖੇ ।

ਟੁਟਿਆ ਫੁੱਲ ਗੁਲਾਬ ਦਾ ਹਾਰ ਵਿੱਚੋਂ,
ਅੱਖਾਂ ਨਾਲ ਉਜਾੜੀ ਦੇ ਬਾਗ ਦੇਖੇ ।

ਕੰਨੀ ਸੁਣੇ ਕੁਰਲਾਟ ਵਿੱਚ ਤੰਬੂਆਂ ਦੇ,
ਮਾਵਾਂ ਪੈਂਦੀਆਂ ਵੈਣ ਵਰਾਗ ਦੇਖੇ ।

ਅਜੇ ਨਹੀਂ ਰੰਡੇਪੇ ਦਾ ਵਕਤ ਮੇਰਾ,

ਕਦੋਂ ਮੌਜ-ਬਹਾਰ ਸੁਹਾਗ ਦੇਖੇ ।

ਤੂੰ ਵੀ ਮਾਣ ਜਵਾਨੀਆਂ ਛੈਲ ਲਾੜਿਆ,

ਮੈਂ ਵੀ ਭੱਲ ਮਟਿਆਰ ਨਾ ਚਾਗ ਦੇਖੇ ।

ਰੋਂਦੀ ਰਹੂੰ ਉਡੀਕਦੀ ਰਾਹ ਤੇਰਾ,

ਇੱਕ ਘੜੀ ਖੜੋਤੇ ਨਾ ਲਾਗ ਦੇਖੇ ।

ਨਾ ਮੈਂ ਚੋਟ ਵਿਜੋਗ ਦੀ ਸਹਿਣ ਜੋਗੀ,

'ਬਾਬੂ' ਸੁੱਖ-ਅਰਾਮ ਨਾ ਤਿਆਗ ਦੇਖੇ ।

ਬੈਂਤ-੧੯

ਕਾਸਮ ਕਹੇ ਤੂੰ ਵੇਖ ਖ਼ਿਆਲ ਕਰਕੇ,

ਆਕੇ ਪਾ ਲਿਆ ਦੁਸ਼ਮਣਾ ਘੇਰਿਆਂ ਨੂੰ ।

ਵੈਰੀ ਮਾਰਦੇ ਸੱਦ ਰਣ-ਭੂਮਿਕਾ ਮੇਂ,

ਮਾਰ ਛੋਟਿਆਂ ਵੀਰਨਾ ਮੇਰਿਆਂ ਨੂੰ ।

ਪਾਣੀ ਨਹੀਂ ਸਦਾਤ ਨੂੰ ਪੀਣ ਦਿੰਦੇ,
ਪੈਣ ਨਦੀ ਫਰਾਤ ਤੇ ਫੇਰਿਆਂ ਨੂੰ ।

ਮੈਨੂੰ ਜੰਗ ਨੂੰ ਤੋਰ ਨਿਹਾਲ ਹੋ ਕੇ,
ਛੇੜਾਂ ਮਾਰ ਪਲਾਕੀ ਵਛੇਰਿਆਂ ਨੂੰ ।

ਐਰ-ਗੈਰ ਨਾ ਦੋਹਤੀ ਹਜ਼ਰਤਾਂ ਦੀ,
ਕੱਟ ਸਬਰ ਸੇ ਵਖ਼ਤ ਉਖੇਰਿਆਂ ਨੂੰ ।

ਅਲੀ ਸ਼ੇਰ ਖ਼ੁਦਾ ਦਾ ਪੋਤਰਾ ਮੈਂ,
ਵੜ ਦਲੀਂ ਦਬੱਲ ਦਿਆਂ ਵੇਰ੍ਹਿਆਂ ਨੂੰ ।

ਤਿੜੇ ਫਿਰਨ ਮਜਾਲ ਕੀ ਗਿੱਦੜਾਂ ਦੀ,
ਚੈਲੰਜ-ਲੜਨ ਦਾ ਦੇਣ ਬਘੇਰਿਆਂ ਨੂੰ ।

ਦੁੱਧ ਚੁੰਘ ਕੇ ਅਰਬ ਦੀ ਸ਼ੇਰਨੀ ਦਾ,

ਪਾ ਦੂੰ ਸੱਥਰੀਆਂ ਵੱਢ ਬਥੇਰਿਆਂ ਨੂੰ ।

ਪੈਣ ਭਾਜੜਾਂ ਕੂਫ਼ੀਆਂ ਬੁਜ਼ਦਿਲਾਂ ਨੂੰ,
ਜਦੋਂ ਪੈ ਗਿਆ ਬਾਜ਼ ਬਟੇਰਿਆਂ ਨੂੰ ।

ਸਾਕੇ ਹੋਣ ਮੈਦਾਨ ਮੇਂ ਗੱਭਰੂਆਂ ਦੇ,
ਖੜ੍ਹ ਕੇ ਦੇਖ ਦਲੇਰ ਦੇ ਜੇਰਿਆਂ ਨੂੰ ।

ਮੇਰੀ ਤੜਫਦੀ ਤੇਗ਼ ਮਿਆਨ ਅੰਦਰ,
ਫਿਰੂ ਕੱਟਦੀ ਸੀਸ ਲਲੇਰਿਆਂ ਨੂੰ ।

ਨੇਜ਼ੇ ਨਾਲ ਸਰੀਰ ਪਰੁੰਨ੍ਹ ਦੂੰਗਾ,
ਦੇ ਦੂੰ ਤੀਰ ਤੁਫੰਗ ਦੇ ਨੇਰਿਆਂ ਨੂੰ ।

ਰੱਤ ਨਾਲ ਉਛਾਲ ਦੂੰ ਛੱਪੜਾਂ ਨੂੰ,
ਵਾਹਣਾਂ ਵਿੱਚ ਖਲਾਰ ਦੂੰ ਬੇਰਿਆਂ ਨੂੰ ।

ਫੇਰ ਮਿਲਾਂਗੇ ਹਸ਼ਰ ਦਿਹਾਰੜੇ ਨੂੰ,

ਰੱਜ-ਰੱਜ ਕੇ ਵੇਖ ਲਈਂ ਚੇਹਰਿਆਂ ਨੂੰ ।

'ਬਾਬੂ' ਫਟੀ ਅਸਤੀਨ ਤੋਂ ਸਿਆਣ ਲੈਣਾ,
ਚੀਰਾ ਲਾਲ ਸਵਰਨ ਦੇ ਸੇਰ੍ਹਿਆਂ ਨੂੰ । ।

ਦੋਹਿਰਾ

ਕਾਸਮ ਚੜ੍ਹ ਗਿਆ ਲੜਨ ਨੂੰ, ਵੇਖ ਯਰਕਦੇ ਜੁਆਨ ।
ਨਾਲ ਹੰਨੇਂ ਦੇ ਲਟਕਦੀ, ਹੀਰੇ ਜੜੀ ਕਮਾਨ ।

ਦੋ ਭਾਗ ਛੰਦ-੨੦

ਸੀਸ ਤੇ ਸੋਂਹਦਾ ਚੀਰਾ ਲਾਲ ਰੰਗ ਦਾ,
ਸੂਰਮੇ ਨੇ ਪਹਿਨ ਲਿਆ ਲਿਬਾਸ ਜੰਗ ਦਾ ।
ਹੱਥ 'ਚ ਸੁਨਹਿਰੀ ਤਲਵਾਰ ਚਮਕੇ,
ਘੋੜਾ ਲਾਰੇ ਲਾ ਲਿਆ ਜ਼ਮੀਨ ਧਮਕੇ ।

ਸੁਆਦ ਆਜੇ ਘੋੜੇ ਹਥਿਆਰ ਸ਼ੁੱਧ ਦਾ,
ਲਾਲੀਆਂ ਭਖਣ ਚਾਅ ਚੜ੍ਹਿਆ 'ਵਿਆ ਯੁੱਧ ਦਾ ।

ਉਮਰ ਛੁਟੇਰੀ ਰੁੱਤ ਪੀਣ-ਖਾਣ ਦੀ,
ਦੰਗ ਰਹਿਗੇ ਵੇਖਕੇ ਦਲੇਰੀ ਜੁਆਨ ਦੀ ।

ਕਾਸਮ ਦਲਾਂ ਦੇ ਵਿੱਚ ਫਿਰੇ ਕੁੱਦ ਦਾ,
ਲਾਲੀਆਂ ਭਖਣ ਚਾਅ ਚੜ੍ਹਿਆ 'ਵਿਆ ਯੁੱਧ ਦਾ ।
ਜੋਸ਼ ਨਾਲ ਗਿੱਚੀ ਦੀ ਖੜੇਗੀ ਝੰਡ ਜੀ,
ਸੂਰਮਾਂ ਨਾ ਰਣਾਂ 'ਚ ਦਿਖਾਊ ਕੰਡ ਜੀ ।

ਨਬੀ ਜੋ ਰਸੂਲ ਦਾ ਸਦੇਂਦਾ ਦੋਹਤਰਾ,
ਸ਼ੇਰ ਜੋ ਖ਼ੁਦਾ ਦਾ ਅਲੀ ਉਹਦਾ ਪੋਤਰਾ ।
ਅੰਗ-ਅੰਗ ਵਿੱਚੋਂ ਫਿਰੇ ਜੋਸ਼ ਮੁੱਧ ਦਾ,
ਕਰੂਗਾ ਸਫ਼ਲ ਮਾਂ ਦੇ ਚੁੰਘੇ ਦੁੱਧ ਦਾ ।

ਲੱਗੀ ਦ੍ਹੀਦੀ ਸੱਜਰੀ ਹੱਥਾਂ ਨੂੰ ਮਹਿੰਦੀ ਐ,
ਲਾਲ ਵਾਂਗੂੰ ਮੱਥੇ 'ਚੋਂ ਝਲਕ ਪੈਂਦੀ ਐ ।

ਕੰਬਗੀ ਧਰਤ ਸੁਣਕੇ ਬਚਿੱਤਰਾ,

ਖੜਾ ਲਲਕਾਰੇ ਜਗਮੇਲ ਚਿਤਰਾ ।

'ਬਾਬੂ' ਵਿਰਾਗ 'ਚ ਕੰਠ ਰੁੱਧ ਦਾ ।

ਪਾਦੂ ਭਾਜ ਉਡਕੇ ਬਰੋਲਾ ਧੁੰਦ ਦਾ ।

ਦੋ ਭਾਗ ਛੰਦ-੨੧

ਆਂਵਦਾ ਲੜਨ ਸਰਦਾਰ ਸ਼ਾਮੀ ਐ,

ਗੱਭਰੂ ਦੇ ਬੰਨ੍ਹ ਲਿਆ ਚੱਕਰ ਲਾਮ੍ਹੀਐ ।

ਜ਼ੋਰ ਨਾਲ ਨੇਜ਼ੇ ਨੂੰ ਦਬਾਇਆ ਧਰਕੇ,

ਅਕਬਰ ਥੋੜਾ ਜਿਹਾ ਪਿਛਾਂਹ ਨੂੰ ਸਰਕੇ ।

ਤਾਂਘਦਾ ਕਦਮ ਜਾਂ ਰਕਾਬੋਂ ਪੱਟਿਆ ਗਿਆ,

ਨਾਲੇ ਖੱਬੇ ਹੱਥ ਨੂੰ ਰਤਾ ਕੁ ਵੱਟਿਆ ਗਿਆ ।

ਅਕਬਰ ਫੇਰ ਤੀ ਵਿਚਾਲਿਉਂ ਤੇਗ਼ ਜੀ,

ਦਿੱਤੇ ਦੋਵੇਂ ਟੁੱਕੜੇ ਜ਼ਿਮੀਂ ਤੇ ਡੇਗ ਜੀ ।

ਗੜ੍ਹਕੇ ਮੈਦਾਨ 'ਚ ਖਲੋਤਾ ਖੁਮਰਾ,
ਦੂਜੀ ਵਾਰੀ ਆ ਗਿਆ ਜਵਾਨ ਉਮਰਾ ।

ਨਾਲੇ ਨੇਜਾ ਮਾਰਦਾ ਉਲਾਰ ਹਿੱਕ ਨੂੰ,
ਲੰਘ ਗਿਆ ਦੁੱਸਰ ਪਾੜ ਕੇ ਤੇ ਹਿੱਕ ਨੂੰ ।

ਫੇਰ ਵਾਰੀ ਆ ਗਈ ਮਿਸਰ ਜਵਾਨ ਦੀ,
ਛੇਤੀ ਦੇ ਕੇ ਤੰਦੀ ਚਾੜ੍ਹ ਗਿਆ ਕਮਾਣ ਦੀ ।

ਲੈ ਸ਼ਿਸ਼ਤ ਮਾਰਦਾ ਖੜੋਕੇ ਤੀਰ ਨੂੰ,
ਗੱਭਰੂ ਨੇ ਵਿੰਨ੍ਹ ਦੇਣਾ ਸੀ ਸਰੀਰ ਨੂੰ ।

ਅਕਬਰ ਕਰੇ ਫੁਰਤੀ ਕਮਾਲ ਦੀ,
ਰੋਕ ਜਾਂਦਾ ਰੋਕ ਕੇ ਸ਼ਤਾਬੀ ਢਾਲ ਦੀ ।

ਦੂਜੀ ਵਾਰੀ ਔਣ ਨਾ ਕਮਾਣੋਂ ਤੀਰ ਤਾਂ,
ਰਾਕੀ ਨੂੰ ਭਜਾ ਕੇ ਜਾ ਵਿਚਾਲਿਉਂ ਚੀਰ ਤਾ ।

ਫੇਰ ਹੋਇਆ ਨਾਲ ਤਲਾ ਦੇ ਮੁਕਾਬਲਾ,

ਉਹ ਵੀ ਸੀਸ ਲੈਣੇ ਰੱਖ ਤਾ ਉਤਾਬਲਾ ।

ਫੇਰ ਵੈਰੀ ਨੇ ਸੀ ਘਲ੍ਹਿਆ ਤੁਫ਼ੈਲ ਨੂੰ,

ਅਲੀ ਅਕਬਰ ਦੀ ਦਬੱਲ ਮੈਲ ਨੂੰ ।

ਆਉਣੇਂ ਲਲਕਾਰਾ ਮਾਰਿਆ ਨਦਾਨ ਨੇ,

ਆ ਕੇ ਘੇਰਾ ਪਾ ਲਿਆ ਹਜ਼ਾਰ ਜੁਆਨ ਨੇ ।

ਡਰਨਾ ਕੀ ਦੁੱਧ ਸ਼ੀਹਣੀਆਂ ਦੇ ਚੁੰਘਲੇ,

ਉਨ੍ਹਾਂ ਵਿੱਚੋਂ ਸੀਸ ਵੀ ਕਈਆਂ ਦੇ ਡੁੰਗਲੇ ।

ਅਫ਼ਰੀਨ ਮਾਰੀ-ਮਾਰੀ ਦਾ ਵੀ ਗਰਜੇ,

'ਰਜਬਲੀ' ਲੈ ਗਿਆ ਸ਼ਹੀਦੀ ਦਰਜੇ ।

ਦੋਹਿਰਾ

ਨਿਆਣੇ ਧਿਆਏ ਵਿਲਕਦੇ, ਤੰਬੂਆਂ ਵਿੱਚ ਕੁਰਲਾਟ ।
ਦੇਖੇ ਜੁਆਨ ਅਬਾਸ ਜੀ ਗਿਆ ਕਾਲਜਾ ਪਾਟ ।

ਦੋ ਭਾਗ ਛੰਦ-੨੨

ਸਾਰੀ ਦਰਦਾਂ ਭਰੀ ਵੀ ਕਹਾਣੀ ਐਂ,
ਤਿੰਨ ਦਿਨ ਹੋਗੇ ਨਾ ਥਿਐਂਦਾ ਪਾਣੀ ਐਂ ।

ਮਰਨ ਤਿਹਾਏ ਨਾ ਕਿਸੇ ਨੂੰ ਸੁੱਧ ਜੀ,
ਬੀਬੀਆਂ ਦੇ ਸੁੱਕ ਗਏ ਥਣਾਂ 'ਚੋਂ ਦੁੱਧ ਜੀ ।

ਲੈਣ ਸਾਰੇ ਪਾਣੀ ਨੂੰ ਜਵਾਕ ਤਰਲੇ,
ਮੋਢੇ ਉਤੇ ਮਸ਼ਕ ਅਬਾਸ ਧਰਲੇ ।

ਲੁੱਕ-ਲੁੱਕ ਪਹੁੰਚ ਗਿਆ ਨਦੀ ਦੇ ਉਤੇ ਜੀ,
ਵੇਖਗੇ ਸ਼ਿਮਰ ਦੇ ਸਿਪਾਹੀ ਕੁੱਤੇ ਜੀ ।

ਚੱਕਕੇ ਮਸ਼ਕ ਜਦੋਂ ਦੌੜ ਚੱਲਿਆ,

ਵੈਰੀਆਂ ਮਗਰ ਲੱਗਕੇ ਦਵੱਲਿਆ ।

ਜਾਂਦਾ ਸੀ ਰੁਹਾਲ ਚਾਲ ਕੋਡਾ-ਕੋਡਾ ਜੀ,
ਤਲਵਾਰ ਮਾਰ ਕੇ ਉਡਾਤਾ ਮੋਢਾ ਜੀ ।

ਘੇਰਕੇ ਖੜੋਗੇ ਲੜੇ ਨਾਲ ਜਿਨ੍ਹਾਂ ਦੇ,
ਮਾਰ ਸੀਸ ਜੁਆਨ ਨੇ ਉਡਾਤੇ ਤਿੰਨਾਂ ਦੇ ।

ਰੋਕ ਕੇ ਤੇ ਵਾਰ ਬੋਚ ਕੇ ਸਰੀਰ ਨੂੰ,
ਫੇਰ ਮਾਂ ਦਾ ਪੁੱਤ ਘੱਤ ਗਿਆ ਵਹੀਰ ਨੂੰ ।

ਜਦੋਂ ਅੱਧੀ ਮੀਲ ਕੁ ਟਿਕਾਣਾ ਰਹਿ ਗਿਆ,
ਦੂਜੀ ਵਾਰ ਘੇਰਾ ਜ਼ਾਲਮਾਂ ਦਾ ਪੈ ਗਿਆ ।

ਉਤੇ ਮੀਂਹ ਦੇ ਵਾਂਗ ਹਥਿਆਰ ਵਰ੍ਹਦੇ,
ਇੱਕ ਹੱਥ ਫੱਟੜ ਕਈਆਂ ਨੂੰ ਕਰਦੇ ।

ਵੈਰੀਆਂ ਮੋਢੇ 'ਚ ਤਲਵਾਰ ਗੱਡਤੀ,

ਕਰੇ ਕੀ ਵਿਚਾਰਾ ਦੂਜੀ ਬਾਂਹ ਵੀ ਵੱਢਤੀ ।

ਕੋਈ ਨਾ ਹਮੈਤੀ ਦੀਂਹਦਾ ਰੋਹੀ ਰੰਦਾਂ ਮੇਂ,
ਫੜਲੀ ਮਸ਼ਕ ਘੁੱਟ ਕੇ ਤੇ ਦੰਦਾਂ ਮੇਂ ।

ਦੂਜੀ ਵਾਰ ਮਾਰ ਲਲਕਾਰਾ ਗੱਜ ਗਿਆ,
ਫੇਰ ਮਾਂ ਦਾ ਪੁੱਤ ਪੈਂਦੀਆਂ 'ਚੋਂ ਭੱਜ ਗਿਆ ।

ਦੇਖਕੇ ਤੇ ਅੰਦੇ ਨੂੰ ਨਿਆਣੇ ਟੱਪਦੇ,
ਹੁਣ ਪਾਣੀ ਨਿਆਣਿਆਂ ਨੂੰ ਪਿਆਦੂ ਛੱਪਦੇ ।

ਸੁਣ-ਸੁਣ ਵਾਰਤਾ ਸਰੀਰ ਕੰਬੂ ਜੀ,
ਜਦੋਂ ਰਹਿ ਗੇ ਦਸ-ਵੀਹ ਕਦਮ ਤੰਬੂ ਜੀ ।

'ਰਜਬਲੀ' ਕਿਸੇ ਧੌਣ 'ਚ ਧਲੀਰਤੀ,
ਸਾਰਾ ਪਾਣੀ ਡੁੱਲ੍ਹ ਗਿਆ ਮਸ਼ਕ ਚੀਰਤੀ ।

ਦੋਹਿਰਾ

ਬੀਬੀ ਕਹੇ ਹੁਸੈਨ ਨੂੰ, ਅਸਗਰ ਨੂੰ ਨਾ ਹੋਸ਼ ।
ਪਾਣੀ ਪਿਆ ਲਿਆ ਛਿਮਰ ਤੋਂ ਐਂ ਕੀ ਕਹਿਣਾ ਓਸ ?

ਦੋ ਭਾਗ ਛੰਦ-੨੩

ਬੀਬੀ ਸ਼ੇਰਬਾਨੇ ਆਖਦੀ ਹੁਸੈਨ ਨੂੰ,
ਕਰਦਾ ਵੀ ਚਿੱਤ ਕਰਦਾ ਨੀ ਕਹਿਣ ਨੂੰ ।

ਐਨੇ ਵੈਰੀ ਹੋਏ ਨੀ ਕਠੇਰ ਦਿਲ ਕੇ,
ਏਨੂੰ ਪਾਣੀ ਪਿਆ ਲਿਆ ਜਵਾਕ ਵਿਲਕੇ ।

ਉਸੇ ਵੇਲੇ ਤੁਰਪੇ ਅਮਾਮ ਪੋਲੇ ਜੀ,
ਲੈਗੇ ਰੋਂਦੇ ਬੱਚੇ ਨੂੰ ਛਿਮਰ ਕੋਲੇ ਜੀ ।

ਮੇਰੇ ਨਾਲ ਵੈਰ ਮੈਨੂੰ ਮਾਰ ਕੁੱਟ ਤੂੰ,
ਧਿਆਇਆ ਬੱਚਾ ਪਾਣੀ ਦੀ ਪਿਆ ਦੇ ਘੁੱਟ ਤੂੰ ।

ਜੁਆਕ ਦੀ ਬੁਝਾਦੇ ਪਿਆਸ ਕੰਮ ਸਾਰਦੀਂ,

ਮੇਰੇ ਚਾਰ ਤਲਵਾਰਾਂ ਵੱਧ ਮਾਰਦੀਂ ।

ਹੱਸ-ਹੱਸ ਜ਼ਾਲਮ ਚੰਡਾਲ ਬੋਲਦੇ,
ਚੰਗਾ ਫੜ ਏਸ ਦੀ ਜ਼ਬਾਨ ਖੋਲਦੇ ।

ਖੋਲ ਦਿੱਤਾ ਮੁੱਖ ਪਹੁੰਚ ਕੇ ਕਰੀਬ ਤੋਂ,
ਛਿਮਰ ਚੰਡਾਲ ਤੀਰ ਮਾਰੇ ਜੀਭ ਤੋਂ ।

ਛੱਡ ਗਿਆ ਪਰਾਣ ਇੱਕ ਲੈ ਕੇ ਧੁਰਲੀ,
ਮੂੰਹ ਦੇ ਵਿੱਚ ਡੁੱਲ੍ਹਗੀ ਲਹੂ ਦੀ ਕੁਰਲੀ ।

ਮੁੜਕੇ ਜਾਂ ਆਇਆ ਮਾਂ ਦੁੱਖੀ ਨੇ ਪੁੱਛ ਲਿਆ,
ਨੈਣਾਂ ਵਿੱਚੋਂ ਲਹੂ ਦਾ ਫੁਹਾਰਾ ਉਛਲਿਆ ।

ਹਿੱਕ ਨਾਲ ਲਾ ਲਿਆ ਬੁਝਾ ਦੇ ਅਗਨੀ,
ਮੇਰੇ ਪਿੱਛੇ ਪੈਗੀ ਸੌਰ੍ਹੀ ਮੌਤ ਠੱਗਣੀ ।

ਪੂੰਝਦੀ ਰੁਮਾਲ ਨਾਲ ਲਹੂ ਬੁਲ੍ਹਾਂ ਤੋਂ,

ਵੈਰੀ ਨੇ ਕੀ ਲੈਣਾ ਤੋੜ ਕੱਚੇ ਫੁੱਲਾਂ ਤੋਂ ।

ਜਾਗ ਪੁੱਤ ਕਿੱਥੇ ਆਗੀ ਐਨੀ ਨਿੰਦਰਾ,
ਕੀਹਨੇ ਲਾਤਾ ਚਿੱਟਿਆਂ ਦੰਦਾਂ ਨੂੰ ਜਿੰਦਰਾ ।

ਕਦੇ ਵੀ ਬੁਲਾਵਾਂ ਦੇਹ ਜੁਆਬ ਹੰਨਸਾ,
ਲਾ ਗਿਆ ਮਾਂ ਬੁੱਢੀ ਨੂੰ ਉਮਰਾਂ ਦਾ ਸੰਨਸਾ ।

ਜਾਗ ਵਾਜ ਮਾਰ ਮਾਲਕ ਸਮਾਨੀ ਨੂੰ,
ਮੈਨੂੰ ਲੈਜੇ ਮੌਤ ਤੂੰ ਹੰਡਾਲੇਂ ਜੁਆਨੀ ਨੂੰ ।

ਗੁੰਮ ਹੋਗੀ ਮਾਤਾ ਪੈਂਦੀ-ਪੈਂਦੀ ਕੀਰਨੇ,
ਇੱਕੋ ਵਾਰੀ ਖਾਧੀ ਜੁੰਬਸ ਸਰੀਰ ਨੇ ।

'ਰਜਬਲੀ' ਫੇਰ ਦਾੜ ਦੇਣੇ ਗਿਰਗੀ,
ਪੈਗੀਆਂ ਸੀ ਦੰਦਲਾਂ ਬਗੌੜ ਫਿਰਗੀ ।

ਦੋਹਿਰਾ

ਜੰਗ ਨੂੰ ਚੜੇ ਹੁਸੈਨ ਜੀ, ਕੁਲ ਫਰਕਦੇ ਅੰਗ ।
ਵਾਜਾਂ ਮਾਰੇ ਨਫ਼ਰ ਨੂੰ, ਕੱਸਦੇ ਤੁਰਤ ਤੁਰੰਗ ।

ਮੁਕੰਦ ਛੰਦ-੨੪

ਜਦੋਂ ਸਾਰੀ ਫ਼ੌਜ ਵੈਰੀਆਂ ਨੇ ਮਾਰੀ ਐ,
ਆਖਦਾ ਹੁਸੈਨ ਆਗੀ ਮੇਰੀ ਵਾਰੀ ਐ ।

ਨੈਂ 'ਚ ਬੇੜ੍ਹੀ ਰੁੜ੍ਹੇ ਉੱਤਮ ਘਰਾਣੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਪਾਦੇ ਵਾਗਾਂ ਰੇਸ਼ਮੀ ਲਗਾਮ ਵੱਧਕੇ,
ਚੰਗੀ ਤਰ੍ਹਾਂ ਜੀਨ ਵੇਖ ਲਈਂ ਉਲੱਦ ਕੇ ।
ਮਖਮਲ ਝਾੜ ਸਬਜ਼ ਪਲਾਨੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਉਤੇ ਪਾਦੇ ਗੱਦੀਆਂ ਜਿਨ੍ਹਾਂ 'ਚ ਨਮਦੇ,
ਨਾਲੇ ਪੈੜੇ ਕੱਸਦੇ ਵਿਗਾਨੀ ਚਮਦੇ ।

ਫੜ ਜ਼ੇਰਬੰਦ ਨੂੰ ਨਗਾਦੇ ਮਿਆਨੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਬਕਸੂਏ ਕਸਦੇ ਵਲੈਤੀ ਰੰਗਾਂ ਦੇ,
ਜੀਹਤੇ ਜੜੇ ਹੀਰੇ 'ਵੇ ਕਮਾਲ ਰੰਗਾਂ ਦੇ ।
ਕਾਨਪੁਰੀ ਬੰਨਦੇ ਹਜ਼ਾਰ ਕਾਨੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਕੱਢ ਲਿਆ ਬਕਸ 'ਚੋਂ ਪਿਤਾ ਦੀ ਬਰਦੀ,
ਮੇਰੀ ਅੱਜ ਜੰਗ ਨੂੰ ਦਲੀਲ ਕਰਦੀ ।
ਕਰਲੂ ਕੀ ਮੈਲ ਸ਼ਿਮਰ ਜ਼ਮਾਨੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਕੱਢ ਮਿਆਨ ਤੋੜ ਕੇ ਜ਼ੁਲਫ਼ਕਾਰ ਦੀ,
ਜਿਹੜੀ ਵਧ-ਵਧ ਵੈਰੀਆਂ ਨੂੰ ਮਾਰਦੀ ।
ਤੇਹ ਬੁਝਾਲੇ ਰੱਤ ਪੀਕੇ ਤੇ ਬਗਾਨੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਜੇਹੜੀ ਪੱਕੀ ਬਣੀ ਸੜਕ ਰਸੂਲ ਦੀ,
ਸਿੱਧੀ ਝੰਡੀ ਜਾਊ ਸੱਜਦਾਂ ਦੀ ਝੂਲਦੀ ।
'ਰਜਬਲੀ' ਬੈਂਤ ਕਰਾਂ ਨਾ ਨਿਮਾਣੇ ਦੀ,
ਪੀੜ ਘੋੜਾ ਨਫ਼ਰਾ ਨਿਸ਼ਾਨੀ ਨਾਨੇ ਦੀ ।

ਦੋਹਿਰਾ

ਵੱਧ-ਵੱਧ ਤੇਗ਼ਾਂ ਮਾਰਦਾ, ਬੁਰਾ ਹਾਸ਼ਮੀ ਜੋਸ਼ ।
ਮਾਰ ਦਵੱਲੇ ਜੁਆਨ ਨੇ, ਜਿਮੇਂ ਸ਼ੇਰ ਖ਼ਰਗੋਸ਼ ।

ਮੁਕੰਦ ਛੰਦ-੨੫

ਪੀੜ ਕੇ ਗੁਲਾਮ ਨੇ ਲਿਆਂਦਾ ਜੁਲਜਣਾ,
ਹੋਗੇ ਅਸਵਾਰ ਜ਼ਿਆਦਾ ਕੀ ਕੁਲਜਣਾ ।
ਸੁੱਚੀ ਜੀਨ ਸੱਜ ਦੀ ਸਬਜ਼ ਟਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਤਾਜ ਉਤੇ ਮੋਤੀ ਦੂਰ ਤੋਂ ਚਮਕਣੇ,

ਪਹੁੰਚਿਆ ਹੁਸੈਨ ਅੱਖ ਦੇ ਝਮਕਣੇ ।
ਥਾਂ ਤੋਂ ਛਾਲ ਚੱਕੀ ਘੋੜੇ ਨੇ ਚਲਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਹੱਥ 'ਚ ਜ਼ੁਲਫਕਾਰ ਫਿਰੇ ਨੱਚ ਦੀ,
ਸੁੱਚੇ ਲੋਹੇ ਮੂਹਰੇ ਕੀ ਮਨਿਆਦ ਕੱਚ ਦੀ ।
ਕੌਣ ਤਾਬ ਝੱਲੇ ਅੰਸ ਲੜਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਦੇਖਕੇ ਦਲੇਰੀ ਕੰਬਣ ਫ਼ਰਿਸ਼ਤੇ,
ਉਹ ਨੀ ਮਾਂ ਨੂੰ ਜੰਮਿਆਂ ਚਲਾਤੀ ਜਿਸਤੇ ।
ਏਥੇ ਤਾਕਤ ਕੀ ਇਨਸਾਨ ਖਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਵੈਰੀਆਂ ਉਦਾਲੇ ਦਿੰਦਾ ਫਿਰੇ ਹੇਲੀਆਂ,
ਭੁੱਖੇ ਬਘਿਆੜ ਤੋਂ ਡਰਨ ਲੇਲੀਆਂ ।
ਕਿਤੇ ਟੈਰ ਥਿਆਵੇ ਨਾ ਛਿਮਰ ਆਕੀ ਦੀ,

ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਲੋਥਾਂ ਦੇ ਲਗਾਤੇ ਢੇਰ ਮੀਲ-ਮੀਲ ਜੀ,
ਟਿੱਬਿਆਂ 'ਚ ਬਣਗੀ ਲਹੂ ਦੀ ਝੀਲ ਜੀ ।
ਰੋੜ੍ਹੇ ਪਾਤੇ ਸੀਸ ਜਿਵੇਂ ਗੇਂਦ ਹਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਜੇਹੜੇ ਵੈਰੀ ਮਾਰਦੇ ਵਡਿਆਈਆਂ ਤਿੜ੍ਹਦੇ,
ਸੂਰਮੇ ਅਨੇਕਾਂ ਵਿੱਚ ਰੱਖੇ ਪਿੜ ਦੇ ।
'ਰਜਬਲੀ' ਫ਼ੌਜ ਤਾਂ ਭਜਾਤੀ ਬਾਕੀ ਦੀ,
ਦਲਾਂ ਨੂੰ ਜਾਵੇ ਉਡਦੀ ਗਰਦ ਰਾਕੀ ਦੀ ।

ਦੋਹਿਰਾ

ਮਾਈਆਂ ਝੁਰਨ ਬਥੇਰੀਆਂ, ਰੋ-ਰੋ ਕਰਦੀਆਂ ਸੋਚ ।
ਮਰਨ ਦ੍ਰੋਤਰੇ ਦੋਹਤੀਆਂ, ਰਿਹਾ ਬੜਾ ਮਨ ਲੋਚ ।

ਦੋ ਭਾਗ ਛੰਦ-੨੬

ਪਰਵਾਰ ਦੀਆਂ ਵੇਖਕੇ ਨਿਸ਼ਾਨੀਆਂ,
ਜ਼ਾਰ-ਜ਼ਾਰ ਰੋਂਦੀਆਂ ਮਦੀਨੇ ਨਾਨੀਆਂ ।

ਸਾਕ-ਸੈਲ ਸਾਰੇ ਕਤਰਾਗੇ ਕੰਨੀਆਂ,
ਬਿਸਮਿਲ ਕਰਕੇ ਰਜ਼ਾਈਂ ਮੰਨੀਆਂ ।

ਮੁੱਖ ਮੋੜ ਚੱਲੀ ਉਮਤ ਰਸੂਲ ਦੀ,
ਦੁਖੀਆਂ ਨੂੰ ਕੇਹੜਾ ਕਬਰ ਕਬੂਲਦੀ ।

ਨੈਂਅ ਕਿਨਾਰੇ ਰੁੱਖ ਦੋ ਪੁਰਾਣੇ ਬਾਹਲੇ ਐ,
ਅਸੀਂ ਅੱਜ ਕੱਲ੍ਹ ਨੂੰ ਢੈਹਣ ਵਾਲੇ ਐ ।

ਦੋਹਤਰੇ ਵਛੋੜੇ ਰੱਬ ਜ਼ੋਰਾਵਰ ਨੇ,
ਐਨੀ ਪਤਾ ਅਜੇ ਕੀ ਤਸੀਹੇ ਭਰਨੇ ।

ਇੱਕ ਤਾਂ ਬੁਢੇਪੇ ਦੇ ਚੁਬਣ ਕਰਚੇ,
ਹੁੰਦੇ ਜੋ ਨਿਆਣੇ ਕੋਲੇ ਚਿੱਤ ਪਰਚੇ ।

ਮੁੜ-ਮੁੜ ਕਰਨ ਝੁਰੇਵੇਂ ਬੁੜ੍ਹੀਆਂ,
ਛੋਪ ਪਾਕੇ ਲੈਂਦੀਆਂ ਕਚਹਿਰੀ ਕੁੜੀਆਂ ।

ਹੋਣੀਆਂ ਨਾ ਦੋਹਤੀਆਂ ਬਗੈਰੀਂ ਰੌਣਕਾਂ,
ਅੱਜ ਸਾਡੇ ਚੰਦਰੇ ਬਨੇਰੇ ਢੋਣ ਕਾਂ ।

ਪੜ੍ਹਦੇ ਜਾਂ ਬੀਬੀ ਜੈਨਬਾਂ ਦੇ ਕਾਕੇ ਜੇ,
ਜਾਨ ਤੋਂ ਪਿਆਰੇ ਲੱਗਦੇ ਪਟਾਕੇ ਜੇ ।

ਇੱਕ-ਇੱਕ ਗੋਦ ਵਿੱਚ ਲੈ ਕੇ ਬਹਿੰਦੀਆਂ,
ਚਿੱਤ ਲੱਗ ਜਾਂਦੇ ਕਿਉਂ ਉਦਾਸ ਰਹਿੰਦੀਆਂ ।

ਨਿੱਕੇ ਅਸਗਰ ਦੀ ਕਰਨ ਗੱਲ ਵੀ,
ਉਹ ਤਾਂ ਨਾਨੀਆਂ ਨੂੰ ਭੁਲਦਾ ਨਾ ਪਲ ਵੀ ।

ਦੋ ਰੁਮਾਲ ਅਕਬਰ ਦੇ ਬਣਾਏ ਪਏ,
ਕਾਸਮ ਦੀ ਪੱਗ ਨੂੰ ਸਿਤਾਰੇ ਲਾਏ ਪਏ ।

ਜ਼ੋਹਰਾਂ ਦੀ ਬਣਾਈ ਲੋਗਣੀ ਦੀ ਪੱਖੀ ਪਈ,
ਜਿਲਦ ਕੁਰਾਨ ਦੀ ਬੰਨ੍ਹਾਕੇ ਰੱਖੀ ਪਈ ।

ਨਾਲੇ ਸੱਚੀਂ ਲਿਆਤੀਆਂ ਬਨਾਤੀ ਪੱਖੀਆਂ,
ਨੈਣਾਂ ਨੇ ਉਛਾਲਾ ਮਾਰਿਆ ਰੋਣ ਅੱਖੀਆਂ ।

ਥੋੜ੍ਹਾ ਜਿਹਾ ਨਿਸ਼ਾਸਤਾ ਪੰਜੀਰੀ ਕਰੀ ਪਈ,
ਮਿੱਠਿਆਂ ਖੜ੍ਹੌਣਿਆਂ ਦੀ ਚੰਗੇਰ ਭਰੀ ਪਈ ।

ਅੈਂਦਾ ਜਾਂਦਾ ਮਿਲ ਗਿਆ ਮੱਕੇ ਨੂੰ ਰਾਹੀ ਜੇ,
'ਬਾਬੂ' ਜੀ ਫੜਾਦਿਆਂ ਖੁਦਾ ਨੇ ਚਾਹੀ ਜੇ ।

ਦੋਹਿਰਾ

ਹੋਈਆਂ ਰੋ-ਰੋ ਕਮਲੀਆਂ, ਨਾ ਚੱਲ ਸਕਦੀ ਪੇਸ਼ ।
ਸੁਹਾਗ ਪੈਂਦੀ ਕੀਰਨੇ, ਬਾਬਲ ਗਿਆ ਪ੍ਰਦੇਸ਼ ।

ਦੋ ਭਾਗ ਛੰਦ-੨੧

ਦੋਵੇਂ ਬਹਿਕੇ ਸੰਨਸੇ ਕਰਨ ਮਾਈਆਂ ਜੀ,
ਕਈ ਵਾਰ ਢੇਰੀਆਂ ਉਸਾਰ ਢਾਈਆਂ ਜੀ ।

ਮੱਚੀ ਜਾਂਦੇ ਕਾਲਜੇ ਦਲੀਲਾਂ ਡੇਗੀਆਂ,
ਬਣਦਾ ਕੀ ਹਾਰ ਤਕਦੀਰਾਂ ਦੇਗੀਆਂ ।

ਐਨੇ ਬੀਬੀ ਸੁਹਾਗ ਖਲੋਗੀ ਅੰਦਰੇ,
ਲੱਗੀ ਬਹਿਕੇ ਸੁਫਨੇ ਸਨੈਣ ਚੰਦਰੇ ।

ਜਾਣੀਂ ਬੈਠੀ ਵੈਣ ਪਾਈ ਜਾਵੇ ਧਰਤੀ,
ਕਹਿੰਦੀ ਪਾਪੀਆਂ ਨੇ ਪਾਪ ਨਾਲ ਭਰਤੀ ।

ਇੱਕ ਭਰੀ ਹੋਈ ਨੈਂ ਲਹੂ ਦੀ ਵਗਦੀ,
ਬੇੜੀ ਰੁੜ੍ਹੀ ਜਾਵੇ ਨਾ ਕਿਨਾਰੇ ਲੱਗਦੀ ।

ਰਹਿ ਗਿਆ ਭੁਲੇਖਾ ਲੱਗੀਆਂ ਨਾ ਖ਼ਬਰਾਂ,
ਰੋਹੀ ਬੀਆਬਾਨ 'ਚ ਪੱਟਣ ਕਬਰਾਂ ।

ਟਿੱਬਿਆਂ 'ਤੋਂ ਉਚੀਆਂ ਕਨਾਤਾਂ ਤਾਣੀਆਂ,
ਪਾਣੀ ਬਿਨਾ ਮਰਨ ਤਿਹਾਈਆਂ ਰਾਣੀਆਂ ।

ਆਹੋ ਗੱਲ ਯਾਦ ਰਹਿਗੀ ਹੋਰ ਭੁੱਲੀਆਂ,
ਬੁੱਢੀਆਂ ਦੇ ਜ਼ੁਲਫ਼ਾਂ ਗਲਾਂ 'ਚ ਖੁੱਲ੍ਹੀਆਂ ।

ਲੋਥਾਂ ਉਤੇ ਪਾਂਵਦੇ ਗਿਦੜ ਖਿੱਲੀਆਂ,
ਰੋਹੀ ਖੋਹੀ ਜਾਂਦੀਆਂ ਤਿੱਤਰ ਬਿੱਲੀਆਂ ।

ਧੱਕੇ ਚੜ੍ਹੇ ਪਰਦੇਸੀ ਜ਼ੋਰਾਵਰ ਦੇ,
ਰੱਤ ਪੀ ਕੇ ਕਾਣੇ ਕਾਂ ਕਲੋਲਾਂ ਕਰਦੇ ।

ਵਿਆਹ ਦੇ ਵਿੱਚ ਲਾੜਾ ਮਾਰਤਾ ਫਸਾਦੀਆਂ,
ਗ਼ਮੀ ਦਾ ਲਿਬਾਸ ਪਹਿਨ ਲੈਣ ਸ਼ਾਦੀਆਂ ।

ਸੁਫਨੇ ਦੀ ਗੱਲ ਨਾ ਚੰਗੀ ਸੀ ਨਿੱਬੜੀ,
ਲਹੂ ਨਾਲ ਜੁਆਕ ਦੀ ਪੁਸ਼ਾਕ ਲਿੱਬੜੀ ।

ਵੇਖ ਨਾਨੀ ਮਾਰੀ ਮੈਂ ਚੰਗਿਆੜ ਡਰਕੇ,

ਕੰਬਿਆ ਸਰੀਰ ਥਰ-ਥਰ ਕਰਕੇ ।

ਚੰਗੀ ਤਰ੍ਹਾਂ ਕਰਨੀ ਕਿਆਸ ਬਾਤ ਦੀ,

ਉਦੋਂ ਦੀ ਮੈਂ ਫਿਰਾਂ ਘਬਰਾਈ ਰਾਤ ਦੀ ।

ਐਤਨੇ ਨੂੰ ਇੱਕ ਸਾਂਢਨੀ ਸਵਾਰ ਜੀ,

ਬਾਰ ਕੋਲ ਆ ਕੇ ਖਿੱਚ ਲੀ ਮੁਹਾਰ ਜੀ ।

ਭਿਸ਼ਤੀ ਜਨੈਰ ਉੱਪਰ ਫ਼ਰਿਸ਼ਤਾ,

ਕਹਿੰਦਾ ਮੱਕੇ ਸ਼ਹਿਰ ਮੇਂ ਪੁਰਾਣਾ ਰਿਸ਼ਤਾ ।

ਲੈਜਾ 'ਬਾਬੂ' ਚਿੱਠੀ ਭੇਜਣੀ ਹੁਸੈਨ ਨੂੰ,

ਰੱਬ ਰਾਜ਼ੀ ਰੱਖੇ ਅਲੀ ਦੀ ਮਹੈਣ ਨੂੰ ।

ਦੋਹਿਰਾ

ਖਤ ਲਿਖਦੀ ਸੀ ਬਾਲਕੀ, ਗਈ ਫ਼ਿਕਰ ਵਿੱਚ ਬੀਤ ।
ਫ਼ਿਕਰੇ ਭਰੇ ਪ੍ਰੇਮ ਦੇ, ਲਿਕ-ਲਿਖ ਨਿਕਲੂ ਸੀਤ ।

ਮੁਕੰਦ ਛੰਦ-੨੮

ਖਤ ਲਿਖਦੀ ਪ੍ਰੇਮ ਨਾਲ ਸੁਗਰੋ,
ਕਿੱਥੇ ਖੋਗੇ ਬਾਲਿਉ ਭਰਾਵੇ ਉਗਰੋ ।
ਪਿਆਰੀ ਬੱਚੀ ਨੂੰ ਭੁਲਾਤਾ ਕਹਿੰਦੀ ਬਾਬਲਾ,
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਨਰਮ ਸਰੀਰ ਸੰਨਸਿਆਂ ਨੇ ਖਾ ਲਿਆ,
ਲੈਜਾ ਬਾਪੂ ਬਹੁਤਿਆਂ ਪਿਆਰਾਂ ਵਾਲਿਆ ।
ਨੈਣੋਂ ਨੀਰ ਦੀ ਨਦੀ ਸੀ ਵਹਿੰਦੀ ਬਾਬਲਾ,
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਐਂ ਜੇ ਛੱਡ ਜਾਣ ਦੀ ਦਲੀਲ ਤੇਰੀ ਸੀ,
ਜੰਮਦੀ ਨੂੰ ਰੱਤੀ ਫ਼ੀਮ ਦੀ ਬਥੇਰੀ ਸੀ ।
ਰਹਾਂ ਲੰਮੇ-ਲੰਮੇ ਹੌਕੇ ਲੈਂਦੀ ਬਾਬਲਾ,

ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਕਹਿਗੇ ਮੱਕੇ ਜਾਕੇ ਸੱਦਵਾਲਾਂਗੇ ਕੁੜੇ,
ਮੈਨੂੰ ਅਕਬਰ ਵੀਰ ਲੈਣ ਨਾ ਮੁੜੇ ।
ਮਰਜੂ ਅਖ਼ੀਰੀ ਦੁੱਖ ਸਹਿੰਦੀ ਬਾਬਲਾ,
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਜਦੋਂ ਕੋਈ ਛੇੜੇ ਮਾਪਿਆਂ ਦੀ ਗੱਲ ਜੀ,
ਨੈਣੋਂ ਜਾਵੇ ਤਰਿਪ-ਤਰਿਪ ਜਲ ਜੀ ।
ਭਰੇ ਫੋੜੇ ਵਾਂਗ ਫਿੱਸ ਪੈਂਦੀ ਬਾਬਲਾ,
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਡੁੱਲ੍ਹੇ ਮਨ ਨੂੰ ਤਾਂ ਪ੍ਰਚੌਣ ਨਾਨੀਆਂ,
ਧਾਹਾਂ ਮਾਰਾਂ ਦੇਖ ਮਾਂ ਦੀਆਂ ਨਿਸ਼ਾਨੀਆਂ ।
ਤੇ ਮੈਂ ਗ਼ਸ਼ ਖਾ ਜ਼ਿੰਮੀਂ ਤੇ ਢਹਿੰਦੀ ਬਾਬਲਾ,
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਜਿੰਦੜੀ ਬਚਾ ਲੈ ਰੁੜ੍ਹ ਚੱਲੀ ਹੜ੍ਹ ਮੇਂ,

'ਰਜਬਲੀ' ਸੁਫਨੇ ਡਰੈਣ ਕੜਮੇਂ ।

ਮਾਰਕੇ ਚੰਗਿਆੜਾਂ ਉਠ ਬਹਿੰਦੀ ਬਾਬਲਾ,

ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ ।

ਦੋਹਿਰਾ

ਫੇਰ ਕਰਬਲਾ ਆਣਕੇ, ਪਹੁੰਚ ਗਿਆ ਅਸਵਾਰ ।

ਸਣ੍ਹੇ ਸੁਗਾਤਾਂ ਕਾਗਜ਼ੀ, ਦੇਵੇ ਪੇਸ਼ ਗੁਜ਼ਾਰ ।

ਦੋ ਭਾਗ ਛੰਦ-੨੯

ਆਖਦਾ ਅਸਵਾਰ ਅਸਲਾਮਾਲੇਕਮ ਐ,

ਬੋਲਦਾ ਹੁਸੈਨ ਅੱਗੋਂ ਮਿੱਠੀ ਟੇਕ ਮੈਂ ।

ਫੇਰ ਨਿਆਣੀ ਧੀ ਦਾ ਕਾਗਜ਼ ਫੜਾ ਲਿਆ,

ਚੁੰਮ ਕੇ ਤੇ ਪਿਉ ਨੇ ਸੀਨੇ ਨਾਲ ਲਾ ਲਿਆ ।

ਹੋਰ ਜੋ ਸੁਗਾਤਾਂ ਘੱਲੀਆਂ ਸੀ ਨਾਨੀਆਂ,

ਹੱਥ ਬੰਨ੍ਹ ਸਭ ਦੇਤੀਆਂ ਨਿਸ਼ਾਨੀਆਂ ।

ਚਿੱਠੀ ਮਿਲਣੀ ਸੀ ਕਿ ਸਬੱਬ ਜੁੜ ਗਿਆ,
ਛੱਡ ਕੇ ਮੈਦਾਨ ਤੰਬੂਆਂ ਨੂੰ ਮੁੜ ਗਿਆ ।

ਵੀਰ ਨੂੰ ਬੁਲਾਵੇ ਵਾਜ ਮਾਰੀ ਜਾਫਰਾ,
ਲੈ ਜਾ ਤੂੰ ਸੁਨੇਹਾ ਜਾਂਦਿਆ ਮੁਸਾਫ਼ਰਾ ।

ਫੇਰ ਅਸਗਰ ਦੇ ਸਿਰਾਣੇ ਖੜ੍ਹਕੇ,
ਹੌਲੀ ਹੌਲੀ ਲੋਥ ਨੂੰ ਹਿਲਾਵੇ ਫੜਕੇ ।

ਗੂਹੜੀ ਨੀਂਦ ਸੌਂਗੇ ਨਾਨੀਆਂ ਦੇ ਹੇਜਲੇ,
ਨਾਨੀਆਂ ਨੇ ਸੁੱਚੇ ਦੋ ਰੁਮਾਲ ਭੇਜਲੇ ।

ਫੇਰ ਵਾਜ ਮਾਰੀ ਕਾਸਮ ਸਲੱਗ ਨੂੰ,
ਬੰਨ੍ਹ ਬੱਚਾ ਸੀਸ ਤੇ ਸਿਤਾਰੇ ਪੱਗ ਨੂੰ ।

ਕੀਹਨੇ ਮੈਨੂੰ ਜੱਗੋਂ ਵੱਸਦਾ ਉਜਾੜਿਆ,

ਉਠ ਮੇਰਿਆ ਸੋਹਣਿਆਂ ਜੰਨਾਂ ਦਿਆ ਲਾੜਿਆ ।

ਪਿੱਛੋਂ ਜਾ ਪਿਆਰ ਦੇਵੇ ਅਸਗਰ ਤੇ,
ਮਿੱਠੇ ਜੇ ਖੜ੍ਹੌਨੇ ਸੀ ਸਰ੍ਹਾਣੇ ਧਰਤੇ ।

ਉਠ ਮਠਿਆਈ ਖਾ ਲੈ ਮੇਰੇ ਭਪੂਆ,
ਰੁੜ੍ਹੀ ਜਾਂਦੀ ਬੇੜੀ ਬੰਨੇ ਲਾਦੇ ਚਪੂਆ ।

ਵੇਲਣੇ 'ਚ ਆਗੀ ਗੰਨੇ ਦੀਏ ਪੋਰੀਏ,
ਉਠ ਮੇਰੇ ਬੁੱਢੇ ਵੇਲੇ ਦੀ ਡੰਗੋਰੀਏ ।

ਜਾਗ ਤੈਨੂੰ ਸੁਗਰਾ ਜਗਾਇਆ ਭੈਣ ਨੇ,
ਬੋਲਦਾ ਨੀ ਮੂੰਹੋਂ ਖਾ ਲਿਆ ਮੌਤ ਡੈਣ ਨੇ ।

ਨਾਲ ਪੱਖੀ ਦੇਤੀ ਸੁਗਰਾਂ ਰਕਾਨ ਦੀ,
ਆਹਲੈ ਪੁੱਤ ਬੰਨ੍ਹੀਂ ਜਿਲਦ ਕੁਰਾਨ ਦੀ ।

ਸ਼ੇਰਬਾਨੇ ਰੱਬ ਨੇ ਮਿਲਾਏ ਹੁਣ ਲੈ,

ਆਕੇ ਨਿਆਣੀਂ ਬੱਚੀ ਦੇ ਸੁਨੇਹੇ ਸੁਣ ਲੈ ।

'ਰਜਬਲੀ' ਧਾਹੀਂ-ਧਾਹੀਂ ਰੋਣ ਡੈਹਿ ਗਿਆ,
ਤੰਬੂਆਂ ਦੇ ਵਿੱਚ ਕੁਰਲਾਟ ਪੈ ਗਿਆ ।

ਦੋਹਿਰਾ

ਭੈਣਾਂ ਭਾਈਆਂ ਚਾਚੀਆਂ, ਪੈਣ ਖੜੋਕੇ ਵੈਣ ।
ਉਸੇ ਰੰਗ ਵਿੱਚ ਛੋੜਕੇ, ਜਾਂਦਾ ਲੜਨ ਹੁਸੈਨ ।

ਦੋ ਭਾਗ ਛੰਦ-੩੦

ਉਸੇ ਤਰ੍ਹਾਂ ਮਾਈਆਂ ਰੋਂਦੀਆਂ ਨੂੰ ਛੋੜਕੇ,
ਪਿੱਛੇ ਵਾਗਾਂ ਲੈ ਗਿਆ ਹੁਸੈਨ ਮੋੜਕੇ ।

ਜਾ ਕੇ ਵਿੱਚ ਦਲਾਂ ਦੇ ਮਚਾਤਾ ਸ਼ੋਰ ਜੀ,
ਮਾਰ-ਮਾਰ ਜੁਆਨ ਨੇ ਉਡਾਤੇ ਮੋਰ ਜੀ ।

ਜਾਂਵਦਾ ਨਾ ਜੋਸ਼ ਝੱਲਿਆ ਸਰੀਰ ਦਾ,

ਫੱਟੇ ਸ਼ੇਰ ਵਾਂਗ ਵੈਰੀਆਂ ਨੂੰ ਚੀਰਦਾ ।

ਜਿਹੜਾ ਵੈਰੀ ਆ ਜੇ ਤਲਵਾਰ ਅੱਗੇ ਜੀ,
ਸਿੱਟ੍ਹਦਾ ਜ਼ਮੀਨ ਤੇ ਸਕਿੰਟ ਲੱਗੇ ਜੀ ।

ਡਿੱਗਦੇ ਦਿੱਸਣ ਵੈਰੀਆਂ ਦੇ ਸੀਸ ਜੀ,
ਹੋਵੇ ਨਾ ਹੁਸੈਨ ਦੀ ਕਿਸੇ ਤੋਂ ਰੀਸ ਜੀ ।

ਲੋਆਂ ਪਈਆਂ ਜਾਂਦੀਆਂ ਦੁਪੈਹ੍ਰਾ ਜੇਠ ਦਾ,
ਤਾਂਬੇ ਵਾਂਗੂੰ ਤੱਪਦਾ ਫ਼ਰਸ਼ ਹੇਠ ਦਾ ।

ਬੁਰੀ ਧੁੱਪ ਚੰਦਰੀ ਅਰਬ ਦੇਸ਼ ਦੀ,
ਜਾਂਮਦੀ ਨਾ ਗਰਮੀ ਸਹਾਰੀ ਏਸ ਦੀ ।

ਚਾਰੇ ਪਾਸੇ ਦਿਸਦੇ ਤੰਦੂਰ ਤਪਦੇ,
ਬੰਦੇ ਦਾ ਕੀ ਸਰਦਾ ਜਨੌਰ ਛਪਦੇ ।

ਤਿੰਨ ਦਿਨ ਹੋਗੇ ਨਾ ਥਿਅੌਂਦਾ ਪਾਣੀ ਐ,

ਜਿੰਦੜੀ ਪਿਆਸੇ ਦੀ ਨਿਕਲ ਜਾਣੀ ਐ ।

ਵੈਰੀਆਂ ਨੂੰ ਮਾਰਦਾ ਜੁਆਨ ਹੁੱਟ ਗਿਆ,
ਹੋ ਗਿਆ ਸੀ ਬੇਦਿਲ ਲਗਾਮ ਛੁੱਟ ਗਿਆ ।

ਚੱਲਗੇ ਹਜ਼ਾਰਾਂ ਤੀਰ ਉੱਤੇ ਇੱਕ ਦੇ,
ਸੱਤਰ ਜ਼ਖ਼ਮ ਹੋਗੇ ਵਿੱਚ ਹਿੱਕ ਦੇ ।

ਜ਼ਾਲਮਾਂ ਹੁਸੈਨ ਨੂੰ ਜ਼ਿੰਮੀ ਤੇ ਡੇਗ ਲਿਆ,
ਸੀਨੇ ਉੱਤੇ ਬੈਠ ਗਿਆ ਛਿਮਰ ਤੇਗ਼ ਲਿਆ ।

ਮਾਰੇ ਤਲਵਾਰਾਂ ਬੇਦਰਦ ਕੌਮ ਜੀ,
ਇੱਕ ਨਾ ਹੁਸੈਨ ਦਾ ਕੱਟੀਦਾ ਰੋਮ ਜੀ ।

ਆਖਦਾ ਹੁਸੈਨ ਮੈਂ ਅਲੀ ਦੀ ਬਿੰਦ ਜੀ,
ਸਿੱਜਦੇ 'ਚ ਨਿਕਲੂ ਹਮਾਰੀ ਜਿੰਦ ਜੀ ।

ਕਰ ਮੇਰਾ ਮੁੱਖ ਕਿਬਲੇ ਦੇ ਰੁੱਖ ਨੂੰ,

ਪੀ ਲੈ ਰੱਤ ਜ਼ਾਲਮਾਂ ਮਿਟਾ ਲੈ ਭੁੱਖ ਨੂੰ ।

ਮਾਰ ਤਲਵਾਰਾਂ ਕਰਤਾ ਸ਼ਹੀਦ ਜੀ,
'ਰਜਬਲੀ, ਲੈਗੇ ਦੋਜ਼ਕ ਖਰੀਦ ਜੀ ।

ਬੈਂਤ-੩੧

ਮਾਰੀ ਆਲ ਰਸੂਲ ਦੀ ਜ਼ਾਲਮਾਂ ਨੇ,
ਆਗੀ ਸਮਝ ਕਚੈਰੀਆਂ ਸਾਰੀਆਂ ਨੂੰ ।

ਕੱਚੇ ਤੋੜ ਮੇਵੇ ਅਲੀ ਮੁਕਤ ਜਾਂਦੇ,
ਉਨ੍ਹਾਂ ਤੋੜ ਮਰੋੜਤਾ ਡਾਹਣੀਆਂ ਨੂੰ ।

ਪਕੜ ਮੌਤ ਦੇ ਘਾਟ ਉਤਾਰ ਦਿੱਤੇ,
ਕਾਸਮ ਸ਼ੇਰ ਦਲੇਰ ਦੇ ਹਾਣੀਆਂ ਨੂੰ ।

ਮੈਨੂੰ ਕਸਮ ਹੈ ਜ਼ੁਲਮ ਦੀ ਹੱਦ ਹੋਗੀ,
ਕੀਤਾ ਬੰਦ ਦਰਿਆ ਦੇ ਪਾਣੀਆਂ ਨੂੰ ।

ਬੱਚੇ ਵਿਲਕਦੇ ਵਿਲਕਦੇ ਫ਼ੈਂਤ ਹੋਗੇ,
ਦੇਣ ਪੀਣ ਨਾ ਘੁੱਟ ਆ ਪਾਣੀਆਂ ਨੂੰ ।

ਸਭੇ ਰੋਂਦੀਆਂ ਰੋਂਦੀਆਂ ਗੁੰਮ ਹੋਈਆਂ,
ਗ਼ਸ਼ਾਂ ਪੈਂਦੀਆਂ ਸੀ ਧੀਆਂ ਰਾਣੀਆਂ ਨੂੰ ।

ਕੁਝ ਤੰਬੂਆਂ ਵਿੱਚ ਕੁਰਲਾਟ ਪੈਗੀ,
ਮਾਵਾਂ ਰੋਣ ਬਹਿਕੇ ਮੈਂਜਾਂ ਮਾਣੀਆਂ ਨੂੰ ।

ਬਾਂਦਾਂ ਬੰਨ੍ਹ ਦਮਿਸ਼ਕ ਦੇ ਵਿੱਚ ਲੈਗੇ,
ਪੈ ਗਈ ਭੀੜ ਅਮੀਰ ਸੱਯਦਾਣੀਆਂ ਨੂੰ ।

ਚੜ੍ਹ ਫੇਰ ਹਨੀਫ਼ ਜਾ ਵੈਰੀਆਂ ਤੇ,
ਮਾਰ ਮਾਰ ਉਲਝਾਦੂਗਾ ਤਾਣੀਆਂ ਨੂੰ ।

ਹਲ ਫੇਰਦੂ ਉਚਿਆਂ ਮੰਦਰਾਂ ਤੇ,
ਦੇਊ ਫੂਕ ਚੰਡਾਲ ਦੀਆਂ ਢਾਣੀਆਂ ਨੂੰ ।

ਪਾਪੀ ਛਿਮਰ ਜਜੀਦ ਨੂੰ ਮਾਰਨੇ ਤੇ,
ਖਾਰਾਂ ਕੱਢਲੂ ਜੁਆਨ ਪੁਰਾਣੀਆਂ ਨੂੰ ।

'ਰਜਬਲੀ' ਕਿਤਾਬ ਮੇਂ ਦਰਦ ਭਰਕੇ,
ਕੀਤਾ ਖ਼ਤਮ ਮੈਂ ਦਰਦ ਕਹਾਣੀਆਂ ਨੂੰ ।

ਦੋਹਰੇ

ਦੀਪ ਸਿੰਘ ਸਰਦਾਰ ਦਾ ਛੇੜ ਰਿਹਾ ਪਰਸੰਗ ।
ਸੀਸ ਕਟਿਆ ਹੱਥ ਪਰ ਧਰੇ, ਕਰੇ ਸੂਰਮਾ ਜੰਗ ।

ਚਾਹੜੇ ਕਟਕ ਦੁਰਾਨੀਆਂ, ਫਿਰੇ ਧਾੜ ਤੇ ਧਾੜ ।
ਅੰਮ੍ਰਿਤਸਰ ਗੜ੍ਹ ਗੁਰਾਂ ਦਾ, ਦੇਣ ਪਠਾਣ ਉਜਾੜ ।

ਹਰਮੰਦਰ ਨੂੰ ਗੇਰ ਕੇ, ਅੱਟਤਾ ਗੁਰ ਦਾ ਤਾਲ ।
ਖ਼ਬਰ ਪੁਚਾਤੀ ਲਾਲਿਆਂ, ਬਿਰਧ ਦੀਪ ਸਿੰਘ ਭਾਲ ।

ਡੂਢਾ ਛੰਦ-੧

ਜਾ ਕੇ ਦੀਪ ਸਿੰਘ ਨੂੰ ਸੁਣੇਂਦਾ ਏਲਚੀ, ਹੈ ਅੰਧੇਰ ਪੈ ਗਿਆ ।
ਨੱਠ ਚਲੇ ਬਾਜ਼ਾਂ ਵਾਲੇ ਦੇ ਗੁਲੇਲਚੀ, ਆ ਦੁਰਾਨੀ ਬਹਿ ਗਿਆ ।
ਸ਼ਹਿਰ ਤੇ ਜ਼ੁਲਮ ਦੇ ਕਨਾਤ ਤਾਣ ਤੇ, ਲਿਆ ਫੜੇਂਦਾ ਰੁੱਕੇ ਪਿਆ
।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ
।

ਜ਼ਾਲਮ ਜਹਾਨ ਖਾਂ ਉਲ੍ਹਮਾ ਖਟ ਲਿਆ, ਲਿਆ ਸ਼ਰੀਕਾਂ ਵੈਰੀ
ਪਾ ।
ਗੁਰੂ ਰਾਮਦਾਸ ਦਾ ਤਲਾਬ ਅੱਟ ਲਿਆ, ਮੰਦਰ ਸੁਨਹਿਰੀ ਢਾਹ
।
ਬੜੀ ਮਿੱਟੀ ਚੜ੍ਹੀ 'ਵੀ ਕੰਧਾਰੀ ਸਾਨ੍ਹ ਤੇ, ਮੋਢਿਆਂ ਤੋਂ ਥੁੱਕੇ ਪਿਆ
।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ
।

ਲਹਿ ਪਈਆਂ ਪਹਾੜ ਤੋਂ ਚੁੜੇਲਾਂ ਪਾਪਣਾਂ, ਕਿਤੋਂ ਰਕਤ ਪੀਣੀਆਂ

।
ਗਿਆ ਮਾਝਾ ਸ਼ੇਰਾਂ ਦਾ ਉਜਾੜਿਆ ਆਪਣਾ, ਪਈਆਂ ਡਰਨ ਸ਼ੀਂਹਣੀਆਂ ।
ਚੜ੍ਹੇ ਕੋਈ ਜੁਆਨ ਆਕੜੇ ਜਵਾਨ ਤੇ, ਫੱਟਾਂ ਤੇ ਲੂਣ ਭੁੱਕੇ ਪਿਆ
।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ
।

ਜਿੱਥੇ ਪੜ੍ਹੇਂ ਪੋਥੀਆਂ ਖੰਡਾਈ ਲਿੱਦ ਪਈ, ਕਿਤੇ ਗਰੰਥ ਗੋਥ 'ਤੇ ।
ਹਨਸਾਂ ਨੂੰ ਸਰਾਂ ਤੋਂ ਦਵੱਲੇ ਗਿੱਧ ਪਈ, ਝੜ੍ਹਾਤੀ ਲੋਥ ਲੋਥ 'ਤੇ ।
ਸਾਡੇ ਭਾਅ ਦੇ ਜਮ ਕਿਧਰੋਂ ਲਿਆਣ ਤੇ, ਸਰੀਰੋਂ ਚੰਮ ਸੁੱਕੇ ਪਿਆ
।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ
।

ਕਰਦੇ ਬੜਾ ਪਛਤਾਵਾ ਦਿਲ ਮਾਂ, ਹੈ ਸਫ਼ਰ ਕੈ ਕੋਹ ਪਏ ।
ਘੜੀ-ਘੜੀ ਮਗਰੋਂ ਮੁਧੇਂਦੇ ਚਿਲਮਾਂ, ਬੋਰਿਆਂ 'ਚ ਟੋਬੈਕੋ ਪਏ ।

ਖ਼ਾਨ ਦਾ ਦਿਮਾਗ ਚੜ੍ਹਿਆ 'ਵਿਆ ਸਮਾਨ ਤੇ, ਬੁੜ੍ਹਕੈਂਦਾ ਹੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ ।

ਮੜ੍ਹਿਆਂ ਨੂੰ ਤੋੜਦੇ ਹੱਟਾਂ ਤੇ ਟੁੱਟ ਪਏ, ਪਈਆਂ ਕੰਬਣ ਲਾਲੀਆਂ ।
ਬਾਣੀਆਂ ਡਰਾਕਲਾਂ ਤੇ ਰੋਜ਼ ਕੁੱਟ ਪਏ, ਉੱਤੋਂ ਕੱਢਣ ਗਾਲੀਆਂ ।
ਪੁੱਠੇ ਅਲਫ਼ਾਜ਼ ਚੜ੍ਹੇ 'ਵੇ ਜ਼ਬਾਨ ਤੇ, ਤੇ ਘਸੁੰਨ ਠੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ ।

'ਬਾਬੂ' ਛੈਣੀ ਚਾਹੀਏ ਲੋਹੇ ਦੇ ਕੱਟਣ ਨੂੰ, ਬਣੀ 'ਵੀ ਫੌਲਾਦ ਦੀ ।
ਹੋਣੀ ਨੂੰ ਬੁਲਾ ਲੋ ਲਹੂ ਦੇ ਚੱਟਣ ਨੂੰ, ਨੈਂ ਚਲਾ ਦਿਓ ਰਾਧ ਦੀ ।
ਟਿੱਡੀ ਦਲ ਲੱਥਾ ਮੰਦਿਰ-ਮਕਾਨ ਤੇ, ਨਾ ਮੁਕਾਇਆਂ ਮੁੱਕੇ ਪਿਆ ।

ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ ।

ਰਘਬੀਰ ਛੰਦ-੨

ਗੱਲ ਏਲਚੀ ਨੇ ਕੀਤੀ, ਅਬਦਾਲੀ ਦੀ ਪਲੀਤੀ,
ਰੋ ਪਿਆ ਅੱਖੀਂ ਦੇ ਘਸੁੰਨ, ਖੜ੍ਹ ਜਾਂਦਾ ਹੋ ਕੇ ਸੁੰਨ, ਜੀ ਪੱਥਰ ਦਾ ਜਿਉਂ ਥਮ੍ਹਲਾ ।
ਲਗੀ ਕਾਲਜੇ ਨੂੰ ਅੱਗ, ਜਾਵੇ ਮੂੰਹ ਦੇ ਵਿੱਚੋਂ ਝੱਗ,
ਨੈਣੋਂ ਝੜਨ ਚੰਗਿਆੜੇ, ਭਰਮੇ ਮੁਛਹਿਰੇ ਤਾੜੇ, ਤੇ ਗੁੱਸੇ 'ਚ ਹੋ ਗਿਆ ਕਮਲਾ ।
ਤਾਲ ਪੂਰੇ ਦਾ ਦਰੇਗ, ਕਦੇ ਧੂਲੇ ਮਿਆਨੋਂ ਤੇਗ਼,
ਜ਼ਹਿਰ ਘੋਲੇ ਸੱਪ ਜ਼ਹਿਰੀ, ਗੋਰਿਆ ਮੰਦਰ ਸੁਨਹਿਰੀ, ਜਿਉਂ ਫੁੱਲਾਂ ਦਾ ਸੋਹੇ ਗਮਲਾ ।
'ਬਾਬੂ' ਰੱਖਣੀ ਉਡੀਕ, ਤੁਸੀਂ ਦੋ ਕੁ ਵੀਕ ਤੀਕ,
ਛੇੜ ਦੇਵਾਂਗਾ ਫ਼ਸਾਦ, ਟੁਐਂਟੀ ਟੂ ਦਿਨਾਂ ਦੇ ਬਾਦ, ਜੀ ਕਰਾਂਗੇ ਆ ਕੇ ਹਮਲਾ ।

ਰਘਬੀਰ ਛੰਦ-੩

ਬਾਬਾ ਦੀਪ ਸਿੰਘ ਸੋਚੇ, ਦਿਲ ਲੜਨੇ ਨੂੰ ਲੋਚੇ,
ਜਪੇ ਨਾਮ ਲਾ ਸਮਾਧੀ, ਓਦੋਂ ਰੋਟੀ ਵੀ ਨਾ ਖਾਧੀ, ਸੀ ਬਿਰਧ ਲੈਂਦਾ ਤਰਲੇ ।
ਕੰਮ ਪੈ ਗਿਆ ਜ਼ਰੂਰੀ, ਉੱਠੀ ਕਾਲਜੇ 'ਚੋਂ ਲੂਹਰੀ,
ਸ੍ਰੀਗਾ ਤੜਕਾ ਪਹਿਰ, ਲਿੱਸਾ ਜਿਆ ਤਰੰਗ ਗਹਿਰ, 'ਤੇ ਜਿੰਦ ਧਰਲੇ ।
ਪਿੰਡਾ ਫ਼ਿਕਰਾਂ ਨੇ ਬਿੱਧਾ, ਹੋ ਗਿਆ ਮਾਲਵੇ ਨੂੰ ਸਿੱਧਾ,
ਜਿਹੜਾ ਜਾਵੇ ਸਿੰਘ ਮਿਲ, ਕਹੇ ਲਾਵਣੀ ਨਾ ਢਿਲ, ਜੀ ਅੱਖਾਂ 'ਚ ਜਲ ਭਰ ਲੇ ।
ਭੁੱਖ ਲੱਗੇ ਬੁਲ੍ਹ ਚੱਬੇ, ਪਾਣੀ ਛੱਪੜਾਂ ਦਾ ਲੱਭੇ,
ਮੌਤ ਤੋਂ ਬਨ੍ਹਾ ਲੇ ਗਾਨੇ, ਸੜਨੇ ਨੂੰ ਪਰਵਾਨੇ, ਛੀ ਹਜ਼ਾਰ 'ਕੱਠੇ ਕਰ ਲੇ ।

ਦੋਹਿਰਾ

ਨੇਕ ਪੁਰਸ਼ ਤਾਂ ਧਰਮ ਨੂੰ ਲੱਗਣ ਦੇਣ ਨਾ ਲੀਕ ।
ਉਨ ਕਾ ਨਾਂ ਜੱਗ ਵਿੱਚ ਰਹੇ, ਰਹਿੰਦੀ ਦੁਨੀਆਂ ਤੀਕ ।

ਪਹੁੰਚ ਮਾਲਵੇ ਬਿਰਧ ਨੇ, ਪਲਟਣ ਕਰੀ ਤਿਆਰ ।
ਗਿਣਤੀ ਸਿਕਸ ਹਜ਼ਾਰ ਦੀ, ਪੈਦਲ ਤੇ ਅਸਵਾਰ ।

ਦੋ ਭਾਗ ਛੰਦ-੪

ਜਾਵਣਾ ਮੁਕਾਬਲਾ ਕਰਨ ਖ਼ਾਨਾ ਦਾ,
ਜੱਥਾ ਤਿਆਰ ਹੋ ਗਿਆ ਛੀ ਹਜ਼ਾਰ ਜੁਆਨਾ ਦਾ ।

ਬਾਕੀ ਸਾਰੇ ਪੈਦਲ ਸਵਾਰ ਚਾਰ ਸੌ,
ਪੱਟੀਆਂ ਬੰਨ੍ਹਣ ਨੂੰ ਜਨਾਨੀ ਤਿਆਰ ਸੌ ।

ਵੇਖੋ ਕਿੱਡੇ ਦਸਮੇਂ ਗੁਰੂ ਦੇ ਦਰਦੀ,
ਪੈਸਿਆਂ ਦਾ ਤੋੜ, ਨਾ ਸਮਾਈ ਵਰਦੀ ।

ਟੁੱਟੇ ਪੈੜੇ ਤਾਰੂ ਕਾਠੀਆਂ ਦੇ ਫਿੱਸੇ 'ਜੂ,

ਕੰਡਿਆਲੇ ਚਬਦੇ ਅਰਾਕੀ ਲਿਸੇ 'ਜ੍ਹੇ ।

ਦਾਤੀ ਜੈਸੇ ਦੰਦ ਤਲਵਾਰਾਂ ਤੀਰਾਂ ਦੇ,
ਮੁੱਠਾਂ ਉਤੇ ਦਿੱਤੇ 'ਵੇ ਵਲਾਵੇਂ ਲੀਰਾਂ ਦੇ ।

ਚਾਹੜ ਲੈਂਦੇ ਚਿੱਲੇ ਵਿੰਗੀਆਂ ਕਮਾਣਾਂ ਦੇ,
ਕੋਲੇ ਭੱਥੇ ਭਰੇ 'ਵੇ ਜ਼ਹਿਰੀਲੀਆਂ ਬਾਣਾਂ ਦੇ ।

ਪਾਟੇ ਦਸਤਾਰੇ ਤੇ ਕਮੀਜ਼ਾਂ ਮੈਲੀਆਂ,
ਰਾਤੀਂ ਕੂਚ ਕਰਨ ਮਿੱਧਣ ਪੈਲੀਆਂ ।

ਦਾਣਿਆਂ ਦੀ ਲੱਪ ਮਿਲਦੀ ਹਰਿਕ ਨੂੰ,
ਬੰਨ੍ਹੇ 'ਵੇ ਸਬਰ ਦੇ ਪੱਥਰ ਹਿੱਕ ਨੂੰ ।

ਚਣੇ ਭਠੇਂ ਭੁੰਨ ਕੇ ਭਰਾਲੇ ਬੋਰਿਆਂ 'ਚੈ,
ਸ਼ੇਰ ਲੁਕ ਕਟਦੇ ਦੋਪਹਿਰਾ ਘੋਰਿਆਂ 'ਚੈ ।

ਕੇਸ ਵਾਹੁਣ ਕੰਘੇ ਸ਼ਾਰਟ ਸਕੇਲ ਤੋਂ,

ਅਸ਼ਨਾਨ ਕਰਦੇ ਬਗ਼ੈਰਾਂ ਤੇਲ ਤੋਂ ।

ਤਿੱਖੇ ਨੇਜੇ ਜਾਂਵਦੇ ਹੱਥਾਂ 'ਚ ਉਛਲੀ,
ਜਿਨ੍ਹਾਂ ਨੇ ਪਠਾਣਾਂ ਨੂੰ ਬਣੈਣਾ ਗੁੱਛਲੀ ।

ਲੰਘਗੀ ਤਾਰੀਖ਼ ਮੁਕਲਾਵਿਆਂ-ਵਿਆਹਾਂ ਦੀ,
ਪਰਵਾਹ ਨਾ ਰੱਤ ਜਰਲੈਂਦੀ ਬਾਹਾਂ ਦੀ ।

ਮਾਵਾਂ ਦੀਆਂ ਪੱਕੀਆਂ ਭੁਲਾਗੇ ਸਾਲ ਦੇ,
ਚਾਰੇ ਪਾਸਿਓਂ ਹੋਕਰੇ ਵੱਜਣ ਕਾਲ ਦੇ ।

ਜਦੋਂ ਟੈਮ ਮਿਲਦਾ ਪੜ੍ਹਨ ਗੁਟਕੇ,
ਹਰ ਸਿੱਖ ਨਾਮ ਦੇ ਨਸ਼ੇ 'ਚ ਲੁੱਟਕੇ ।

ਜੰਗ ਤੋਂ ਬਗੈਰਾਂ ਸੂਰਮਿਆਂ ਨੂੰ ਰੀਝ ਕੀ,
ਐਣ ਦਿਓ ਬਿਸ਼ੱਕ ਮੌਤ ਹੁੰਦੀ ਚੀਜ਼ ਕੀ ?

'ਰਜਬਲੀ ਖ਼ਾਨ' ਨਾ ਕਿਸੇ ਨੂੰ ਹੋਰ ਚਾਅ,

ਅੰਮ੍ਰਿਤਸਰ ਦਾ ਛੁਡਾ ਲਉ ਮੋਰਚਾ ।

ਦੋਹਿਰਾ

ਤੁਰੇ ਬਹਾਦਰ ਮਾਲਵਿਓਂ, ਵਕਤ ਗੁਜ਼ਰਦੇ ਜਾਣ ।

ਤਰਨ ਤਾਰਨ ਦੇ ਤਾਲ ਤੇ, ਆ ਕਰਦੇ ਅਸ਼ਨਾਨ ।

ਤਰਜ਼ ਦੋਤਾਰਾ-ਪ

(੧)

ਨ੍ਹਾ ਕੇ ਤਾਲ ਪਵਿੱਤਰ 'ਚੋਂ, ਸੂਰਮੇ ਬਦਨ ਪਵਿੱਤਰ ਕਰਗੇ ।

ਮਾਰੇ ਸੇਕ ਸਰੀਰਾਂ 'ਚੋਂ, ਚੜ੍ਹ ਗਏ ਜੋਸ਼ ਹਰਖ਼ ਨਾਲ ਭਰਗੇ ।

ਖਾਰੇ ਚੜ੍ਹ ਗਏ ਸ਼ਗਨਾਂ ਦੇ, ਹੱਥਾਂ ਵਿੱਚ ਬੰਨ੍ਹ ਲਿਆ ਮੌਤ ਦਾ ਗਾਨਾ ।

ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੨)

ਸ਼ੇਰਾਂ ਵਾਂਗ ਝਾਕਣੀ ਜੀ, ਗਰਦਨਾਂ ਲੰਮੀਆਂ ਜੁਆਨ ਅਲਬੇਲੇ ।
ਪਹੁੰਚ ਅਗਲੀ ਦੁਨੀਆਂ ਮੇਂ, ਵੇਖਣੇ ਸ਼ਹਿਰ ਸੁਰਗ ਦੇ ਮੇਲੇ ।
ਭਰੇ ਤਰਕਸ਼ ਤੀਰਾਂ ਦੇ, ਸਿਰੀ ਸਾਬ੍ਹ ਧੂਲੇ ਤੋੜਕੇ ਮਿਆਨਾਂ ।
ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੩)

ਲਹੂ ਮੂੰਹ ਨੂੰ ਲੱਗਿਆ ਨਾ, ਕਈ ਦਿਨ ਖਰਵਿਓ ਬਘਿਆੜੇ ਗੁਜ਼ਰੇ ।
ਰਹੇ ਖੇਲ ਭਲੱਥਿਆਂ ਨੂੰ, ਹੱਥਾਂ ਵਿੱਚ ਕਰਨ ਕਟਾਰਾਂ ਮੁਜਰੇ ।
ਹਿੱਕ ਥਾਪੜ-ਥਾਪੜਕੇ, ਬਾਹਰ ਕੱਢ ਰੱਖੀਆਂ ਤਲੀ ਤੇ ਜਾਨਾਂ ।
ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੪)

ਬਾਬੇ ਬਿਰਧ ਦੀਪ ਸਿੰਘ ਨੇ, ਮਾਲਵਿਉਂ ਗੱਭਰੂ ਲਿਆਂਦੇ ਚੁਣਕੇ

।

ਜਿਵੇਂ ਸਰਪ ਬੀਨ ਤੇ ਜੀ, ਮੇਲ੍ਹਦੇ ਸ਼ਬਦ ਚੌਂਕੀਆਂ ਸੁਣਕੇ ।

ਨਾ ਡਰਦਾ ਮਰਨੇ ਤੋਂ, ਸੂਰਮਾ ਦਾਦਾ ਬਹਾਦਰ ਨਾਨਾ ।

ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੫)

ਖੜ੍ਹੇ ਕਿਰਚਣ ਦੰਦੀਆਂ ਨੂੰ, ਆਕੜੇ ਗਾਟੇ ਫਰਕਦੇ ਬਾਜ਼ੂ ।

ਬਾਣ ਮੀਂਹ ਵਾਂਗੂੰ ਬਰਸਣਗੇ, ਢੱਕਣ ਅਸਥਾਨ ਅੰਧੇਰੀ ਆਜੂ ।

ਢਾਹਤਾ ਗੋਲਡਨ ਟੈਂਪਲ ਜੀ, ਬੜਾ ਕਰਿਆ ਕਹਿਰ ਦੁਰਾਨੀ ਖ਼ਾਨਾਂ ।

ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੬)

ਕੌਮਾਂ ਅਣਖ ਵਾਲੀਆਂ ਜੀ, ਕਦੇ ਨਾ ਡਰ ਕੇ ਮੌਤ ਤੋਂ ਲੁਕੀਆਂ ।

ਜਿੱਥੇ ਪੜ੍ਹਨ ਪੋਥੀਆਂ ਜੀ, ਕਾਬਲੀ ਉਤਰੇ ਬੁੜ੍ਹਕਦੀਆਂ ਹੁਕੀਆਂ

।

ਸ਼ਸ਼ਪਾਲ ਖੜੋਤਾ ਜੀ, ਸੀਸ ਨੂੰ ਕਟਦੇ ਚੱਕਰ ਮਾਰ ਕਾਹਨਾ ।

ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

(੭)

ਸਿੰਘ ਬਾਜਾਂ ਵਾਲੇ ਦੇ, ਸੀਸ ਪਰ ਕੇਸ ਮੁਛਹਿਰੇ ਭਰਮੇਂ ।

ਨਹੀਂ ਅਮਨ ਨਸੀਬਾਂ ਮੇਂ, 'ਬਾਬੂ' ਨਿੱਤ ਖੁਭੀਆਂ ਕੱਢਣ ਨੂੰ ਜਰਮੇ

।

ਧੁੰਮ ਪਾਦਿਓ ਦੁਨੀਆਂ ਮੈਂ, ਮੇਰੇ ਜਗਮੇਲ ਬਸੰਤ ਜਵਾਨਾਂ ।

ਸੋਂਹਦੇ ਕਫ਼ਨ ਸ਼ਹੀਦਾਂ ਦੇ, ਚਮਕੀਆਂ ਬਿਜਲੀ ਵਾਂਗ ਕਰਪਾਨਾਂ ।

ਦੋਹਿਰਾ

ਦੀਪ ਸਿੰਘ ਫ਼ਰਮਾਂਵਦਾ, ਫੇਰ ਦੁਖੀ ਦਿਲ ਵਿਰਨ ।

ਅੰਮ੍ਰਿਤਸਰ ਦੇ ਤਾਲ 'ਤੇ, ਕਟੇ ਸੀਸ ਧੜ ਗਿਰਨ ।

ਤਰਜ਼ ਅਮੋਲਕ-੬

(੧)

ਕਰਦਾ ਦੀਪ ਸਿੰਘ ਤਕਰੀਰਾਂ, ਭਾਰੀਆਂ ਖੁਸਦੀਆਂ ਜਾਣ ਜਗੀਰਾਂ ।
ਛੱਡਿਆ ਇੱਕ ਨਾ ਰਾਜਾ ਆਦੀ, ਆ ਕੇ ਖੋਹਣ ਪਠਾਣ ਆਜ਼ਾਦੀ ।
ਪਕੜ ਉਤਾਰਨ ਸ਼ਰਮਾਂ ਨੂੰ ।
ਸਮਝੀ ਫਿਰਨ ਜਲੇਬੀ ਹਿੰਦ ਦਿਆਂ ਹਿੰਦੂਆਂ ਨਰਮਾਂ ਨੂੰ ।

(੨)

ਮੇਰੇ ਭਾਂਬੜ ਬਲਦੇ ਅੰਦਰ, ਜ਼ਾਲਮ ਢੈਣ ਸੁਨਹਿਰੀ ਮੰਦਰ ।
ਸੁਣਿਐਂ ਅੱਟਤਾ ਤਾਲ ਪਵਿੱਤਰ, ਜਾਉ ਕੋਈ ਬਾਬੇ ਕਿਆਂ 'ਚੋਂ ਨਿਤਰ ।
ਚੜ੍ਹੋ ਪਠਾਣਾਂ ਘਮਿਆਂ ਤੇ ।
ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

(੩)

ਪਾਲੋ ਜੀਨ, ਸ਼ੰਗਾਰੋ ਅਸਤਰ, ਉੱਠ ਪੁਤ ਜਲਦੀ ਲਾ ਲੋ ਸ਼ਸਤਰ ।
ਓਹ ਕੰਮ ਕਰਲੋ ਜਿਸ ਕੰਮ ਆਏ, ਕਰਨ ਉਡੀਕਾਂ ਰੱਤ ਦੇ ਧਿਆਏ ।
ਹੋਵੇ ਗੁੜ-ਗੁੜ ਹੁੱਕਿਆਂ ਦੀ ।
ਰੁਲਨ ਗਰੰਥੀ ਵਰਕੇ, ਕਰਨ ਬੇਅਦਬੀ ਰੁੱਕਿਆਂ ਦੀ ।

(੪)

ਪਲ ਗੇ ਸ਼ੀਹਣੀ ਦੇ ਦੁੱਧ ਚੁੰਘਕੇ, ਡਿੱਗਣਾ ਦਸ-ਦਸ ਦੇ ਸਿਰ ਡੁੰਗ ਕੇ ।
ਤਿੰਨ-ਤਿੰਨ ਡੱਕਰੇ ਕਰ ਦਿਉ ਲੱਤ ਦੇ, ਡੂੰਘੇ ਰਿਵਰ ਚਲਾ ਦਿਉ ਰੱਤ ਦੇ ।
ਛੀੜਾਂ ਕਰ ਦਿਉ ਗਮਿਆਂ ਤੇ ।
ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

(੫)

ਪੀਣਾ ਜ਼ਹਿਰ ਅਗਨ ਵਿੱਚ ਖੜ੍ਹਨਾ, ਸੱਪ ਨੂੰ ਫੜਨਾ ਸ਼ੀਂਹ ਨਾਲ ਲੜਨਾ ।
ਮੁਸ਼ਕਲ ਬਹੁਤ ਚਲੈਣਾ ਚੱਕਰ, ਲੈਣੀ ਨਾਲ ਪਠਾਣਾਂ ਟੱਕਰ ।
ਛੀ ਕੰਮ ਐਖੇ ਬਾਹਲੇ ਐ; ਤੇ ਜਿੰਨ ਚਿੰਬੜਿਆ ਮੁਸ਼ਕਲ ਕੱਢਣਾ ।
ਲਿਖਣ ਗਰੰਥਾਂ ਵਾਲੇ ਐ ।

(੬)

ਅੰਬ ਨਾ ਲੱਗਣ ਅੱਕ ਦੀ ਟਾਹਣੀ, ਲੁਕੇ ਨਾ ਕਾਣ ਲਕੋਵੇ ਕਾਣੀ ।
ਆਕੇ ਅੰਮ੍ਰਿਤਸਰ ਵਿੱਚ ਵੇਹਰਨ, ਪਾਣੀ ਸਿਉਨੇ 'ਜ੍ਹੇ ਦਾ ਫੇਰਨ ।
ਝੂਠਿਆਂ ਜਿਊਰ ਮੁਲੱਮ੍ਹਿਆਂ ਤੇ ।
ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

(੭)

ਆ ਹਿੰਦ ਮੁਗਲ ਪਠਾਣਾਂ ਵੰਡਲੀ, ਤੇ ਲੱਜ ਛੱਜ ਵਿਚ ਪਾ ਕੇ ਛੰਡਲੀ ।
ਲੱਕ ਦੇ ਤੀਕ ਝੜਾ ਦਿਓ ਲੋਥਾਂ, ਰੱਤ ਵਿਚ ਬੱਗੜਾਂ ਜਿਹਾ ਨੂੰ ਗੋਥਾਂ ।
ਝਗੜੇ ਝਗੜ ਨਬੇੜ ਲੀਏ ।
ਚੋਗੇ ਤੇ ਸਲਵਾਰਾਂ, ਮੈਲੇ ਨਾਲ ਲਬੇੜ ਲੀਏ ।

(੮)

ਹੈ ਧਿਰਕਾਰ ਹਮਾਰਾ ਜੀਣਾ, ਸ਼ਹਿਰ ਛੁਡਾ ਕੇ ਪਾਣੀ ਪੀਣਾ ।
ਵਸਣੇ ਅੰਮ੍ਰਿਤਸਰ ਦੇ ਖੇੜੇ, ਦਸਮੇਂ ਗੁਰੂ ਗੋਬਿੰਦ ਸਿੰਘ ਜਿਹੜੇ ।
ਸਖ਼ਤ ਨਰਾਜ਼ ਨਕੰਮਿਆਂ ਤੇ ।
ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

(੯)

ਜੱਗ ਵਿਚ ਜੋਗੀ ਵਾਲੀ ਫੇਰੀ, ਜਿਹੜਾ ਮਿਲ ਜੇ ਕਰ ਦਿਉ ਢੇਰੀ ।

ਆਹ ਪੁੱਤ ਮੁੜਕੇ ਦਿਨ ਨਾ ਚੜ੍ਹਨਾ, ਸੋਹਣੇ ਅੰਮ੍ਰਿਤਸਰ ਵਿਚ ਵੜਨਾ ।

ਪਾ ਦਿਓ ਸ਼ੋਰ ਨਵਾਬਾਂ ਮੇਂ ।

ਅੱਜ ਦਾ ਮੈਚ ਬਹਾਦਰ, ਜਿਤਗੇ ਛਪ ਜੂ ਨਾਮ ਕਿਤਾਬਾਂ ਮੇਂ ।

(੧੦)

ਲਾ ਕੇ ਰਾਠ ਦੁੱਲੇ ਦੀਆਂ 'ਵਾਜਾਂ, ਪਾ ਦਿਓ ਸ਼ੇਰ ਬਹਾਦਰ ਭਾਜਾਂ ।

ਮਾਰੋ ਹਰਿਮੰਦਰ ਵਿਚ ਧਰਨਾ, ਬਾਣਾਂ ਤੇਗ਼ਾਂ ਦਾ ਮੀਂਹ ਵਰ੍ਹਨਾ ।

ਉਰੇ ਤਾਲਾਬੋਂ ਥੰਮ੍ਹਿਆਂ ਤੇ ।

ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

(੧੧)

ਜਗ 'ਚੋਂ ਹੰਸੋ ਚੋਗਾਂ ਮੁੱਕੀਆਂ, ਸਾੜੋ ਗੁਥਲੀਆਂ, ਭੰਨ ਦਿਓ ਹੁੱਕੀਆਂ ।

ਰੁਲਦੇ ਫਿਰਨ ਨੜੀ ਤੇ ਨੇਚੇ, ਵੇਚੀ ਜਾਨ, ਧਰਮ ਨਾ ਵੇਚੇ ।

ਵੀਰਨ ਅਣਖੀ ਕੌਮਾਂ ਦੇ ।

ਕਰ ਲਿਆ ਪਾਸ ਐਗਜ਼ਾਮੀਨੇਸ਼ਨ, ਆ ਕੇ ਗੁਰ ਡਿਪਲੋਮਾਂ ਦੇ ।

(੧੨)

ਚੱਕ ਦਿਓ ਡਾਰਕ ਕਰ ਦਿਓ ਚਾਨਣ, ਵੈਰੀ ਹੱਥ ਲੱਗਿਆਂ ਤੋਂ ਜਾਨਣ ।

ਜਿਨੇ ਸ਼ਾਇਰ ਸਣੇ ਪਰਚਾਰਕ, ਭੇਜੇ 'ਰਜਬਲੀ ਖ਼ਾਨ' ਮੁਬਾਰਕ ।

ਸਿੰਘ ਸਰਦਾਰਾਂ ਜੰਮਿਆਂ ਤੇ ।

ਦੁਸ਼ਮਣ ਰੋਕਣਗੇ ਨਾ ਰੁਕਣਾ, ਗਿਰਨਾ ਚੱਲ ਪਰਕੱਮਿਆਂ ਤੇ ।

ਦੋਹਿਰਾ

ਆਫ਼-ਐਨ ਆਵਰ ਦੁਆਨ ਮੇਂ, ਕੰਟੀਨੀਊ ਤਕਰੀਰ ।
ਘੇਰੋ ਫ਼ੌਜ ਕੰਧਾਰ ਦੀ, ਦਿਹੋ ਵਿਚਾਲਿਓਂ ਚੀਰ ।

ਬਹੱਤਰ ਕਲਾ-੭

(੧)

ਕਹੇ ਬਾਬਾ ਦੀਪ ਸਿੰਘ ਜੀ, ਗੁਰੂ ਦੀ ਸੈਨਾ, ਹੁਕਮ ਮੰਨ ਲੈਣਾ,
ਲੜਾਕੀ ਨਸਲੇ, ਪਰਖਣੇ ਅਸਲੇ,
ਅਣਖ ਦਿਓ ਭਰਿਓ, ਕਟਾਰਾਂ ਚੱਕ ਲੋ ।
ਫਿਰੇ ਡਾਰ ਹਰਨੀਆਂ ਦੀ,
ਬਾਘ ਵਿਚ ਖੀਰੇ, ਹਰਨ ਵਿਚ ਹੀਰੇ, ਬਘਿਆੜੇ ਹੱਕ ਲੋ ।
ਵਾਜੇ ਵਜਦੇ ਮੌਤ ਦੇ ਜੀ, ਕਾਹਦੀਆਂ ਦੇਰਾਂ, ਕਢਾ ਦਿਓ ਲੇਰਾਂ,
ਜੰਗਾਂ ਵਿਚ ਨਿਤਰਿਓ, ਮਾਂ ਦਿਓ ਚਿਤਰਿਓ,
ਮਾਸ ਦਿਓ ਭੁਖਿਓ, ਸੁਤੇ ਪੱਟ ਅੱਖ ਲਿਓ ।
ਆ ਗਿਆ ਵਕਤ ਸ਼ਹੀਦੀ ਦਾ,
ਕਈਆਂ ਨੂੰ ਵੱਢ ਕੇ, ਜਾਨ ਨੂੰ ਕੱਢ ਕੇ, ਤਲੀ ਤੇ ਰੱਖ ਲਿਓ ।

(੨)

ਕਰੋ ਠੀਕ ਪੋਜੀਸ਼ਨ ਨੂੰ, ਮੇਹਰਬਾਨ ਬਾਹਲਾ, ਚਿਟੇ ਬਾਜਾਂ ਵਾਲਾ,
ਲਹੂ ਦੇ ਧਿਆਓ, ਖੱਪਰ ਭਰ ਲਿਆਓ ।
ਮਾਰਦੀ ਵਾਜਾਂ, ਛਕੇ ਰੱਜ ਹੋਣੀ,
ਫੜ ਤੇਗ਼ ਘਕੇਂਦਾ ਸੀ ।
ਸ਼ੇਰ ਵਾਂਗੂੰ ਝਾਕੇ, ਵੇਖ ਲਿਓ ਜਾ ਕੇ, ਕਰੂੰ ਮੈਂ ਬੋਹਣੀ ।
ਖ਼ਾਨ ਤੋਤੇ-ਚਸ਼ਮੇ ਜੀ, ਦਿਲਾਂ ਦੇ ਖੋਟੇ, ਦੁੰਬਿਆਂ ਤੋਂ ਮੋਟੇ,
ਪਠੇਰੇ ਲੁਬ ਜੂ, ਛੁਰੀ ਚੰਮ ਖੁਭ ਜੇ,
ਮਰੋੜੋ ਧੌਣਾਂ ਮਾਸ ਨੂੰ ਚੱਖ ਲਿਓ ।
ਆ ਗਿਆ ਵਕਤ ਸ਼ਹੀਦੀ ਦਾ,
ਕਈਆਂ ਨੂੰ ਵੱਢ ਕੇ, ਜਾਨ ਨੂੰ ਕੱਢ ਕੇ, ਤਲੀ ਤੇ ਰੱਖ ਲਿਓ ।

(੩)

ਵੇਖਾਂ ਗਰਦਾਂ ਉਡਦੀਆਂ ਮੈਂ, ਅੱਗੋਂ ਭੱਜ ਪੈਜੋ, ਕਟਾਰੀਂ ਡਹਿ ਜੋ,

ਕਿੱਕਰ ਜਿਉਂ ਛਾਂਗੇ, ਬਣਾ ਦਿਓ ਲਾਂਗੇ,
ਵਖਾ ਦਿਓ ਡਿਗਦੇ, ਪਿਛਾਂਹ ਨੂੰ ਮੋੜੋ ।
ਦਰਯੋਧਨ ਟੱਕਰੇ ਜੇ, ਮੇਰਿਆ ਭੀਮਾ, ਗੁਰਜ ਮਾਰ ਨੀਮਾ,
ਪਟਾਂ ਨੂੰ ਤੋੜੋ, ਡੇਕ ਚਲ ਜੇ ਖ਼ੂਨ ਦੀ ਜੀ ।
ਭਾਵੇਂ ਪੁੱਤ ਥੋੜ੍ਹੇ, ਓਡਾ ਦਿਓ ਗੋਹੜੇ,
ਥਾਪੜੇ ਹਿੱਕ ਜੀ, ਜੁਆਨ ਇੱਕ ਇੱਕ ਜੀ ।
ਪਾ ਦਿਓ ਰੇਗਾਂ ਡੇਗ ਸਵਾ ਲੱਖ ਦਿਓ ।
ਆ ਗਿਆ ਵਕਤ ਸ਼ਹੀਦੀ ਦਾ,
ਕਈਆਂ ਨੂੰ ਵੱਢ ਕੇ, ਜਾਨ ਨੂੰ ਕੱਢ ਕੇ, ਤਲੀ ਤੇ ਰੱਖ ਲਿਓ ।

(੪)

ਆਈਆਂ ਉਤਰ ਪਹਾੜੋਂ ਜੀ, ਹਲਕੀਆਂ ਡੈਣਾਂ ਡਰਦੀਆਂ ਮੈਨਾਂ,
ਵਿਲਕਦੀਆਂ ਕੁੜੀਆਂ, ਖੰਡ ਦੀਆਂ ਪੁੜੀਆਂ,
ਤੁਸਾਂ ਦੇ ਹੁੰਦਿਆਂ, ਲੈਣ ਨਾ ਗਾਛੇ ।
ਰਹੀਆਂ ਤੜਫ ਬਰਛੀਆਂ ਜੀ,

ਮੇਰਿਓ ਸੂਰਿਓ, ਬਦਲ ਤੇ ਭੂਰਿਓ, ਜਾਣ ਨਾ ਰਾਛੇ ।
ਢਾਤਾ ਮੰਦਰ ਗੁਰਾਂ ਦਾ ਜੀ, ਤਾਲ ਨੂੰ ਅੱਟਤਾ, ਜਹਾਨੇਂ ਪਟਤਾ,
ਲਾਜ ਨਾ ਰਹਿੰਦੀ, ਖੀਰ ਤੇ ਬਹਿੰਦੀ,
ਉਡਾ ਪਰ੍ਹੇ ਮੱਖ ਲਿਓ ।
ਆ ਗਿਆ ਵਕਤ ਸ਼ਹੀਦੀ ਦਾ,
ਕਈਆਂ ਨੂੰ ਵੱਢ ਕੇ, ਜਾਨ ਨੂੰ ਕੱਢ ਕੇ, ਤਲੀ ਤੇ ਰੱਖ ਲਿਓ ।

(੫)

ਬਹੁਤਾ ਡਰਨ ਮਹਾਜਨ ਜੀ, ਖੁਅੈਣ ਮਠਿਆਈਆਂ, ਸ਼ਰਬਤਾਂ
ਪਿਆਈਆਂ ।
ਸੇਠ ਧਨ ਵਾਲੇ ਹੌਂਕਦੇ ਲਾਲੇ ਕੱਢਣ ਪਏ ਹਾੜੇ, ਡੇਗਦੇ ਲਾਲਾਂ ।
ਪਾਜੀ ਸ਼ਰਮ ਉਤਾਰਨ ਜੀ,
ਕਸਰ ਨਾ ਛਡਦੇ, ਸਗੋਂ ਅਗੋਂ ਕੱਢਦੇ, ਉਲਟੀਆਂ ਗਾਲ੍ਹਾਂ ।
ਬੈਰੀ ਮਿਲ ਗਿਆ ਤਰਸਦਿਆਂ ਨੂੰ,
ਸਹਨਸਰ ਬਾਹੂ, ਲਾਹ ਦਿਓ ਆਹੂ,

ਹਿੱਕਾਂ ਤੇ ਬੁਰਜੇ ਉਡਾ ਦਿਓ ਪੁਰਜੇ,
'ਬਾਬੂ' ਦੇ ਵਤਨੀ ਗੁਰਾਂ ਦੀ ਪੱਖ ਲਿਓ ।
ਆ ਗਿਆ ਵਕਤ ਸ਼ਹੀਦੀ ਦਾ,
ਕਈਆਂ ਨੂੰ ਵੱਢ ਕੇ, ਜਾਨ ਨੂੰ ਕੱਢ ਕੇ, ਤਲੀ ਤੇ ਰੱਖ ਲਿਓ ।

ਦੋਹਿਰਾ

ਲਗ ਗੀ ਖ਼ਬਰ ਦੁਰਾਨੀਆਂ, ਔਂਦੇ ਚੜ੍ਹੇ ਪਠਾਣ ।
ਜੋਰ ਲਗੌਂਦੇ ਆਪਣਾ, ਰੁਕਣਾ ਨਹੀਂ ਤੂ਼ਫਾਨ ।
ਵਧਦਾ ਗਿਆ ਦਿਆਲ ਸਿਓਂ, ਲੈ ਕੇ ਪੰਜ ਸੌ ਜੁਆਨ ।
ਹਾਥੀ ਉਪਰੋਂ ਗੇਰ ਲਿਆ, ਲੜਦਾ ਖ਼ਾਨ ਜਹਾਨ ।

ਦੋ ਟੇਕਾ ਭਵਾਨੀ ਛੰਦ-੮

ਸੁਣੋ ਬੈਠ ਕੇ ਮਹੈਣਾਂ, ਚੜ੍ਹੀ ਕਾਬਲ ਦੀ ਸੈਣਾ,
ਤੁਰੇ ਆਉਂਦੇ ਬੰਨ੍ਹੀਂ ਲੈਣਾ, ਉਪਰ ਤੁਰੰਗਾਂ ਦੇ ।
ਸਾਥ ਤੋਪ ਤੋਪਚੀ ਸਮਾਨ ਜੰਗਾਂ ਦੇ ।
ਨਾਮ ਸੀ ਜਹਾਨ ਖ਼ਾਨ, ਕਰੇ ਫ਼ੌਜ ਦੀ ਕਮਾਨ,

ਵੱਜੇ ਸੂਰਜ ਸਮਾਨ, ਚਮਕਾਰਾ ਤਾਜ ਦਾ ।
ਕਾਬਲੀ ਨਵਾਬ ਹਾਥੀ ਤੇ ਬਰਾਜਦਾ ।

ਸਾਹਨ ਵਾਂਗੂੰ ਰਿੰਗ ਰਿੰਗ, ਚੜ੍ਹੇ ਨ੍ਹੇਰੀ ਵਾਂਗੂੰ ਸਿੰਘ,
ਮੁੜ ਲਾ ਦਿਆਂਗੇ ਹਿੰਗ, ਵੇਚਣ ਗੜ੍ਹੂਸਾਂ ਨੂੰ ।
ਪਾੜ ਪਿੰਡੇ ਬੱਗੜ ਉਡਾ ਦਿਓ ਤੂਸਾਂ ਨੂੰ ।
ਗੁਰੂ ਦਸਮੇਂ ਦਾ ਸ਼ੇਰ, ਲੈ ਕੇ ਪੰਜ ਸੌ ਦਲੇਰ,
ਲੰਘ ਜਾਂਦੇ ਪਾ ਕੇ ਫੇਰ, ਨਾ ਜ਼ਿਆਦਾ ਵਲ ਪਿਆ ।
ਦਿਆਲ ਸਿੰਘ ਡੇਗਦਾ ਦਲਾਂ ਦੇ ਦਲ ਪਿਆ ।

ਆਟੇ ਵਿਚ ਲੂਣ ਦਿਸੇ, ਖ਼ਾਨ ਭਾਰੇ ਸਿੰਘ ਲਿੱਸੇ,
ਤੇਗ਼ੋਂ ਤਰਬੂਜ਼ ਫਿੱਸੇ, ਜੀ ਜ਼ਬਰਦਸਤੋ ।
ਘੇਰਾ ਪਾ ਕੇ ਮਾਰਦੇ ਪਠਾਣ ਪਸ਼ਤੋ ।
ਹਨੂੰਮਾਨ ਜੈਸਾ ਕੱਛਾ, ਮਾਰੇ ਵਹਿੜਕੇ ਨੂੰ ਵੱਛਾ,
ਪੰਜ ਗੁਣੇ ਦੂਜਾ ਨਸ਼ਾ, ਸੀ ਚੜ੍ਹਿਆ ਵਿਆ ਰਾਜ ਦਾ ।
ਕਾਬਲੀ ਨਵਾਬ ਹਾਥੀ ਤੇ ਬਰਾਜਦਾ ।

ਵੱਜੇ ਤੰਤੜੇ ਤੇ ਹਥੌੜੇ, ਸੀ ਬਣਾਤੇ ਖ਼ਾਨ ਚੌੜੇ,
ਪੁੱਤ ਕੌੜੀ ਮਾਂ ਦੇ ਕੌੜੇ, ਕੌੜੇ ਦੁੱਧ ਚੁੰਘ ਕੇ ।
ਢੇਰ ਲਾਤੇ ਜੁਆਨਾਂ ਨੇ, ਦੁੰਬਾਂ ਨੂੰ ਡੁੰਗ ਕੇ ।
ਖ਼ਾਲੀ ਕੀਤਾ ਸਾਰਾ ਭੱਥਾ, ਗੜਾ ਹਾਥੀ ਕੋਲੇ ਲੱਥਾ ।
ਪਿਛੋਂ ਆਕੇ ਨਵਾਂ ਜੱਥਾ, ਸੀ ਸਿੰਘਾਂ ਦਾ ਰਲ ਪਿਆ ।
ਦਿਆਲ ਸਿੰਘ ਡੇਗਦਾ ਦਲਾਂ ਦੇ ਦਲ ਪਿਆ ।

ਜੁਆਨ ਮਾਲਵੇ ਦੇ ਕੱਬੇ, ਰਾਸ਼ੇ ਭਾਲ ਦਿਆਂ ਨੂੰ ਲੱਭੇ,
ਮਾਰੇ ਪੰਦਰਾਂ ਨੇ ਨੱਬੇ, ਵੀਹ ਸੌ ਅੱਠ ਵੀਹਾਂ ਨੇ ।
ਰਿੱਛ ਕੋਹ ਹਿਮਾਲੀਆ ਦੇ, ਮਾਰੇ ਸ਼ੀਹਾਂ ਨੇ ।
ਅੰਮ੍ਰਿਤ ਛਕੇ ਵਾਲੇ, ਮਾੜੇ ਇਹਨਾਂ ਨੇ ਤਕਾਲੇ,
ਚੌੜੀ ਸੁੰਡ ਦੇ ਵਿਚਾਲੇ, ਪੰਜਾ ਵਜਿਆ ਬਾਜ਼ ਦਾ ।
ਕਾਬਲੀ ਨਵਾਬ ਹਾਥੀ ਤੇ ਬਰਾਜਦਾ ।

ਹੈ ਤਾਰੀਖ਼ ਵਾਲੇ ਆਹਦੇ, ਮਾਰੇ ਨੈ ਹਜ਼ਾਰੋਂ ਜ਼ਿਆਦੇ,

ਫੇਰ ਕਰਲੇ ਇਰਾਦੇ, ਮਾਰਾਂ ਹਾਥੀ ਵਾਲੇ ਨੂੰ ।
ਗੇੜ੍ਹਾ ਦੇਵੇ ਤੋਲ-ਤੋਲ ਕੇ ਗੰਧਾਲੇ ਨੂੰ ।
ਨਾਲ-ਨਾਲ ਦਿਆਂ ਦਾ ਪੱਖ, ਹੌਲੀ ਜੀ ਬਚਾ ਕੇ ਅੱਖ,
ਦੇਂਦਾ ਉਤੇ ਪੈਰ ਰੱਖ, ਕੇ ਟਲੇ ਨਾ ਗਲ ਪਿਆ ।
ਦਿਆਲ ਸਿੰਘ ਡੇਗਦਾ ਦਲਾਂ ਦੇ ਦਲ ਪਿਆ ।

ਖਾਧੇ ਸੂਰਮੇ ਨੇ ਗੇੜੇ, ਕਰੇ ਘੜੀ 'ਚ ਨਬੇੜੇ,
ਖੰਡਾ ਮਾਰਿਆ ਹੋ ਕੇ ਨੇੜੇ, ਸੀ ਮਹੰਤ ਚੀਰਤਾ ।
ਸਿੰਘ ਸਰਦਾਰ ਨੇ ਵਖਾਤੀ ਬੀਰਤਾ ।
ਕੀਤਾ ਖ਼ਾਨ ਉਤੇ ਵਰ੍ਹ, ਹੌਦਾ ਲਹੂ ਨਾਲ ਭਰ,
ਰੰਗ ਲਾਲ ਸੂਹਾ ਕਰ 'ਤਾ, ਸੁਨਹਿਰੀ ਸਾਜ਼ ਦਾ ।
ਕਾਬਲੀ ਨਵਾਬ ਹਾਥੀ ਤੇ ਬਰਾਜਦਾ ।

ਸੀਸ ਲਾਹਿਆ ਉਤਾਂਹ ਚੜ੍ਹ, ਗਿਰੀ ਹੌਦੇ ਵਿਚ ਧੜ,
ਹਾਥੀ ਫ਼ੌਜ ਵਿਚ ਵੜ ਗਿਆ, ਚੁਕਾਈਆਂ ਚੁੰਘੀਆਂ ।
ਉਡ ਦੀਆਂ ਫਿਰਨ ਪਸ਼ੌਰੀ ਲੁੰਗੀਆਂ ।

ਮਾਰਤਾ ਜਹਾਨ ਖ਼ਾਨ, ਕਰੀ ਹਾਲਤ ਵਰਾਨ,

'ਬਾਬੂ, ਮਿਲ ਗਿਆ ਪਠਾਣ, ਨੂੰ ਕਰੀ ਦਾ ਫਲ ਪਿਆ ।

ਦਿਆਲ ਸਿੰਘ ਡੇਗਦਾ ਦਲਾਂ ਦੇ ਦਲ ਪਿਆ ।

ਦੋਹਿਰਾ

ਕਰਦੇ ਮਦਦ ਨਵਾਬ ਦੀ, ਚੜ੍ਹੇ ਬਹਾਦਰ ਹੋਰ ।

ਰੁਸਤਮ ਖ਼ਾਨ ਜਮਾਲ ਸ਼ਾਹ, ਜ਼ਬਰਦਸਤ ਸ਼ਾਹ ਜ਼ੋਰ ।

ਡੂਢਾ ਛੰਦ-੯

ਮੋਰਚਾ ਛੁਡੌਣਾ ਮੰਦਿਰ ਸੁਨਹਿਰੀ ਦਾ, ਮਾਰਲੀ ਸਰਹੰਦ ਜਿਉਂ ।

ਦਲ ਅਗਾਂਹ ਰੋਕ ਕੇ ਖੜੇ ਗਿਆ ਵੈਰੀ ਦਾ, ਪੱਥਰਾਂ ਦੀ ਕੰਧ ਜਿਉਂ ।

ਰਚ ਕੇ ਚੱਕਰਵਿਊ ਕਰਨ ਗਸ਼ਤ ਖ਼ਾਂ, ਖੇਲਦੇ ਭਲੱਥੇ ਨੂੰ ।

ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ ।

ਆ ਕੇ ਨਾਹਰੇ ਮਾਰਦੇ ਦੁਰਾਨੀ ਕਾਬਲੋਂ, ਜੀ ਲੜਾਕਾ ਅਨਸਾਂ ਦੇ

।

ਪਾਂਡੋ ਵਾਂਗੂੰ ਤੀਰ ਵਗਨ ਮੁਕਾਬਲੇਂ, ਚਿੱਲੇ ਝੜਾਲੇ ਧਨਸਾਂ ਦੇ ।
ਬਾਣਾਂ ਦਾ ਵਸਾਤਾ ਮੀਂਹ ਹੁੰਦੇ ਨਾ ਪਸਤ ਖ਼ਾਂ, ਲਿਆ ਭਰੇ-ਵੇ ਭੱਥੇ ਨੂੰ ।
ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ ।

ਭਜ ਪਹੁੰਚਿਆ ਜਾਣਾ ਨਾ ਅਟਕ ਤਕ ਵੀ, ਕਿਵੇਂ ਵੜਨ ਗ਼ਜ਼ਨੀ ।
ਮਾਰਿਆ ਮੀਰ ਹਮਜ਼ ਲਧੈਰ ਚੱਕ ਵੀ, ਫੜੇ ਗੁਰਜ ਵਜ਼ਨੀ ।
ਪਲੇ ਹੋਏ ਖਾ ਕੇ ਤੇ ਲਹੌਰ ਰਸਤ ਖ਼ਾਂ, ਜੋੜ ਲੈਂਦੇ ਮੱਥੇ ਨੂੰ ।
ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ ।

ਅਲੀ ਵਾਂਗੂੰ ਉੱਤਰੇ ਵਚਾਲੇ ਰਣਦੇ, ਜਿਉਂ ਘਟਾ ਪੁਰੇ ਤੋਂ ਚੜ੍ਹੀ ।
ਸ਼ੇਰ ਤੜ੍ਹਾਂ ਮਾਰਦੇ ਖੜ੍ਹੋਤੇ ਰਣ ਮੇਂ, ਨਜ਼ਮ ਜੰਗ ਦੀ ਪੜ੍ਹੀ ।

ਤੇਗ਼ਾਂ ਵਹੌਂਦੇ ਪੱਚਰੇ ਉਡੌਂਦੇ ਮਸਤ ਖ਼ਾਂ, ਲੈ ਸੁਨਹਿਰੀ ਹੱਥੇ ਨੂੰ ।
ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ
।

ਅਭੀ ਫ਼ੌਜਾਂ ਆ ਗੀਆਂ ਕੰਧਾਰੋਂ ਗਿੱਬੀਆਂ, ਰੱਤੇ ਮੂੰਹ ਨੱਕ ਥੋਬੇ 'ਜ੍ਹੇ
।
ਲੋਥਾਂ ਦੀਆਂ ਦਿੱਤੀਆਂ ਉਸਾਰ ਟਿੱਬੀਆਂ, ਬਣੇ ਲਹੂ ਦੇ ਟੋਭੇ 'ਜ੍ਹੇ ।
ਲਗ ਗੇ ਵੱਢਣ ਖਾਂਦੇ ਨਾ ਸ਼ਕਸਤ ਖ਼ਾਂ, ਜਿਉਂ ਸੀਜ਼ਰ ਸਨੱਥੇ ਨੂੰ ।
ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ
।

ਦੀਪ ਸਿੰਘ ਮਾਲਕ ਕਿਸੇ ਨੂੰ ਜੇਤ ਦੇ, ਥਾਪੜਲੀ ਹਿੱਕ ਮੈਂ ।
ਆਖਦਾ ਜਮਾਲ ਵਿੱਚ ਆਜਾ ਖੇਤ ਦੇ, ਇੱਕ ਤੂੰ ਤੇ ਇੱਕ ਮੈਂ ।
ਦੇਣਾ ਨਾ ਵੜਨ ਇੰਦਰ ਪ੍ਰਸਤ ਖ਼ਾਂ, ਜੀ ਤੂਫ਼ਾਨ ਲੱਥੇ ਨੂੰ ।
ਰੁਸਤਮ ਜਮਾਲ ਸ਼ਾਹ ਜ਼ਬਰਦਸਤ ਖ਼ਾਂ, ਆ ਵੰਗਾਰਿਆ ਜੱਥੇ ਨੂੰ
।

ਦੋਹਿਰਾ

ਬੜਾ ਦਲੇਰ ਜਮਾਲ ਸ਼ਾਹ, ਅੰਦਾ ਨਹੀਂ ਸ਼ੁਮਾਰ ।
ਦੀਪ ਸਿੰਘ ਸਰਦਾਰ ਨੂੰ, ਰਣ ਵਿੱਚ ਰਿਹਾ ਵੰਗਾਰ ।

ਤਰਜ ਗੱਡੀ-੧੦

ਦੀਪ ਸਿੰਘ, ਸ਼ਾਹ ਜਮਾਲ ਲੜਾਕੇ, ਉੱਤਰੇ ਵਿਚਾਲੇ ਰਣ ਦੇ ।
ਸ਼ਾਹ ਜਮਾਲ ਦੀ ਜਵਾਨੀ ਭਰਮੀ, ਦੀਪ ਸਿਉਂ ਪਚਾਸੀ ਸਾਲ ਦਾ ।
ਆਕੇ ਖੜ੍ਹੀਆਂ ਪਲਟਣਾਂ ਲੈਣੇ, ਵੇਖਦੇ ਤਮਾਸ਼ੇ ਯੁੱਧ ਦੇ ।
ਇੱਕ ਤਰਫ਼ ਸਿੰਘਾਂ ਦੀਆਂ ਪੁਰੀਆਂ, ਦੂਜੇ ਦਾ ਪਠਾਣ ਕਾਬਲੀ ।
ਸਿੰਘ ਸੂਰਮਾ ਬੜਾ ਫੁਰਤੀਲਾ, ਫਿਰਦਾ ਵਖੌਂਦਾ ਪੈਂਤਰੇ ।
ਜ਼ਹਿਰ ਘੋਲਦਾ ਦੋਧਾਰਾ ਬਰਛਾ, ਲੜ ਜੂ ਉਡਾਰੀ ਮਾਰ ਕੇ ।
ਗੇੜੇ ਕੱਢਦਾ ਦੁਰਾਨੀ ਭਾਰਾ, ਨਾਗ ਦੇ ਸਮਾਨ ਛੂਕਰੇ ।
ਹੀਰੇ ਜੜੇ 'ਵੇ ਸੁਨਹਿਰੀ ਮੁਠਤੇ, ਬਿਜਲੀ ਸਮਾਨ ਲਸ਼ਕੇ ।
ਸਰਦਾਰ ਜੀ ਖੰਡੇ ਨੂੰ ਤੋਲੇ, ਮੁੱਖ 'ਚੋਂ ਜੈਕਾਰੇ ਬੋਲਕੇ ।

ਅੱਖਾਂ ਕੋੜੀਆਂ ਮੁਛਹਿਰੇ ਫਰਕੇ, ਧੌਣਾਂ ਦੀ ਖੜੋਗੀ ਝੰਡ ਜੀ ।
ਚੱਕ ਫਿਰਦਾ ਫਿਰਦਾ ਹੱਥਾਂ ਤੇ ਵੱਢਦਾ, ਗੱਭਰੂ ਮੁਕਾਬਲੇ ਦਾ ।
ਗੋਰੇ ਹੱਥ 'ਚ ਭਵਾਨੀ ਫਬਦੀ, ਚਕਦਾ ਪਠਾਣ ਚੁੰਗੀਆਂ ।
ਦੀਪ ਸਿੰਘ ਨੇ ਬਣਾਤੇ ਟੋਟੇ, ਬਰਛਾ ਖਬੋਦੇ ਖੱਪਦੇ ।
ਖੰਡਾ ਧੂਹ ਲਿਆ ਲਹੂ ਦਾ ਲਿਬੜਿਆ, ਹਿੱਕ 'ਚ ਬਣਾਈਆਂ ਮੋਰੀਆਂ ।
ਖ਼ਾਨ ਮਾਸ ਦੇ ਬਣਾਤੇ ਗਤਲੇ, ਤਿਰਛੀ ਕਟਾਰੀ ਮਾਰਕੇ ।
ਜਾਣੀ ਫੁੱਟ ਪੇ ਜਿਸਮ 'ਚੋਂ ਸੋਮੇ, ਵਗਦੇ ਘਰਾਲ ਰੱਤ ਦੇ ।
ਜੁਆਨ ਘੁਕਦੇ ਬਰੋਲਿਆਂ ਵਾਂਗੂੰ, ਰੱਬ ਨੇ ਕਰਾਤੇ ਟਾਕਰੇ ।
ਦੀਪ ਸਿੰਘ ਦੇ ਚੁਸਤ ਹੱਥ ਚਲਦੇ, ਰੋਕ ਕੇ ਚਲੇਂਦਾ ਬਰਛਾ ।
ਭੁਜਾਂ ਥੱਕੀਆਂ ਥਿਬਕਦਾ ਫਿਰਦਾ, ਗੱਭਰੂ ਕੰਧਾਰ ਵਲ ਦਾ ।
ਦੋਵੇਂ ਡਿੱਗੀਆਂ ਜ਼ਿਮੀਂ ਤੇ ਕਿਰਚਾਂ, ਧੌਣਾਂ ਦੇ ਵਚਾਲੇ ਵੱਜਕੇ ।
ਸਲਵਾਰ 'ਚੋਂ ਨੁਚੜਦਾ ਮੈਲਾ, ਲਿਬੜਿਆ ਕਛਹਿਰਾ ਸਿੰਘ ਦਾ ।
ਵਾਰ ਚੱਲਗੇ ਦੋਹਾਂ ਦੇ ਸਾਂਝੇ, ਧੜਾਂ ਤੋਂ ਉਤਾਰੇ ਸੀਸ ਗਏ ।

ਵਜੇ ਦਮ ਦੇ-ਦਮਦੇ, 'ਬਾਬੂ ਜੀ' ਦਲੇਰ ਸੂਰਮੇ, ਨਾ ਨਿਤ ਜਮਦੇ ।

ਦੋਹਿਰਾ

ਕਹਿਣ ਬਿਰਧ ਦੇ ਨਾਲ ਦੇ, ਗਿਆ ਜ਼ਬਾਨੋਂ ਹਾਰ ।
ਗੂਹੜੀ ਨੀਂਦਰ ਸੌਂ ਗਿਆ, ਕਰਕੇ ਕੌਲ-ਕਰਾਰ ।

ਤਰਜ ਦੋਤਾਰਾ-੧੧

ਸਿੰਘ ਤਾਹਨੇ ਮਾਰਦੇ ਸੀ, ਰਹਿ ਗਿਆ ਰਾਹੇ ਸੂਰਮਾ ਬਾਬਾ ।
ਮੁਰਝਾ ਗਿਆ ਖਿੜ੍ਹਕੇ ਤੇ, ਮਾਰਕੇ ਮਹਿਕ ਫੁੱਲਾਂ ਦਾ ਛਾਬਾ ।
ਇੱਕ ਮਾਰ ਹਬਕਲੀ ਤੂੰ, ਅਜੇ ਨਾ ਖੋਹਲ ਸੈਣ ਨੂੰ ਤਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਸਾਨੂੰ ਕਰੇਂ ਤਾਕੀਦਾਂ ਤੂੰ, ਉਰੇ ਨਾ ਗਿਰਨਾ ਤਾਲ ਪਰ ਸੈਣਾ ।
ਕਰ ਕੌਲ ਜ਼ਬਾਨੋਂ ਤੂੰ, ਲੇਟ ਗਿਆ ਰਾਹੇ ਕਟਾਕੇ ਧੈਣਾਂ ।

ਗਿਆ ਡੋਬ ਵਚਾਲੇ ਤੂੰ, ਹੌਂਸਲੇ ਢਹਿਗੇ ਛਾਤੀਆਂ ਛਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਤੇਰੀ ਮੰਜ਼ਲ ਦੁਰੇਡੀ ਐ, ਅਜੇ ਇੱਕ ਕੋਹ ਦਾ ਫ਼ਾਸਲਾ ਰਹਿੰਦਾ ।
ਬਾਬਾ ਪਹੁੰਚ ਟਕਾਣੇ ਤੇ, ਬੋਲ ਕਰ ਪੂਰਾ ਬਿਨਾ ਸ਼ੱਕ ਢਹਿੰਦਾ ।
ਉੱਠ ਮਾਰ ਥਬੂਕਾ ਤੂੰ, ਸੁੱਤੇ ਨੂੰ ਦੇਰਾਂ ਹੋਗੀਆਂ ਘਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਖੜਾ ਹੋ ਜਾ ਮਲਕ ਦੇ ਤੂੰ, ਜ਼ਰਾ ਭਾਰ ਦੇ ਕੇ ਸਹਾਰੇ ਲੱਤ ਕੇ ।
ਬਾਬਾ ਬਦਲ ਪੈਂਤੜਾ ਤੂੰ, ਅਗਾਂਹ ਨੂੰ ਵਧਜਾ ਖੇਲ੍ਹਦਾ ਗੱਤਕੇ ।
ਲਾਦੇ ਢੇਰ ਪਠਾਣਾਂ ਦੇ, ਜਿਸਮ 'ਚੋਂ ਗਿਰਨ ਲਹੂ ਦੀਆਂ ਕਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਕੁਝ ਨਜ਼ਰ ਆਂਵਦਾ ਨਾ, ਸਾਹਮਣਿਓਂ ਚੜ੍ਹਗੀ ਜ਼ੁਲਮ ਦੀ ਨ੍ਹੇਰੀ ।
ਹਰਿਮੰਦਰ ਛੁਡੌਣਾ ਸੀ, ਪਿਤਾ ਜੀ ਬੜੀ ਜ਼ਰੂਰਤ ਤੇਰੀ ।
ਸਾਰਾ ਬਣਿਆ ਸਿਊਨੇ ਦਾ, ਛੱਤਾਂ ਹੇਠ ਲਟਕੇ ਲਾਲ ਤੇ ਮਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਮਾਰ-ਮਾਰ ਪਠਾਣਾਂ ਨੂੰ, ਪਹੁੰਚ ਜਾ ਅੰਮ੍ਰਿਤਸਰ ਵਿਚ ਕੁੱਦ ਦਾ ।
ਜਗਮੇਲ, ਬਸੰਤ ਸਿਆਂ, ਜਾਂਵਦਾ ਟੈਮ ਗੁਜ਼ਰਦਾ ਜੁੱਧ ਦਾ ।
ਬੜਾ ਜੋਸ਼ ਝੜਾਵਣ ਜੀ, ਸ਼ੈਰੀਆਂ ਓਵਰ ਸੀਅਰ ਦੀਆਂ ਬਣੀਆਂ ।
ਲਾਦੇ ਪੱਤਣ ਡੁਬਦਿਆਂ ਨੂੰ, ਗੁਰੂ ਦਿਆ ਸ਼ੇਰਾ ਤੇਗ਼ ਦਿਆ ਧਨੀਆਂ ।

ਦੋਹਿਰਾ

ਖੜ੍ਹਾ ਹੋ ਗਿਆ ਸੂਰਮਾ, ਨਾ ਝੁਲ ਸਕਦਾ ਤਾਨ ।
ਸੀਸ ਕੱਟੇ ਜੰਗ ਕਰ ਰਿਹਾ, ਦੀਪ ਸਿੰਘ ਬਲਵਾਨ ।

ਔੜਾ-੧੨

(੧)

ਸਾਥ ਦਿਆਂ ਬੋਲੀ ਮਾਰੀ, ਖੁੱਬਗੀ ਜਿਉਂ ਤੇਜ ਕਟਾਰੀ ।
ਜੋਸ਼ ਨਾਲ ਭਰ ਗਿਆ ਜੁੱਸਾ, ਬਿਰਧ ਨੂੰ ਆ ਗਿਆ ਗੁੱਸਾ ।
ਦੋਵੇਂ ਬਾਜ਼ੂ ਫ਼ਰਕ ਰਹੇ ਜੀ ਉਹਨੇ,
ਗੋਡਣੇ ਜ਼ਮੀਨ ਉਤੇ ਧਰਕੇ, ਹਰਖ ਨਾਲ ।
ਉਠਿਆ ਬਾਹਾਂ ਦਾ ਜ਼ੋਰ ਕਰਕੇ ਹਰਖ ਨਾਲ ।
ਦੀਪ ਸਿੰਘ ਬਾਬਾ ਧਰਮੀ, ਪਿੰਡੇ ਨੂੰ ਆਗੀ ਗਰਮੀ ।
ਲੱਗਿਆ ਸੀ ਲੈਣ ਸਮਾਧੀ, ਇੱਕ ਵਾਰੀ ਜੁੰਬਸ਼ ਖਾਧੀ ।
ਸੀਸ ਕੱਟਿਆ ਹੱਥ ਤੇ ਧਰੇ ਜੀ ਬਾਬਾ,
ਮਲਕ-ਮਲਕ ਉੱਠ ਖੜਦਾ, ਮੰਦਰ ਤੱਕ ।
ਸੀਸ ਕੱਟਿਆ ਗਿਆ ਧੜ ਲੜਦਾ, ਮੰਦਰ ਤੱਕ ।

(੨)

ਖਾਕੇ ਤਿੰਨ ਵਾਰੀ ਡੋਲੇ, ਹੱਥ ਦੇ ਵਿਚ ਖੰਡਾ ਤੋਲੇ,
ਬਾਹਾਂ ਨੂੰ ਦੇਕੇ ਝੱਟਕੇ, ਪੈਰਾਂ ਨਾਲ ਧਰਤੀ ਪੱਟਕੇ ।
ਅੱਗੋਂ ਸੀ ਸ਼ਕਾਰ ਨਿਕਲਿਆ ਤੇ ਵੇਖ,
ਰੋਹ ਜੇ ਚੜ੍ਹਗੇ, ਬਘਿਆੜ ਵਾਂਗੂੰ ।
ਉਹਦੇ ਰੋਮ ਜੇ ਗਿੱਚੀ ਦੇ ਸਾਰੇ ਖੜਗੇ, ਬਘਿਆੜ ਵਾਂਗੂੰ ।
ਸੰਭਲ ਕੇ ਵਧਦਾ ਅਗਾਹਾਂ, ਲੋਹੇ ਦੀਆਂ ਬਣੀਆਂ ਬਾਹਾਂ,
ਲੱਗਗੇ ਅੰਗ ਫਰਕਣ ਸਾਰੇ, ਸੱਪ ਦੇ ਵਾਂਗ ਮਾਰ ਫੁੰਕਾਰੇ ।
ਰਣਾਂ ਵਿਚ ਘੁਕਦਾ ਫਿਰੇ ਜੀ,
ਸਿਰੀ ਸਾਹਿਬ ਜਚਾਕੇ ਹੱਥ ਫੜਦਾ, ਮੰਦਰ ਤੱਕ ।
ਸੀਸ ਕੱਟਿਆ ਗਿਆ ਧੜ ਲੜਦਾ, ਮੰਦਰ ਤੱਕ ।

(੩)

ਕਾਬਲੀ ਪੌਣ ਕਕਾਰਾ, ਸੂਰਮਾ ਸਿਰ ਤੋਂ ਬਾਹਰਾ,

ਕੋਈ ਨਾ ਖੜ੍ਹਦਾ ਅੱਗੇ, ਅਹੇ 'ਜ੍ਹੇ ਸ਼ੇਰ ਬੱਗੇ,
ਅੈਣ ਨਾ ਨਜ਼ਰ ਜੱਗ ਤੇ ਜੀ,
ਕਿਤੇ ਜੰਮਣ ਵਿਰਲੀਆਂ ਮਾਂਵਾਂ, ਜਹਾਨ ਵਿੱਚ ।
ਜਿੱਥੇ ਖੜ੍ਹਨ ਸੋਂਹਦੀਆਂ ਥਾਵਾਂ, ਜਹਾਨ ਵਿੱਚ ।
ਬਾਬੇ ਨੇ ਕਰਤੇ ਹਮਲੇ, ਡੇਗ ਤੇ ਉਸਰੇ ਥਮ੍ਹਲੇ,
ਰਣ ਦੇ ਵਿੱਚ ਛੀੜਾਂ ਕਰੀਆਂ, ਸਿਟੀ ਗਿਆ ਵੱਢ-ਵੱਢ ਭਰੀਆਂ ।
ਲਹੂ ਨਾਲ ਲਿਬੜ ਗਿਆ ਸੀ,
ਖੰਡਾ ਜਾਵੇ ਰਬੜ ਵਾਂਗੂੰ ਵਢਦਾ, ਮੰਦਰ ਤੱਕ ।
ਸੀਸ ਕੱਟਿਆ ਗਿਆ ਧੜ ਲੜਦਾ, ਮੰਦਰ ਤੱਕ ।

(੪)

ਰੱਤ ਦੇ ਵਗੇ ਵਾਟਰ ਕੋਰਸ, ਲੜਦਾ ਜਿਉਂ ਰਾਜਾ ਪੋਰਸ,
ਖਾ ਗਿਆ ਖ਼ੌਫ਼ ਸਕੰਦਰ, ਦਿਸਦਾ ਨਾ ਨੇੜੇ ਮੰਦਰ,
ਮਾਲਵੇ ਲੜਾਕੇ ਦੇਸ਼ ਦੇ ਜੀ ਸਾਰੇ ਜੁਆਨ
ਖਾਂਵਦੇ ਖਵ੍ਹੀਆਂ, ਚਿਤਰਿਆਂ ਨੂੰ,

ਥਿਆਗੇ ਹਰਨ ਹਰਨੀਆਂ ਲਵੀਆਂ, ਚਿਤਰਿਆਂ ਨੂੰ ।
ਬੇਰੀਆਂ ਵਾਂਗੂੰ ਝੰਬਣ, ਕਾਬਲੀ ਥਰ-ਥਰ ਕੰਬਣ,
ਨੱਕ ਦੇ ਨਾਲ ਕੱਢਦੇ ਲੀਕਾਂ, ਅੰਮ੍ਰਿਤਸਰ ਸੁਣਦੀਆਂ ਚੀਕਾਂ,
ਫਿਰਦੇ ਪਠਾਣ ਘਾਬਰੇ ਜੀ ।
ਚੱਲੇ ਰਿਵਰ ਲਹੂ ਦੇ ਹੜ੍ਹਦਾ, ਮੰਦਰ ਤੱਕ ।
ਸੀਸ ਕੱਟਿਆ ਗਿਆ ਧੜ ਲੜਦਾ, ਮੰਦਰ ਤੱਕ ।

(੫)

ਖਹਿਕੇ ਜ਼ੋਰ ਲਾ ਲਿਆ ਬਾਂਸਾਂ, ਲਤੜਦੇ ਜਾਂਦੇ ਲਾਸ਼ਾਂ,
ਛੱਪੜ ਬਲੱਡ ਨਾ ਝਲਦੇ, ਜਾਣ ਪਰਛਾਵੇਂ ਢਲਦੇ,
ਥਿਰੀ ਬਟੇ ਫੋਰ ਮਾਰ ਤੇ ਸੀ ।
ਬਾਕੀ ਵੈਰੀ ਘੇਰ ਕੇ ਲਿਆਂਦੇ, ਲਾਹੌਰ ਵੱਲ ।
ਰਾਸ਼ੇ ਪਸ਼ਤੋ ਮਾਰਦੇ ਜਾਂਦੇ, ਲਾਹੌਰ ਵੱਲ ।
ਲਾਜ ਰੱਖੀ ਮਾਂ ਦੇ ਦੁੱਧ ਦੀ, ਪੱਟ ਲੀ ਝੰਡੀ ਜੁੱਧ ਦੀ ।
ਜਾਕੇ ਪਰਕਮਿਆਂ ਕੋਲੇ, ਬਾਬੇ ਨੇ ਛਡਤੇ ਚੋਲੇ,

ਅੰਦਰ ਵਗਾਤਾ ਸੀਸ ਨੂੰ ਜੀ ।

'ਬਾਬੂ' ਰੱਖ ਲਿਆ ਸੱਚੇ ਨੇ ਪੜ੍ਹਦਾ, ਮੰਦਰ ਤੱਕ ।

ਸੀਸ ਕੱਟਿਆ ਗਿਆ ਧੜ ਲੜ੍ਹਦਾ, ਮੰਦਰ ਤੱਕ ।

ਬੈਂਤ-੧੩

ਜੰਗ ਜਿੱਤ ਲਿਆ ਸਿੰਘ ਬਹਾਦਰਾਂ ਨੇ,

ਲਏ ਸਾਂਭ ਅਸਬਾਬ ਸ਼ਤਾਬ ਦੇ ਜੀ ।

ਸੱਭੇ ਉੱਤਰੇ ਆਣਕੇ ਸ਼ਹਿਰ ਲੈਣੇ,

ਤੰਬੂ ਲੱਗ ਗੇ ਪਾਸ ਤਲਾਬ ਦੇ ਜੀ ।

ਪੈਂਦੇ ਜੱਫੀਆਂ ਜੁਆਨ ਇਕ ਦੂਸਰੇ ਨੂੰ,

ਮੁੱਖ ਟਹਿਕਦੇ ਵਾਂਗ ਗੁਲਾਬ ਦੇ ਜੀ ।

ਮਿਲਣ ਕੁੱਲ ਦੁਕਾਨਦਾਰ ਡਾਲੀਆਂ ਲੈ,

ਖ਼ੁਸ਼ੀ ਅੰਦੀ ਨਾ ਬੀਚ ਹਸਾਬ ਦੇ ਜੀ ।

ਦੇਣ ਰਾਤ ਨੂੰ ਬਾਲ ਚਰਾਗ਼ ਘਿਉ ਦੇ,
ਹੋਵੇ ਰੌਸ਼ਨੀ ਵਾਂਗ ਮਤ੍ਹਾਬ ਦੇ ਜੀ ।

ਖ਼ਬਰ ਜੇਤ ਦੀ ਪਹੁੰਚਗੀ ਦੇਸ਼ ਅੰਦਰ,
ਲੋਕ ਖ਼ੁਸ਼ੀ ਮਨੈਣ ਪੰਜਾਬ ਦੇ ਜੀ ।

ਗੁਰ ਧਾਮ ਅਜ਼ਾਦ ਕਰਾ ਲਿਆ ਸੀ,
ਮੁੱਖ ਮੋੜਤੇ ਖ਼ਾਨ ਖ਼ਰਾਬ ਦੇ ਜੀ ।

ਸਾਰੇ ਤਰਫ਼ ਲਾਹੌਰ ਦੀ ਕੂਚ ਕਰਗੇ,
ਜੁਆਨ ਖ਼ਾਨ ਜਹਾਨ ਨਵਾਬ ਦੇ ਜੀ ।

ਕਹਿੰਦੇ ਫੇਰ ਨੀ ਔਣ ਦਾ ਨਾਮ ਲੈਂਦੇ,
ਗਏ ਕੁੱਲ ਪਠਾਣ ਜਵਾਬਦੇ ਜੀ ।

ਗੱਲ ਜਾਦ ਕਰਕੇ ਜਿਹੜੇ ਸੂਰਮਿਆਂ ਦੀ,
ਡਰਦੇ ਹੋਣਗੇ ਵੀਚ ਖੁਆਬ ਦੇ ਜੀ ।

ਮਿਲੀ ਜੰਗ ਮੇਂ ਹਾਰ ਦੁਰਾਨੀਆਂ ਨੂੰ,
ਜਿਤੇ ਸ਼ੇਰ ਦਸਮੇਸ਼ ਜਨਾਬ ਦੇ ਜੀ ।

'ਰਜਬਲੀ' ਕਸੂਰ ਮੁਆਫ਼ ਕਰਨਾ,
ਰਹਿ ਗਿਆ ਫਰਕ ਜੇ ਵਿੱਚ ਕਿਤਾਬ ਦੇ ਜੀ ।

ਕਲੀ ਹੀਰ-੧

ਗੁੱਸੇ ਹੋਕੇ ਰਾਂਝਾ ਤੱਖ਼ਤ ਹਜ਼ਾਰਿਓਂ ਤੁਰ ਪਿਆ ਹੈ,
ਸੁਬ੍ਹਾ ਸਾਦਕ ਹੋਈ, ਨਾ ਹੋਈਆਂ ਰੋਸ਼ਨਾਈਆਂ ।
ਕਾਂਵਾਂ-ਰੌਲੀ ਪਾ ਤੀ ਸੀ, ਉੱਠਕੇ ਭਰਝਾਈਆਂ ਨੇ,
ਮਗਰੇ ਭੱਜੀਆਂ ਆਈਆਂ, ਸੀ ਦਿੰਦੀਆਂ ਦੁਹਾਈਆਂ ।
ਚੰਦ ਪ੍ਰਵਾਰ ਵਾਂਗੂੰ ਘੇਰਾ ਘੱਤ ਲਿਆ ਰੋਕ ਕੇ,
ਹੱਥ ਬੰਨ੍ਹ ਪੈਰੀਂ ਗਿਰਕੇ ਤੇ ਕਹਿਣ ਭਰਝਾਈਆਂ ।
ਕਾਹਤੋਂ ਰੁੱਸ ਗਿਆ ਦਿਉਰਾ, ਲੱਛਿਆ ਪੱਟ ਦੇ ਵਰਗਿਆ ਵੇ,
ਕਿੱਧਰ ਹੁਸਨ ਕੱਟਕ ਨੇ, ਕਰੀਆਂ ਝੜਾਈਆਂ ।
ਮੱਝੀਆਂ ਚੋਣ ਨੂੰ ਘੰਗਰਾਲਾਂ ਸੁਹਣ ਬਲਦਾਂ ਦੇ,

ਦਾਣੇ ਪੈਸੇ ਵਾਫਰ ਤੇ, ਚਲਦੀਆਂ ਵਾਈਆਂ ।
ਅੱਧੀ ਰਾਤ ਸੌਂਦਾ ਸਿੱਖਰ ਦੁਪਹਿਰੇ ਜਾਗਦਾ,
ਤੈਨੂੰ ਵਾਜ ਸੁੱਤੇ ਨੂੰ ਮਾਰੀ ਨਾ ਭਾਈਆਂ ।
ਚਿੱਟੀ ਦੂਹਰ ਉੱਪਰ ਨਾਲ ਸਰ੍ਹਾਣਾ ਲੱਗਿਆ ਵੇ,
ਰੱਤੇ ਪਾਵੇ ਪਲੰਘ ਦੇ ਚੰਨਣ ਦੀਆਂ ਬਾਹੀਆਂ ।
ਪਟੇ ਚੋਪੜ ਅੱਖੀਂ ਲੱਪ-ਲੱਪ ਸੁਰਮਾਂ ਪਾਇਆ ਵੇ,
ਲਟਕ-ਲਟਕ ਮੁੰਡਿਆ ਵੰਝਲੀਆਂ ਵਜਾਈਆਂ ।
ਨਾਲ ਮਖਾਣਿਆਂ ਦੇ ਹੈ ਭਰੀਆਂ ਦੋਵੇਂ ਪਾਕਟਾਂ,
ਹੱਟ ਤੋਂ ਚੋਰੀ ਖਾਂਦਾ ਤੂੰ ਮਿੱਠੀਆਂ ਮਠਿਆਈਆਂ ।
ਸੁਬ੍ਹਾ ਵੇਲੇ ਪੀਂਦਾ ਦੁੱਧ ਵਿੱਚ ਮਿਸ਼ਰੀ ਖੋਰਕੇ,
ਸ਼ਾਮੀਂ ਬਾਗੜ੍ਹ-ਬਿਲਿਆ, ਤੂੰ ਨਿਗਲੇਂ ਮਲਾਈਆਂ ।
ਛੰਨਾਂ ਚੂਰੀ ਦਾ ਤੂੰ, ਰੋਜ਼ ਰਖਦੈਂ ਮਾਂਜਕੇ,
ਗਪਲ-ਗਪਲ ਕੱਚੀਆਂ, ਮੱਖਣੀਆਂ ਨਘਾਈਆਂ ।
ਮੋਟੇ ਡੌਲੇ ਤੇਰੇ, ਪੱਟ ਨਾਂ ਮਿਅੈਂਦੇ ਥੱਬਿਆਂ ਮੇਂ,
ਦੋ-ਦੋ ਉਂਗਲਾਂ ਪੈਂਦੀਆਂ ਵੇ, ਮੈਰਾਂ ਵਿੱਚ ਖਾਈਆਂ ।

ਦੰਦੀਆਂ ਰਿੜਕਦੀਆਂ ਤੂੰ, ਅੱਗੋਂ ਨਾਂਹ-ਨਾਂਹ ਕਰਦਾ ਵੇ,
ਏਸ ਚੰਦਰੀ ਨਾਂਹ ਦੀਆਂ, ਨਾ ਮਿਲਦੀਆਂ ਦਵਾਈਆਂ ।
ਤੇਰੇ ਵੱਸ ਨਾ ਰਾਂਝਿਆ, ਦਾਣਾ-ਪਾਣੀ ਖਿਚਦਾ ਵੇ,
ਤੇ ਤਕਦੀਰ ਚੰਦਰੀ ਨੇ, ਦਿੱਤੀਆਂ ਨਾ ਡਾਹੀਆਂ ।
ਹੱਥੀਂ ਡੋਹਲੀ ਜਾਂਦਾ, ਪਿਆਲੇ ਭਰੇ ਪਰੇਮ ਦੇ,
ਗੱਟ-ਗੱਟ ਕਰਕੇ ਪੀਲਾ ਤੂੰ, ਭਰੀਆਂ ਸੁਰਾਹੀਆਂ ।
ਹੱਥ ਤੂੰ ਪੈਂਦਾ ਫਿਰਦਾ, ਟੀਸੀ ਵਾਲੇ ਬੇਰ ਨੂੰ,
ਮੁਸ਼ਕਲ ਜਾਵਣ ਕੁੜੀਆਂ, ਝੰਗ ਛਿਆਲੇਂ ਵਿਆਹੀਆਂ ।
ਰੁਲਕੇ ਮਰਜੇਂਗਾ ਭਰਝਾਈਆਂ ਮਗਰੋਂ ਰੋਣਗੀਆਂ,
ਅਸੀਂ ਤੇਰੇ ਗੱਭਰੂਆ, ਦਰਸ਼ਨ ਦੀਆਂ ਧਿਹਾਈਆਂ ।
ਡਾਰ ਮੂੰਨਾਂ ਦੀ ਨਾ ਛਡਦੀ, ਹੀਰਿਆ ਹਰਨਾਂ ਵੇ,
ਪਲ ਨਾ ਵਿਛੜੇ ਜੱਦ ਦੀਆਂ ਤੱਖ਼ਤ-ਹਜ਼ਾਰੇ ਆਈਆਂ ।
ਪੂਰਨ ਵਾਂਗੂੰ ਵੜਗਿਆ ਮਹਿਲ ਰਾਣੀ ਸੁੰਦਰਾਂ ਦੇ,
ਕਿਹੜੀ ਜਾਏ-ਖਾਣੀ ਨੇ, ਪੱਟੀਆਂ ਪੜ੍ਹਾਈਆਂ ।
ਸੁਫਨੇ ਵਿੱਚ ਜ਼ੁਲੈਖ਼ਾਂ ਦਿਲ ਦਾ, ਸੌਦਾ ਕਰਗੀ ਸੀ,

'ਬਾਬੂ' ਗੁੱਝੀਆਂ ਸਾਈਆਂ ਯੂਸਫ ਨੂੰ ਫੜਾਈਆਂ ।
ਹੋ ਸੱਚਿਆ ਲੈ ਤਾਰਜੂ, ਮੇਰੀ ਰੂ ਸੰਗਤੇ ਜੀ ਵਸਦੀ ਰਹਿ ਤੂੰ ਜੀ ।

ਕਲੀ ਹੀਰ-੨

ਨਗਰੋਂ ਵੀਹ ਕੋਹ ਆਕੇ ਨ੍ਹੇਰਾ ਹੋ ਗਿਆ ਚਾਕ ਨੂੰ,
ਆਲੀ ਸ਼ਾਨ ਮਸਜਦ ਮੇਂ ਹੁਜਰੇ ਸਬਾਤਾਂ ।
ਰੈਣਕ ਲੱਗੀ ਮੋਮਨ ਵਿਰਦ ਵਜ਼ੀਫ਼ੇ ਕਰਦੇ ਐ,
ਛੋਟੇ ਲੜਕੇ ਪੜ੍ਹਦੇ ਸੀ ਹਜ਼ਰਤ ਦੀਆਂ ਨਾਅਤਾਂ ।
ਪਾਣੀ ਪੀ ਕੇ ਰਾਂਝਾ ਰੱਬ ਦਾ ਸ਼ੁਕਰ ਗੁਜ਼ਾਰ ਦਾ,
ਮੰਗੇ ਟੁਕੜੇ ਆਗੇ ਸੀ ਭਰੀਆਂ ਪਰਾਤਾਂ ।
ਕਿੱਧਰੇ ਵਗਜਾ ਤੇਰੀ ਕਿਸਮਤ ਨਾਲੇ ਜਾਂਦੀ ਐ,
ਓਹੋ ਮਿਲਣ ਜਿਹੜੀਆਂ ਲਿਖੀਆਂ ਹੋਣ ਬਰਾਤਾਂ ।
ਗ਼ਾਫ਼ਲ ਹੋਕੇ ਸੌਂ ਗਿਆ ਛੇੜੀ ਰਾਂਦ ਮਲਾਣੇ ਨੇ,
ਏਥੇ ਆਕੇ ਲੱਥੀਆਂ ਜੀ ਕਿੱਧਰੋਂ ਅਫ਼ਾਤਾਂ ।
ਬਾਂਗ ਮਿਲਗੀ ਤੇ ਤਕਬੀਰ ਸੁਣਲੀ ਸਾਰਿਆਂ ਨੇ,
ਤੇਰੇ ਕੋਲ ਕਮਲਿਆ ਹੋਗੀਆਂ ਜਮਾਤਾਂ ।

ਦੁਆਈਂ ਮੰਗਕੇ ਸਾਰੇ ਮੋਮਨ ਘਰ ਨੂੰ ਮੁੜਗੇ ਐ,
ਟੈਨ-ਸੈਵਨ ਪੜ੍ਹੀਆਂ ਸੀ ਕੁੱਲ ਨੇ ਹਕਾਤਾਂ ।
ਵੰਝਲੀ ਫੜਲੀ ਤੇ ਬਦਨਾਮ ਕਰਤਾ ਜਣਦਿਆਂ ਨੂੰ,
ਨਿੱਜ ਨੂੰ ਜਰਮਣ ਤੇਰੇ ਵਰਗੀਆਂ ਜਨਾਤਾਂ ।
ਕਲਮਾਂ, ਹੱਜ ਤੇ ਰੋਜ਼ੇ ਸਣੇ ਨਮਾਜ਼ ਜ਼ਕਾਤ ਦੇ,
ਰੱਬ ਨੇ ਸੱਦ ਪੰਜ ਦਿੱਤੀਆਂ ਸੀ ਹਜ਼ਰਤ ਨੂੰ ਦਾਤਾਂ ।
ਬਿਨਾਂ ਨਮਾਜ਼ ਤੋਂ ਨਾ ਢੋਈ ਮਿਲੇ ਥਹਿਸ਼ਤਾਂ ਮੇਂ,
ਦੋਜ਼ਕ ਸੜਦਾ ਜਿਹੜਾ ਨਾ ਕੱਢਦਾ ਜਕਾਤਾਂ ।
ਤੜਕੇ ਨੂਰ ਦੇ ਜੋ ਪੜ੍ਹਦਾ, ਨਫ਼ਲ ਤਹੱਜਤ ਦੇ,
ਲੱਖ-ਲੱਖ ਰੱਬ ਦੇ ਦਰ ਤੋਂ, ਜੀ ਉਤਰਨ ਬਰਕਾਤਾਂ ।
ਰੱਬ ਜੇ ਰੁਸ ਜੇ ਕਮਲਿਆ ਮੰਨਦਾ ਮੱਥਾ ਰਗੜਕੇ,
ਨਾਮ ਜਪਦਿਆਂ ਹੋਵਣ ਰਾਤ ਤੋਂ ਪ੍ਰਭਾਤਾਂ ।
ਇੱਕ ਅਲਮਾਰੀ ਦੇ ਵਿੱਚ ਦਫ਼ਤਰ ਪਏ ਹਦੀਸ ਦੇ,
ਇੱਕ ਵਿੱਚ ਚਿੱਣ-ਚਿੱਣ ਰੱਖੀਆਂ ਜੀ ਅਰਬੀ ਲੁਗ਼ਾਤਾਂ ।
ਜਿਲਦ ਬੰਨ੍ਹ ਕੇ ਨੁਸਖ਼ੇ ਧਰੇ ਕਰਾਨ ਸ਼ਰੀਫ਼ ਦੇ,

ਚਾਹੜੇ ਕੱਪੜੇ ਰੇਸ਼ਮ ਦੇ ਸੁੱਚੀਆਂ ਬਨਾਤਾਂ ।
ਤੇਰੇ ਵਰਗੇ ਲੰਡਰ ਕਰਨ ਪਲੀਤ ਮਸੀਤ ਨੂੰ,
ਵੇਖੀਂ ਚੱਕਕੇ ਲੈਜੇਂ ਕਾਗ਼ਜ਼, ਕਲਮ, ਦਵਾਤਾਂ ।
ਆਖੇ ਲੱਗਜਾ, ਬੇੜੀ ਡੁਬਦੀ ਤਰੇ ਸ਼ਗਿਰਦਾਂ ਦੀ,
'ਰਜਬਲੀ ਖ਼ਾਨ' ਦਸਦੇ ਤੂੰ ਸ਼ਰ੍ਹਾ ਦੀਆਂ ਬਾਤਾਂ ।
ਹੋ ਸਚਿਆ ਲੈ ਤਾਰਦੂ
ਮੇਰੀ ਰੂ ਕਚਿਹਰੀ ਏ ਵਸਦੀ ਰਹਿ ਤੂੰ ਜੀ ।

ਕਲੀ ਹੀਰ-੩

ਸੈਦੇ ਖੇੜੇ ਦੇ ਨਾਲ ਹੀਰ ਨਿਕਾਹ ਨਾ ਪੜ੍ਹਦੀ ਐ,
ਵੇਖ ਮਜਲਸ ਸਾਰੀ ਨੂੰ ਚੜ੍ਹਗੇ ਤਰਥੋਲੇ ।
ਆਹ ਗੱਲ ਸੁਣਕੇ ਤੇ ਅੱਗ ਲੱਗਗੀ ਫੱਤੂ ਕਾਜ਼ੀ ਨੂੰ,
ਜਿਹੜਾ ਸੱਪ ਦੇ ਵਾਂਗੂੰ ਸੀ ਬਹਿਕੇ ਵਿੱਸ ਘੋਲੇ ।
ਸ਼ਰ੍ਹਾ ਛੱਡ ਕੇ ਤੇ ਸੱਅਦ ਨੇ ਸਿਰ ਕਟਵਾਲਿਆ ਸੀ,
ਭੁੱਲ ਵਿੱਚ ਮਾਰੇ ਜਾਂਦੇ ਹੈ, ਤੇਰੇ ਜਿਹੇ ਭੋਲੇ ।
ਸ਼ਮਸ਼ ਵਰਗਿਆਂ ਦੀ ਫੜ ਪੁੱਠੀ ਖਲੜੀ ਲਾਹਤੀ ਸੀ,

ਇਹ ਨਾ ਹੁਕਮ ਸ਼ੱਰੀਅਤ ਦੇ ਐਹੋ ਜ੍ਹੇ ਪੋਲੇ ।
ਆਖੇ ਲੱਗ ਜਾ ਕਾਜ਼ੀ ਹੁੰਦੇ ਨੈਬ ਰਸੂਲ ਦੇ,
ਛਾਲ ਮਾਰ ਚੜ੍ਹੁਜਾ ਤੂੰ ਖੇੜਿਆਂ ਦੇ ਡੋਲੇ ।
ਚਿੱਟੀ ਪੱਗੜੀ ਨੂੰ ਨਾ ਦਾਗ਼ ਲਗ ਜੇ ਚੂਚਕ ਦੇ,
ਬਾਲੂ ਰੇਤ ਵਿੱਚੋਂ ਕਿਉਂ ਮੱਛੀਆਂ ਫਰੋਲੇ ?
ਉੱਚਾ ਟੈਰਾ ਨਿਉਂਜੂਗਾ ਵੀਰਨ ਸੁਲਤਾਨ ਦਾ,
ਸੁੱਚੇ ਮੋਤੀ ਕਮਲੀ ਪਈ ਕੋਲਿਆਂ ਨਾਲ ਤੋਲੇ ।
ਛਲ਼ਕੇ ਉੱਲੂ ਤੈਨੂੰ ਵੜਜੂ ਵਿੱਚ ਉਜਾੜਾਂ ਦੇ,
ਬਹਿਕੇ ਰੋਇਆ ਕਰੇਂਗੀ ਬਾਗ਼ਾਂ ਦੀਏ ਕੋਇਲੇ ।
ਤਿੰਨ ਸੌ ਸੱਠ ਸਹੇਲੀ ਲੈਕੇ ਖੇਡਣ ਜਾਂਦੀ ਐਂ,
ਚਾਂਦਲ ਨੈਂ ਤੇ ਪਹੁੰਚਣ ਜਾਂ ਉਡਣ-ਗਟੋਲੇ ।
ਰਲਕੇ ਨਾਲ ਮੁਟਿਆਰਾਂ ਦੇ ਚਾਂਦਲ ਵਿੱਚ ਕੁਦਦਾ ਸੀ,
ਗਲ ਨੂੰ ਜੱਫ਼ੀਆਂ ਪਾਕੇ ਤੇ ਫੜਕੇ ਮਧੋਲੇ ।
ਹੁੱਸਨ ਬਾਨੇ ਵਾਂਗੂੰ ਕਪੜੇ ਕੁੜੀਆਂ ਭਾਲ਼ ਦੀਆਂ,
ਮਾਹੀ ਕਪੜੇ ਰਖਤੇ ਸੀ ਬਿਰਛਾਂ ਦੇ ਓਹਲੇ ।
ਖੂੰਡੀ ਖੋਹਲੀ ਇਹਨੂੰ ਕੱਲ੍ਹ ਨੂੰ ਡਿੱਸ ਮਿੱਸ ਕਰਦਿਓ ਜੀ,

ਲੱਖ ਸਰਵੈਂਟ ਮਿਲਦੇ ਹੈ, ਚਾਰਨ ਨੂੰ ਖੋਲੇ ।
ਸਿਰ ਵਿੱਚ ਮੋਰੇ ਕਰਦਾ ਤੇ ਮੱਝੀਆਂ ਚੁੰਘ ਪਾਟ ਗਿਆ,
ਗੱਟ-ਗੱਟ ਕਰਕੇ ਪੀਜੇ ਬਈ ਦੁੱਧ ਦੇ ਘੜੋਲੇ ।
ਚੂਰੀ ਖਾਕੇ ਮਸਤਕ ਸਿੰਗਰਫ਼ ਵਾਗੂੰ ਦਗਦਾ ਹੈ,
ਹੀਰ ਥੱਲੇ ਲਾਤੇ ਸੀ ਖੰਡ ਦੇ ਭੜੋਲੇ ।
ਸਾਹੇ-ਬੱਧੀ ਕਾਕੀ ਲੁਕ-ਲੁਕ ਗੱਲਾਂ ਕਰਦਾ ਜੀ,
ਛੱਤੀ ਨੈਣ ਵਰਗੇ ਸੀ ਬਣਗੇ ਵਿਚੋਲੇ ।
ਕੋਹੜ-ਕਿਰਲੇ ਉੱਠਕੇ ਜੱਫ਼ੀਆਂ ਪੈਣ ਸ਼ਤੀਰਾਂ ਨੂੰ,
ਉਹਨੂੰ ਕਿਹੜਾ ਦੇਦੂਗਾ ਝੰਗ ਦੇ ਮਮੋਲੇ ।
ਡੱਬਾਂ ਛੱਡੀਆਂ ਕੂੜਾ ਧੂੰਦਾ ਜਾਂਦਾ ਚਾਦਰਾ,
ਚਿੰਬੜ ਜਾਂਦੇ ਇੱਜ਼ਤ ਨੂੰ ਐਹੋ ਜੇ ਗੋਲੇ ।
ਪਟੇ ਚੋਪੜ ਕੇ ਤੇ ਗਲੀਆਂ ਕੱਛਦਾ ਫਿਰਦਾ ਜੀ,
ਹੱਟ ਤੋਂ ਭੱਠ ਤੇ ਖੜ੍ਹਕੇ ਸੀ ਗੌਂਦਾ ਚੰਮੋਲੇ ।
ਇਹਦੀ ਵੰਝਲੀ ਵਿੱਚੋਂ ਨਿਕਲਣ ਛੱਤੀ ਰਾਗਣੀਆਂ,
ਬਹਿਕੇ ਤਰਿੰਜਣਾਂ ਦੇ ਵਿੱਚ ਪਿਆ ਲੈਂਦਾ ਜੱਟ ਢੋਲੇ ।

'ਬਾਬੂ ਰਜਬਲੀ' ਵਾਂਗੂੰ ਨਵੀਆਂ ਤਰਜ਼ਾਂ ਕਢਦਾ ਜੀ,
ਸਾਹੋ ਵਾਲੇ ਮੁੰਡਿਆਂ ਦੇ ਵਾਂਗੂੰ ਛੰਦ ਬੋਲੇ ।
ਹੱਥ ਤਾਂ ਬਨ੍ਹਦਾ ਤੇ ਦਾਸ ਅਰਜ਼ਾਂ ਕਰਦਾ ਤੇਰੀਆਂ,
ਹੋ ਸਤਿਆ ਲੈ ਤਾਰ ਜੂ ।

ਕਲੀ ਹੀਰ-੪

ਹੀਰ ਰੋਂਦੀ ਬਾਪ ਅਕਦ ਪੜ੍ਹੌਂਦਾ ਸੈਦੇ ਸੇ,
ਸਿਆਲ ਸਿਆਣੇ ਬਣਕੇ ਸੀ ਉੱਕਗੇ ਨਿਸ਼ਾਨੇਂ ।
ਪੁੱਤ ਸਰਦਾਰਾਂ ਦਾ ਆ ਮਾਹੀ ਲਗ ਗਿਆ ਚੂਚਕ ਦਾ,
ਐਸ ਅੰਨ-ਜਲ ਪਾਪੀ ਨੇ ਪੱਟਤੇ ਜਹਾਨੇਂ ।
ਬਾਰਾਂ ਸਾਲ ਰਾਂਝੇ ਨਾਗ ਲਿਤਾੜੇ ਬੇਲਿਆਂ ਦੇ,
ਪੇਮਿੰਟ ਕਰਨ ਵੇਲੇ ਤਾਂ ਹੱਕ ਨਾਹ ਪਛਾਨੇਂ ।
ਹੰਸ ਕੋਲੋਂ ਖੋਹਕੇ ਕੂੰਜ ਫੜੌਂਦੈ ਕਾਗ ਨੂੰ,
ਕੈਦੋ ਲੰਗੜੇ ਵਰਗੇ ਸੀ ਰਲ਼ਗੇ ਸ਼ਤਾਨੇਂ ।
ਜ਼ੋਰ ਧਗਾਣੇ ਧੀ ਨੂੰ ਡੋਲੀ ਪੌਂਦੇ ਖੇੜਿਆਂ ਦੀ,
ਕੋਈ ਜੱਸਟਿੱਸ ਕਰਦੇ ਨਾ ਝੰਗ ਦੇ ਸੁਲਤਾਨੇਂ ।

ਇੱਕ ਅੱਖ ਵਾਲੇ ਦੇ ਨਾ ਸਿਰ ਤੇ ਛਿੱਤਰ ਝਾੜਦੀ,
ਭਾਵੇਂ ਬਾਬਲ ਫੜਕੇ ਤੇ ਮਾਰ ਦੇਵੇ ਜਾਨੇਂ ।
ਕੈਲ-ਕਰਾਰ ਕਰਕੇ ਛੇੜੂ ਲਾ ਲਿਆ ਮੱਝੀਆਂ ਦਾ,
ਹਾਂ ਕਰ, ਨਾਹ ਨਾ ਕਰਨੀ, ਆਪ ਦੀ ਜ਼ਬਾਨੇਂ ।
ਜੇ ਮੈਂ ਝੂਠੀ ਪੈਗੀ ਕਰੇ ਰਸੂਲ ਸਿਫ਼ਾਰਸ਼ ਨਾ,
ਸੱਚੇ ਰੱਬ ਦੇ ਕੋਲੇ ਜੇ ਉੱਖੜਾਂ ਬਿਆਨੇਂ ।
ਬਾਂਕਾ ਗੱਭਰੂ ਜੈਸੇ ਰਾਮ ਰਾਜੇ ਦਸਰੱਥ ਦਾ,
ਸੀਤਾ ਵਿਆਹਲੀ ਚਿੱਲਾ ਚਾੜ੍ਹਕੇ ਕਮਾਨੇਂ ।
ਤਾਜ ਸੁਨਹਿਰੀ ਵਾਂਗੂੰ ਪੱਟਕਾ ਸਜਦਾ ਸੀਸ ਤੇ,
ਮੈਨੂੰ ਸੋਹਣਾ ਲਗਦਾ ਹੈ ਮੱਥਰਾ ਦੇ ਕਾਹਨੇਂ ।
ਨੈਣ ਹਸਦੇ ਤੇ ਰੁਖ਼ਸਾਰ ਗੁਲਾਬ ਵਰਗੇ ਐ,
ਚਿਹਰਾ ਲਿਸ਼ਕਾਂ ਮਾਰੇ ਜਿਉਂ' ਯੂਸਫ਼ ਕਨਿਆਨੇਂ ।
ਗੋਰਾ ਰੰਗ ਤੇ ਚਾਲ ਰਲਦੀ ਸ਼ਾਹ ਬਹਿਰਾਮ ਸੇ,
ਜੀਹਨੂੰ ਦੈਂਤ ਲੈ ਗਿਆ ਸੀ ਚੱਕਕੇ ਇਰਾਨੇਂ ।
ਏਥੇ ਓਥੇ ਵੇ ਮੈਂ ਦੋਹੀਂ ਜਹਾਨੀਂ ਚਾਕ ਦੀ,

ਵਿਆਹਲੋ ਕਾਜ਼ੀ ਦੀ ਧੀ ਵੇ ਨਵਿਓਂ ਮਹਿਮਾਨੇਂ ।
ਜਿੱਥੇ ਚਲਦਾ ਰਾਂਝਾ ਧਰਤੀ ਬਣ-ਬਣ ਉੱਠਦੀ ਐ,
ਮੈਨੂੰ ਸੁਹਣਾ ਲਗਦਾ ਜੀ ਜੰਨਤੀ-ਗਿਲਮਾਨੇਂ ।
ਜ਼ਾਲਮ ਸਿਆਲ ਵੇ ਨਾ ਦੇਣ ਅਜ਼ਾਦੀ ਕੁੜੀਆਂ ਨੂੰ,
ਝੰਗ ਵਿੱਚ ਜੰਮਕੇ ਲੈਣਾ ਕੀ ਕੁੜੀਓ ਰਕਾਨੇਂ ।
ਤੱਤੀਆਂ ਤਵੀਆਂ ਤੇ ਬਹੇਂਦੇ ਅਰਜਣ ਦੇਵ ਨੂੰ,
ਮਾੜੀ ਕਰਤੀ ਜਾਹਾਂਗੀਰ ਦੇ ਦੀਵਾਨੇਂ ।
ਬਾਜ਼ ਆਜੋ ਬੀਬਾ ਹਟਜੋ ਜ਼ੁਲਮ ਕਮੈਣ ਤੋਂ,
ਪੱਥਰ ਕਹਿਰ ਵਾਲੇ ਜੀ ਗਿਰਨੇ ਅਸਮਾਨੇਂ ।
ਧੀ ਦੀ ਮਰਜ਼ੀ ਪੁੱਛਕੇ ਅਕਦ ਪੜ੍ਹੌਣਾ ਚਾਹੀਦਾ,
ਮਸਲਾ ਬੇਸ਼ਕ ਪੜ੍ਹਕੇ ਦੇਖਲੋ ਕੁਰਾਨੇਂ ।
ਹੁਕਮ-ਅਦੂਲਾਂ ਨੂੰ ਨਾ ਢੋਈ ਮਿਲੇ ਬਹਿਸ਼ਤਾਂ ਮੇਂ,
ਆਦਮ ਵਾਂਗੂੰ ਗ਼ਲਤੀ ਕਿਉਂ ਕਰਦੇ ਨਾਦਾਨੇਂ ।
ਦੋਜ਼ਕ ਸੜਨਾਂ ਪੈਜੂ ਕਪੜੇ ਪਾਕੇ ਗੰਦਰਕ ਦੇ,
'ਬਾਬੂ' ਮੁਨਕਰ ਹੋਗੇ ਜੇ ਰੱਬ ਦੇ ਫ਼ਰਮਾਨੇਂ ।

ਹੱਥ ਤਾਂ ਬਨ੍ਹਦੀ ਤੇ ਮੈਂ ਅਰਜ਼ਾਂ ਕਰਦੀ ਤੇਰੀਆਂ,
ਮੇਰੀ ਕਚਹਿਰੀ ਏ ਵਸਦੀ ਰਹਿ ਤੂੰ ਜੀ ।

ਕਲੀ ਹੀਰ ਰਾਂਝਾ-੫

ਟਿੱਲੇ ਆ ਗਿਆ ਰਾਂਝਾ ਤਖ਼ਤ-ਹਜ਼ਾਰੇ ਵਾਲਾ ਜੀ,
ਧੂਮੀ ਚਾਦਰ ਬੰਨ੍ਹਲੀ ਸੀ ਹੱਥ ਮੇਂ ਡੰਗੋਰੀ ।
ਕਰ ਪ੍ਰਨਾਮ ਕਦਮੀਂ ਲੱਗ ਗਿਆ ਗੋਰਖ ਨਾਥ ਦੇ,
ਪੋਲਾ ਮੂੰਹ ਜਿਹਾ ਕਰਕੇ ਹਾਲ-ਹਕੀਕਤ ਤੋਰੀ ।
ਅੱਖੀਂ ਸੁਰਮਾਂ ਨਿੱਕਿਆ ਚਿੱਥ-ਚਿੱਥ ਗੱਲਾਂ ਕਰਦਾ ਹੈਂ,
ਸੱਚਿਆਂ ਸੰਤਾਂ ਕਰਤੀ ਸੀ ਮੂੰਹ ਤੇ ਗੱਲ ਕੋਰੀ ।
ਅੱਡੀਉਂ ਚੋਟੀ ਤਾਈਂ ਮਾਰੀ ਨਜ਼ਰ ਸ਼ੁਕੀਨ ਨੂੰ,
'ਏ ਤੋਂ ਜ਼ੈਡ' ਤੀਕਰ ਸੀ ਸੁਣਲੀ ਸਟੋਰੀ ।
ਚੂਰੀ ਖਾਂਦਾ ਆ ਗਿਆ ਘਰ 'ਚੋਂ ਝਗੜ ਭਰਾਵਾਂ ਸੇ,
ਬੇਲੀਂ ਮੰਗੂ ਛੱਡ ਲਿਆ ਤੇ ਕਿਲਿੱਆ ਤੇ ਧੋਰੀ ।
ਸਾਧ ਬਣਨਾਂ ਪੈਂਦਾ ਬੱਚਿਆ ਦੇਹੀ ਸਾਧਕੇ,
ਭੁੰਜੇ ਲਿਟਣਾਂ ਪੈਂਦਾ ਜੀ ਸਿੱਟ੍ਹਕੇ ਹੇਠ ਖੋਰੀ ।

ਹੱਥ ਵਿੱਚ ਬਗਲੀ ਫੜਕੇ ਚੜ੍ਹੂਜੀਂ ਨਗਰੀ ਚੇਤਣ ਨੂੰ,
ਮੈਲੀ ਅੱਖ ਨਾ ਝਾਕਣੀ ਤੇ ਕਰਨੀ ਨਾ ਚੋਰੀ ।
ਡੇਰਿਓ' ਉੱਠਕੇ ਵੇਖੀਂ ਟੈਰ ਭਜਾਲੇਂ ਰਾਤ ਨੂੰ,
ਨ੍ਹੇਰੇ ਵਾੜੇ ਵੜ ਕੇ ਨਾ ਚੱਕਲੀਂ ਪਠੋਰੀ ।
ਸੰਧੂ ਚਹਿਲ ਏਥੇ ਵੇਦ-ਵੇਦਾਂਤ ਪੜ੍ਹਦੇ ਐ,
ਪੁੱਤਰ ਭੁੱਲਰ ਬਰਾੜਾਂ ਦੇ ਇੱਕ ਨਾ ਵਿੱਚ ਥੋਰੀ ।
ਝੰਗ ਸਿਆਲੋਂ ਆਗਿਆ ਮਿੱਠੀਆਂ ਚੂਪ ਗਨੇਰੀਆਂ,
ਏਥੇ ਚੂਸਣ ਲੱਗਜੀਂ ਨਾ ਥੋਹਰ ਦੀ ਪੋਰੀ ।
ਟਿੱਲੇ ਗੋਰਖ ਦੇ ਵਿਚ ਰੋਜ਼ ਧਤੂਰਾ ਘੋਟੀ ਦਾ,
ਗੱਟ ਗੱਟ ਕਰਕੇ ਪੀਜਾ ਜ਼ਹਿਰ ਦੀ ਕਟੋਰੀ ।
ਮੁੰਦਰਾਂ ਪਾਦੂੰਗਾ ਜੇ ਚੇਲਾ ਬਣਨਾਂ ਨਾਥ ਦਾ,
ਰੇਜ਼ਰ ਫੜਕੇ ਕਰਦੂੰਗਾ ਕੰਨ ਦੇ ਵਿੱਚ ਮੋਰੀ ।
ਸਰਕਸ਼ ਨਫ਼ਸ ਨੂੰ ਕੜਿਆਲਾ ਦੇਲਾ ਜੱਤ ਦਾ ਤੂੰ,
ਸੁਆਹ ਦਾ ਵਟਣਾ ਮਲ਼ਕੇ ਤੇ ਬਣਜਾ ਪੁੱਤ ਘੋਰੀ ।
ਸਾਰੀ ਰਾਤ ਪੈਜੂ ਘੁਲਣਾਂ ਨਾਲ ਚੁੜੇਲਾਂ ਦੇ,

ਮੈਂ ਨਾ ਖੇਲਣ ਦੇਣੀ ਜੀ ਕੁੜੀਆਂ ਨਾਲ਼ ਹੋਰੀ ।
ਨੀਵੀਂ ਪਾ ਕੇ ਬਚੜਿਆ ਲੰਘਜੀਂ ਵਿੱਚ ਦੀ ਤਿੰਜਣਾਂ ਦੇ,
ਤੈਨੂੰ ਇੱਕੋ ਜੇਹੀਆਂ ਕੀ ਗਾਲੀ ਕੀ ਗੋਰੀ ?
ਮੱਦ ਦੀ ਤੂੰਬੀ ਲਿਆਦੇ ਪਹੁੰਚ 'ਕਲਾਲੀ ਨਹਿਣਾਂ' ਤੋਂ,
ਉਹਦੇ ਵਰਗੀ ਜੱਗ ਤੇ ਨਾ ਬਿਐਂਟੀ-ਫ਼ੁੱਲ ਛੋਹਰੀ ।
ਛੱਪੜੇਂ ਵਾਟਰ ਪੀਕੇ ਰੱਬ ਦਾ ਸ਼ੁਕਰ ਗੁਜ਼ਾਰਨਾਂ,
ਬੇਹੀ-ਤੇਹੀ ਰੋਟੀ ਲੈ ਬੁੱਲ੍ਹੀਆਂ ਵਿੱਚ ਭੋਰੀ ।
ਦੌਲਤ ਤਿਆਗ ਤੇਰੇ ਮਗਰ ਮਨਿਸਟਰ ਦੌੜਨਗੇ,
ਠੇਡਾ ਮਾਰ ਰੋਹੜੀ ਜਾ ਛਿੱਲੜਾਂ ਦੀ ਬੋਰੀ ।
ਸ਼ਾਹ-ਰਗ ਨਾਲੋਂ ਨੇੜੇ ਜੇ ਵਸਦਾ ਪਰਮਾਤਮਾਂ,
ਕਰਲਾ ਜਾਪ ਰਖਲਾ ਤੂੰ ਪਰਭੂ ਤੇ ਡੋਰੀ ।
ਹੱਥ ਤੇ ਜਿੰਦੜੀ ਧਰਕੇ ਜਾਣਾ ਘਰੇ ਮਹਿਬੂਬ ਦੇ,
'ਬਾਬੂ' ਮੁਸ਼ਕਲ ਮਿਲਦੀ ਜੀ ਸੁਰਗਾਂ ਦੀ ਲੋਰੀ ।
ਓ ਸੱਚਿਆ ਲੈ ਤਾਰ ਜੂ ਮੇਰੀ ਰੂ ਕਚਹਿਰੀ ਏ ਜੀ,
ਵਸਦੀ ਰਹਿ ਤੂੰ ਜੀ ।

ਕਲੀ ਹੀਰ ਰਾਂਝਾ-੬

ਮੱਦ ਦੀ ਤੂੰਬੀ ਕਾਰਨ ਘੱਲਤਾ ਗੋਰਖ ਨਾਥ ਨੇ,
ਮੰਨਣਾਂ ਪੈ ਗਿਆ ਰਾਂਝੇ ਨੂੰ ਗੁਰੂਆਂ ਦਾ ਕੈਹਣਾ ।
ਨਾਗ ਸ਼ੂਕਣ ਰਾਹ ਵਿੱਚ ਨਾਹਰ ਖਿੱਲੀਆਂ ਪੈਂਦੇ ਐ,
ਲੱਖ-ਲੱਖ ਦੁਖੜਾ ਸਿਰ ਤੇ ਪਿਆ ਜੰਗਲਾਂ ਦਾ ਸੈਹਣਾ ।
ਮੰਜ਼ਲੋ-ਮੰਜ਼ਲੀ ਉਸ ਥਾਂ ਪਹੁੰਚਿਆ ਟੱਕਰਾਂ ਮਾਰਕੇ,
ਪੰਜ ਛੀ ਵਾਰੀ ਪੈ ਗਿਆ ਸੀ ਪਰਬਤ ਤੋਂ ਢੈਣਾ ।
"ਮੱਦ ਦੀ ਤੂੰਬੀ ਦੇਦੇ ਮੁੰਦਰਾਂ ਵਾਲੇ ਬਾਵੇ ਨੂੰ,
ਤੇਰੇ ਦਰ ਤੇ ਖੱੜ੍ਹਕੇ ਅੱਲਖ ਜਗਾਤੀ 'ਨੈਹਣਾ' ।"
ਯੂਸਫ਼ ਵਾਂਗੂੰ ਦੂਰੋਂ ਹੁਸਨ ਲਾਟਾਂ ਮਾਰਦਾ,
ਨੈਹਣਾਂ ਮਾਤ ਕਰਗੀ ਸੀ ਚੰਦ ਦੀਆਂ ਚਨੈਣਾ ।
ਉਹਦੇ ਵਰਗੀ ਜਿਹੜੀ ਚੱਕਕੇ ਲਿਆਂਦੀ ਦਹਿਸਰ ਨੇ,
ਪੜ੍ਹਕੇ ਬਾਲ ਮੀਕੀ ਵੇਖਲੋ ਰਮੈਣਾਂ ।
'ਹੱਲਿਆ ਹੋਣੀ ਚੰਦ ਨੇ ਦੱਸ ਸੀ ਪਾਤੀ ਇੰਦਰ ਨੂੰ,
ਨਾਰੀ ਇਹਦੇ ਵਰਗੀ ਤਰਲੋਕੀ ਤੇ ਹੈ ਨਾ ।

ਸਬਜ਼-ਸ਼ਹਿਰੋਂ ਜਾਕੇ ਲਭਲੀ ਸ਼ਾਹ ਬਰਿਆਮ ਨੇ,
ਇਹ ਤੇ ਹੁਸਨ ਬਾਨੇਂ ਜਾਈਂ ਸਕੀਆਂ ਭੈਣਾਂ ।
ਰੰਗਲੀ ਸੇਜ ਉੱਤੇ ਛਿੜਕਿਆ ਅਤਰ ਸ਼ਕੀਨਣ ਨੇ,
ਨਾਜ਼ੁਕ ਫੁੱਲ ਦੀਆਂ ਪੱਤੀਆਂ, ਸਿੱਟ੍ਹਕੇ ਤੇ ਨਿੱਤ ਪੈਣਾ ।
ਅੰਗੀ ਮਖ਼ਮਲ ਦੀ ਤੇ ਗੋਟਾ ਲਿਸ਼ਕਾਂ ਮਾਰਦਾ,
ਅੱਖਾਂ ਝਮਕ ਝਾਕਦੀ ਰਾਅ-ਤੋਤੇ ਵੱਲ ਮੈਨਾ ।
ਰੀਝਾਂ ਲਾ-ਲਾ ਕੇ ਪੱਟੀਆਂ ਗੁੰਦੀਆਂ ਨੈਣਾਂ,
ਛਣ-ਛਣ ਝਾਂਜਰ ਛਣਕੇ ਜਿਵੇਂ ਛਣਕਦਾ ਛੈਣਾ ।
ਖੱਟੇ ਫੁੱਮਣ ਕਾਲੇ ਪੱਟ ਦੀ ਡੋਰੀ ਪੁੱਟਦੀ ਐ,
ਸੋਹਣੀ ਲਗਦੀ ਜਿਵੇਂ ਕਪੂਰ ਥਲੇ ਦੀਆਂ ਰੈਣਾਂ ।
ਛਾਤੀ ਉੱਭੱਰਮੀਂ ਤੇ ਲੜੀਆਂ ਲਟਕਣ ਹਾਰ ਦੀਆਂ,
ਹੀਰੇ ਜੜਕੇ ਪਾਲਿਆ ਸੀ ਸਿਉਨੇ ਦਾ ਗੈਹਣਾਂ ।
ਬਾਂਹੀਂ ਚੂੜਾ ਉਂਗਲਾਂ ਭਰੀਆਂ ਛੱਲਿਆਂ ਛਾਪਾਂ ਸੇ,
ਮੱਥੇ ਉਤੇ ਸਜਦਾ ਅੰਮ੍ਰਿਤਸਰ ਦਾ ਬੈਣਾਂ ।
ਕੰਨੀਂ ਕਾਂਟੇ ਨੱਕ ਤੇ ਵੇਸਰ ਬਣ-ਬਣ ਉਠਦੀ ਐ,

ਹੋਠਾਂ ਨਾਲ ਵਜ-ਵਜਕੇ ਮਛਲੀ ਨੇ ਖੈਹਣਾਂ ।
ਜਦੋਂ ਹਸਦੀ ਸੁਹਣੇਂ ਮੁੱਖ ਚੋਂ ਫੁੱਲ ਜੇ ਕਿਰਦੇ ਐ,
ਚਿਟੀਆਂ-ਚਿੱਟੀਆਂ ਸਿੱਧੀਆਂ ਚਿਟਿਆਂ ਦੰਦਾਂ ਦੀਆਂ ਲੈਣਾਂ ।
ਗਰਦਣ ਮੋਰ ਦੀ ਪਰ ਚਲਦੀ ਵਾਂਗ ਚਕੋਰ ਦੇ,
ਡੰਗ ਚਲਾਵਣ ਜ਼ੁਲਫ਼ਾਂ ਜੀ ਨਾਗਣੀਆਂ ਡੈਣਾਂ ।
ਮਿੱਠਾ ਬੋਲ ਕਰਦਾ ਬੁਲਬੁਲ ਨਾਲ ਮੁਕਾਬਲਾ,
ਟੇਢੇ ਧਨਸ਼ ਵਰਗੀ ਸੀ ਸਿਹਲੀ ਮਹੈਣਾਂ ।
ਗੋਲ ਰਾਣ ਜੈਸੇ ਗੋਲ ਸ਼ਤੀਰੀ ਚੰਨਣ ਦੀ,
ਹੂਰਾਂ ਦੇਖ ਹੋਈਆਂ ਨੈਹਣਾਂ ਨੂੰ ਸੁਦੈਣਾਂ ।
ਮੱਦ ਦੀ ਬੋਤਲ ਨੈਹਣਾ ਭਰਕੇ ਰਖਤੀ ਮੇਜ਼ ਤੇ,
'ਬਾਬੂ' ਦਾਰੂ ਪੀਲਾ ਬਹਿ ਫ਼ੈਜੀ ਲਫਟੈਣਾਂ ।
ਹੱਥ ਤਾਂ ਬੰਨ੍ਹਦੀ ਤੇ ਮੈਂ ਅਰਜ਼ਾਂ ਕਰਦੀ ਤੇਰੀਆਂ,
ਮਨਲਾ ਅਰਜ਼ ਮੇਰੀ ਵੇ, ਦਿਲਾਂ ਦਿਆ ਜਾਨੀਆਂ ।